# ਜਿਊਣਾ

## ਦਲਜੀਤ ਮੋਖਾ: ਕਾਵਿ ਤੇ ਸ਼ਖ਼ਸੀਅਤ

*Jioonaa*

Daljit Mokha: Kaav Te Shakhseeat

*(Edited By: Kavita Mokha & Harleen Mokha)*
*(kavita.mokha@gmail.com, harleenmokha@gmail.com)*

*(Co-Editor: Ravinder Sahra & Surinder Sohal)*
*(ravisahra@gmail.com, surindersohal@hotmail.com)*

ਸਰਵਰਕ : ਮਹਿੰਗਾ ਸਿੰਘ (+91-99883-34213)
ਮੁੱਲ : 300
$5

ਸੰਸਕਰਣ : ਜੂਨ 2017
*Published by : Hun Parkashan*
*102, 2nd floor, Mona Paradise,*
*Shivalik City, Sector 127,*
*Greater Mohali-140301*
*Distt. SAS Nagar, Pb. (India)*
*sanjhahun@gmail.com*
*Mobile : 98887-99870*

*: 15 Remsen Ave, Valley Stream*
*NY 11580 (USA)*
*Mobile : 001-646-220-2586*

*Printed at : Chak Sataran Parkashan*
*Rajpura, Patiala (Punjab)*

*All rights are reserved. No Part of this publication may be reproduced, stored in a retrieval system or transmitted, in any from or by any means, mechanical, photocopying, recording or otherwise, without prior written permission of the editors and the publisher.*

# ਜਿਊਣਾ

## ਦਲਜੀਤ ਮੋਖਾ: ਕਾਵਿ ਤੇ ਸ਼ਖ਼ਸੀਅਤ

ਸੰਪਾਦਕ
• ਕਵਿਤਾ ਮੋਖਾ • ਹਰਲੀਨ ਮੋਖਾ

ਸਹਿ-ਸੰਪਾਦਕ
• ਰਵਿੰਦਰ ਸਹਿਰਾਅ • ਸੁਰਿੰਦਰ ਸੋਹਲ



ਕਾਵਿਕ ਸਫ਼ਰ : 15 ਜੁਲਾਈ 1947–27 ਦਸੰਬਰ 2016

## ਸਮਰਪਣ

ਹਾਸਿਆਂ 'ਚ
ਜ਼ਿੰਦਗੀ ਨਿਕਲ ਰਹੀ ਸੀ
ਦਲਜੀਤ
ਹਾਸੇ ਤਾਂ ਹੋਣਗੇ
ਪਰ ਹਾਸਿਆਂ 'ਚ
ਹਾਸਾ ਨਹੀਂ ਹੋਏਗਾ...

**ਰਾਜਵੰਤ ਮੋਖਾ**

ਅੱਜ ਦੀ ਰਾਤ ਚੁਣੀ ਗਈ ਸੀ
ਰਾਤ ਭਰ ਮੈਂ ਜਸ਼ਨ ਮਨਾਇਆ
ਤੁੰਦ ਦੋਮੂੰਹੀਂ ਮੱਥਾ ਡੰਗਿਆ
ਅਰਥੀ 'ਚ ਖ਼ੁਦ ਸ਼ਾਮਿਲ ਹੋਇਆ
ਆਪਣਾ ਮਰਨਾ ਖ਼ੁਦ ਤੱਕਿਆ ਸੀ
ਰੋਜ਼ ਮਰਨ ਤੋਂ ਬਾਹਲਾ ਬਿਹਤਰ
ਸੀ ਮਨ ਬੇਕਾਬੂ, ਬਾਗ਼ੀ, ਤਤਪਰ
ਇਹ ਨਾ ਕੋਈ ਅਚਰਜ ਬਾਣੀ
ਨਾ ਮੈਂ ਪਹਿਲੀ ਵਾਰੀ ਮਰਿਆ

**ਦਲਜੀਤ ਮੋਖਾ**

# ਤਤਕਰਾ


PREFACE/ Kavita Mokha/9

ਖ਼ਾਲੀ /15
ਮੈਨੂੰ ਨਹੀਂ ਪਤਾ/17
ਜੜ੍ਹਾਂ/19
ਹਾਸ਼ੀਆ/22
ਚੇਤਨਾ/24
ਮੋਢੇ/26
ਹਾਰ/28
ਸੰਗ/30
ਮਦਾਰੀ/31
ਉਹ/33
ਪਿੰਜਰਾ/34
ਸ਼ਨਾਖ਼ਤ/37
ਨੰਦੂ/40
ਬੇਬੇ/43
ਡਾਇਲਾਗ/45
ਜਸ਼ਨ/46
ਗੱਲਾਂ/48
ਇਨਾਮ/49
ਰੁਖ਼ਸਤੀ/52
ਅੱਗ/53
ਫ਼ਰਕ/56
ਗਜਾਧਾਰੀ/58
ਜਿਊਣਾ/60
ਤੁਰਦਿਆਂ/63
ਬੀਵੀ/66
ਪਰਵਾਜ਼/68
ਰਾਵਣ/71
ਨਥਿੰਗ/73
ਜੁਗਨੂੰ/75
ਦੂਰੀ/78
ਬੱਚੇ/81
ਪੁਲ/84
ਦੌੜਾਕ/87
ਆਵਾਜ਼ਾਂ/89
ਖੜਾਵਾਂ/91
ਅਤ੍ਰਿਪਤੀ/93
ਸਹਿਮ/94
ਝੱਖੜ/96
ਹੋਣਾ/99
ਘੁੰਢੀਆਂ/101
ਸ਼ਬਦ/104
ਹਲ਼-ਵਾਹਕ/106
ਜਾਣੀ-ਜਾਣ/108
ਫੋਨ, ਕਿਤਾਬ, ਰਬਾਬ/111
ਕੁੜੀਆਂ/113
ਬੰਸਰੀ/115
ਖ਼ੁਸ਼-ਆਮਦ/118
ਰੁੱ ਖ/120
ਖ਼ਵਾਬ/121
ਸੈਂਟਾ/122
ਦੰਭ/125
ਸੁਰਖ਼ੀਆਂ : ਪੰਜਾਬ/129
ਨੂਰ/131
ਘੜਾ/133
ਚਾਕੂ/134
ਲਾਠੀ/135

ਮੈਂ.../138
ਬੇਜ਼ੁਬਾਨ/139
ਖ਼ਿਆਲ/140
ਪੰਜਾਬ-1984/141
ਸ਼ੇਰ/143
ਦੌੜ/146
ਮੰਝਧਾਰ/147
ਫ਼ਾਸਲਾ/148
ਗੁਫ਼ਤਗੂ/149

## ਸਮੁੰਦਰੀ ਹਵਾ

ਦਾਵਾਨਲ ਦੇ ਰੰਗ/155
ਜਾਗਦੇ ਆਪੇ ਦੀ ਸ਼ਾਇਰੀ/157
ਮੱਕਾ/159
ਅੱਜ: ਇਕ ਆਕਾਰ/160
ਹੁਲਾਰਾ/162
ਸਮੁੰਦਰ ਨੂੰ ਵਾਪਸੀ/164
ਉੱਤਰਿਆ ਹੋਇਆ ਦਰਿਆ/166
ਹਵਾ ਤੇ ਪੋਸਟਰ/168
ਮੈਂ ਤਾਂ ਸੋਚਿਆ ਸੀ/170
ਹੁਣ ਜਾਂ ਕਦੇ ਨਹੀਂ/172
ਤੂੰ ਅਛੋਹ ਨਾ ਜਾਵੀਂ/174
ਆਖ਼ਰੀ ਪੈਗ਼ਾਮ/176
ਸਵੈ-ਕਥਨ/178
ਮਰੀਚ ਸ਼ਤਰੰਜ/180
ਇੰਤਜ਼ਾਰ/182
ਬਨਵਾਸ ਤੋਂ ਬਨਵਾਸ ਤਕ/184
ਗ਼ੈਰ-ਹਾਜ਼ਰ ਹਰਫ਼/186
ਰਾਤ ਕਾਫ਼ੀ ਹੈ/188
ਚੰਦਰਗੀਤ/189
ਪਾਕ ਮਿੱਟੀ/191
ਵਿਦਾਇਗੀ ਤੋਂ ਬਾਅਦ/193
ਸਾਗਰ ਦਾ ਹਉਕਾ/195
ਸਮੁੰਦਰੀ ਹਵਾ/197
ਔਰਤ/199
ਬੇਪੌਣਾ ਪੁਲਾੜ/201
ਕਿਸ਼ਤੀਆਂ ਦੀ ਉਡੀਕ/203
ਤੇਰੇ ਨਕਸ਼ਾਂ ਦੀ ਚਿਤਰ-ਕਸ਼ੀ/205
ਸੂਰਜ-ਗੀਤ/207
ਜਲ-ਪਰਵਾਹ/208
ਜਦੋਂ ਨਦੀ ਸੁੱਕਦੀ ਹੈ/211
ਆਵਾਰਾ ਪਾਣੀ/214
ਜਲਾਵਤਨ/216
ਪੰਜਾਬ-ਤੂੰ ਫਿਰ ਜਲਾਵਤਨ/218
ਕਰਫ਼ਿਊ/221
ਬੱਚੇ: ਖ਼ੂਨ: ਰੰਗ/224
ਠਰੀ ਹੋਈ ਨਜ਼ਮ/227

## ਕਾਵਿ-ਸ਼ਰਧਾਂਜਲੀ ਅਤੇ ਹੋਰ ਲੇਖ

ਰਵਿੰਦਰ ਸਹਿਰਾਅ/237
ਉਂਕਾਰਪ੍ਰੀਤ/245
ਸਵਰਾਜਬੀਰ/247
ਸੁਰਿੰਦਰ ਸੋਹਲ/249
ਪ੍ਰੇਮ ਮਾਨ/258
ਮੋਹਨਜੀਤ/267
ਅੰਬਰੀਸ਼/272
ਨਵਤੇਜ ਭਾਰਤੀ/275

# PREFACE

From the age of 7 until about 11, the sound of my dad's Enfield Bullet motorcycle fired up and blazing ever closer was the symphony my ears most craved.

It meant he was coming home from work – riding through those rugged highways and bypasses of Doaba, making his way from Panjab and Sind Bank's Zahura branch to our home in Jalandhar, rocking his aviator sunglasses.

It meant we would again sit together, all four of us, on a c*hatai* on the floor in our kitchen and share a meal as we'd done for years — usually some combination of *dal, roti* and *sabzi*.

What followed this ritual was something that is still etched in my memory like nothing else since. Dad and I would go for post-dinner walks along a dirt path from our home — on the left of which there was a sugarcane farm, and on the right, Indian army barracks protected by a barbed wire fence that never failed to evoke a foreboding sense of mystery in my miniature imagination.

Our conversations invariably traced the political headlines of the time, which during those years were dominated by the Khalistan movement. He tried to help me make sense of what I saw, read and noticed. He didn't treat me as one would a child incapable of grasping mature concepts.

The first time I'd heard the word 'myth' was on one of these evening walks with dad. He explained the meaning and significance of myths as stories and used religious myths as examples. That was my first introduction to the idea of The Truth. At the age of 8.

For all those years, dad retired to his study daily (almost without exception) after our evening stroll, disappearing for hours into a room stacked with books — to me a sort of magical place with names of

authors and titles in both English and Panjabi that piqued my imagination and drove my interest (and eventually became my refuge when he left for America). I knew then that my dad was a seeker, a seeker of truth and beauty: in poetry, in fiction, in life.

My father was a free man, because he was a man of integrity. Introducing my sister Harleen and I to feminist ideas from a young age, he set the course of our lives, at a time when few of his peers would entertain such ideas, and even fewer had the courage to introduce them to their daughters. A little over a year ago, he chased a Sikh priest up to his room and demanded the priest show him where in the Guru Granth Sahib he'd found the idea that having daughters was a burden while sons were a gift, something the priest had just finished preaching during a sermon.

He had a deep awareness of injustice anywhere and in any form. And he confronted it with sincerity and passion, with his words and actions nearly always in concurrence: whether it was with donations to the Sierra Club, Planned Parenthood, or the many other organizations he supported; or just offering his thoughts and criticism in the most direct and forthright manner to friends, family, co-workers or to the Nobel Academy (for their lack of attention towards non-western literature). He didn't deny the evidence; he analyzed it, accepted it, yet remained perpetually engaged and hopeful. In Albert Camus' novel "The Plague," the doctor at the center of the story, fighting pestilence and confronting death and defeat every day says to a journalist: "I have to tell you this: this whole thing is not about heroism. It's about decency…I feel more solidarity with the defeated than with saints. I don't think I have any taste for heroism and sainthood. What interests me is to be a man." My father was one of the few human beings I've ever known who brimmed with this very decency.

"Art is the highest form of hope," says artist Gerhard Richter. Poetry remained my father's act of hope. His love of poetry and all that the craft of poetry entails, right down to revision (he had little tolerance for lazy writing) was the trait that most illustrates something fundamental in his person: he cared. Details mattered. An avid lover of the arts in all forms, he was a familiar face at the Museum of Modern Art (MOMA) in New York City. I have a clear memory of him transfixed by the ethereal quality of Monet's *Water Lilies*. He'd visited the MOMA numerous times over the years with visiting writers and friends, so much so that friends jokingly referred to the museum by his name: "So when are we going to Mokha again?"



In these times, where attention-deficit is a hallmark of our lives and egotism in large supply, my father offered something many crave, but few give: his undivided, selfless attention. Swarajbir, an acclaimed Panjabi writer and a dear friend of my father's wrote in a note after his passing: "He was so human, so kind, so transparent that one is at a loss to say anything about him. And Daljit had dreams for me, how I will retire, what kind of house I should have, which direction our magazine should take... only a person like him can dream for others."

It was a gift to have him as a father, a husband, a brother, a friend. And as infinite as our good fortune was to have him, so too is our pain.

On December 29th, 2016, devastated and numb, as we struggled to come to grips with a world without his physical presence, friends of my father, writers Surinder Sohal and Ravinder Sahra, came to us and gently holding back tears said: "Our friend used to say he wanted to live until 90. We are going to make him live forever. We want to publish his second book."

In a vast sea of despair, those words became the first branch for our floundering spirits to grab hold of. And that's where this book began. Sohal, with whom dad had already begun the work of putting together his manuscript, tirelessly began going through hundreds of pages of

handwritten poetry found in my father's neatly stacked folders — some going back to the 1980s. During the course of the production of this book, writers and dear friends of my father, Navtej Bharati and Prem Mann generously gave of their time and their creative spirit, for which I shall not thank them, because a mere 'thanks' will not encapsulate how much this has meant to our family, and I am sure, to their friend, Daljit. If my father were to write this preface, I know a special place would be reserved for his wife Raj. One only needs to read the poem *Biwi* (wife) to understand what she meant to him.

Over the years, dad and I shared many a moment of discovery (whether food, wine, or books), of the pure joy of being alive, of disagreement, and then those precious few that transcend words. One such experience I most fondly recall is while walking through Spanish writer Federico Garcia Lorca's modest house-turned-museum in Andalusia, Spain, in March 2016. I came across an excerpt of a poem Lorca's friend, poet Luis Cernuda, dedicated to him after his death. Lorca, an uncompromising poet and playwright, was killed by fascists at just 38. The title of the poem: *A Un Poeta Muerto (To a Dead Poet)*

Igual todo prosigue,
Como entonces, tan mágico,
Que parece imposible

Everything goes on the same
As before, so magical
It seems impossible

---

I was struck by the verse and as I finished translating it to dad, we both had a tear in our eye and quietly stepped into the house garden without saying a word, fully engulfed by the piercing beauty of the poem.



And in these moments of beauty, of truth, and of epiphanies that awaken us to ourselves, bringing to light that which is hidden in plain sight, that are the essence of a *kavita*, my father is alive.

**Kavita Mokha**

ਯਖ਼ ਠੰਢੀ ਰਾਤ ਉਤਰੀ
ਅੱਖਾਂ 'ਚ ਚਿੱਟੀ ਚਾਂਦੀ
ਸਭ ਸੁੰਨ ਹੈ, ਘੁੱਪ ਠਰਨ ਹੈ
ਜਾਂ ਮੈਂ ਹੀ ਆਠਰਿਆ ਹਾਂ
ਮੈਨੂੰ ਪਤਾ ਨਹੀਂ।

**ਦਲਜੀਤ ਮੋਖਾ**



## ਖ਼ਾਲੀ

(1)
ਤੇਰੇ ਮੱਥੇ ਥਾਣੀਂ ਲੰਘ ਕੇ
ਤੇਰੇ ਸਾਹਾਂ 'ਚ ਵਸ ਕੇ
ਤੇਰੇ ਅੰਦਰ ਲੱਥ ਕੇ
ਚਿਤਵਿਆ ਸੀ-
ਖ਼ੌਰੇ
ਮੈਂ ਭਰਿਆ ਭਰਿਆ
ਭਰ ਜਾਵਾਂਗਾ
ਮੈਂ ਜੋ ਨਹੀਂ ਹਾਂ
ਹੋ ਜਾਵਾਂਗਾ
ਜਿਵੇਂ ਚੰਨ ਦੀ ਅੱਖ ਖੁੱਲ੍ਹਦਿਆਂ
ਆਕਾਸ਼ ਫੈਲਦਾ
ਜਿਉਂ ਕੋਇਲ ਦੀ ਰੁੱਤੇ
ਧਰਤੀ ਹਰੀ ਕਚੂਚ ਫੱਬੇ
ਤੇ ਵਣ-ਤ੍ਰਿਣ ਝੂਮਣ

(2)
ਤੇਰੇ ਅੰਦਰ ਲੱਥ ਕੇ
ਜੋ ਭਰਿਆ ਭਰਿਆ ਰਹਿੰਦਾ
ਭਰਨ ਦਾ ਭਰਮ
ਜੋ ਮੈਂ ਚੁੱਕੀ ਫਿਰਦਾਂ
ਚੱਤੋ ਪਹਿਰ
ਖ਼ੌਰੇ
ਖ਼ਾਲਮ-ਖ਼ਾਲੀ ਮੈਂ ਹਾਂ
ਜਿਉਂ ਜਲ ਬਿਨ ਸਾਗਰ

ਬਿਰਖ ਬਿਨ ਪੌਣ
ਪੌਣ ਬਿਨ ਸਰਿਸ਼ਟੀ
ਸੂਰਜ ਬਿਨ ਦਿਹੁੰ

(3)
ਲਗਦੈ
ਤੇਰੇ ਸਾਹਾਂ 'ਚ ਵਸ ਕੇ
ਮੈਂ ਸੰਪੂਰਨ ਪਰ ਪਿਆਸਾ
ਤੇ ਸਾਗਰ ਹੈ ਖ਼ਾਰਾ
ਨਾ ਮੈਂ ਭਰਿਆ
ਨਾ ਮੈਂ ਖ਼ਾਲੀ
ਤਰਕਸ਼ ਜਿਹੜਾ ਗੁੰਮਿਆ
ਨਾ ਉਹ ਹੇਠਾਂ, ਨਾ ਜੰਡ ਉੱਤੇ
ਨਾ ਮੈਂ ਮਿਰਜ਼ਾ
ਨਾ ਤੂੰ ਸਾਹਿਬਾਂ
ਕੁਝ ਖ਼ਾਲੀ, ਕੁਝ ਭਰਿਆ ਜਾਪੇ
ਦਰਅਸਲ, ਅਸੀਂ ਜੋ ਹਾਂ
ਉਹ ਹੀ ਹੋ ਰਹੇ ਹਾਂ...
ਹੁਣੇ ਹੁਣੇ ਸ਼ਾਇਦ ਹੌਲੀ ਹੌਲੀ
•
(13 ਜੂਨ 2016 )



## ਮੈਨੂੰ ਨਹੀਂ ਪਤਾ

ਆਥਣ ਵੇਲੇ
ਸੂਰਜ ਉਤਰ ਗਿਆ ਹੈ
ਜਾਂ ਮੈਂ ਹੀ ਹੋ ਗਿਆ ਹਾਂ
ਹਿੰਮ ਦੀ ਚੱਟਾਨ
ਮੈਨੂੰ ਪਤਾ ਨਹੀਂ!

ਉਹ ਬਰਫ਼ ਨਾਲ
ਢਕੀ ਜਾ ਰਹੀ ਹੈ ਜੋ
ਹਿੰਮ-ਪਰੀ ਜਾਂ ਪਰੇਤ-ਛਾਇਆ
ਜਾਂ ਮੈਂ ਹੀ ਕੋਰੇ 'ਚ ਲਿਪਟਿਆ
ਮੈਨੂੰ ਪਤਾ ਨਹੀਂ!

ਜੋ ਸੀ ਅਗਨ ਦੇਵੀ
ਪੌਣਾਂ ਦੇ ਸੰਗ 'ਚ ਮਚਦੀ
ਹਿੰਮ-ਪਰਬਤਾਂ 'ਚ ਟਿਕ ਗਈ
ਜਾਂ ਮੈਂ ਹੀ ਜੰਮ ਗਿਆ ਹਾਂ
ਮੈਨੂੰ ਪਤਾ ਨਹੀਂ!

ਬਰਫ਼ਾਂ 'ਚ ਜੋ ਵੀ
ਹਿੰਮ-ਪਰੀ ਜਾਂ ਪਰੇਤ-ਛਾਇਆ
ਅੱਗ ਦਾ ਵੀ ਵਾਸਾ ਓਥੇ
ਵਗ ਤੁਰੇਗਾ ਲਾਵਾ ਇਕ ਦਿਨ

ਸ਼ਾਇਦ, ਮੈਨੂੰ ਪਤਾ ਨਹੀਂ!

ਯਖ਼ ਠੰਢੀ ਰਾਤ ਉਤਰੀ
ਅੱਖਾਂ 'ਚ ਚਿੱਟੀ ਚਾਂਦੀ
ਸਭ ਸੁੰਨ ਹੈ, ਘੁੱਪ ਠਰਨ ਹੈ
ਜਾਂ ਮੈਂ ਹੀ ਆਠਰਿਆ ਹਾਂ
ਮੈਨੂੰ ਪਤਾ ਨਹੀਂ।
•
(13 ਅਕਤੂਬਰ 2013)



## ਜੜ੍ਹਾਂ

(1)
ਬੀਵੀ ਰਹਿਰਾਸ ਤੋਂ ਬਾਅਦ
ਉੱਠਦੀ ਹੈ, ਕਰ ਕੇ ਅਰਦਾਸ,
ਆਖ ਹੀ ਛੱਡਦੀ ਹੈ ਇਕ ਦਿਨ-
'ਕਾਮਰੇਡ ਸਾਹਿਬ, ਕਦੇ ਤੁਸੀਂ ਵੀ
ਵਾਹਿਗੁਰੂ ਦਾ ਨਾਂ ਲੈ ਲਿਆ ਕਰੋ
ਮੇਰੀਆਂ ਅਰਦਾਸਾਂ ਦੇ ਆਸਰੇ
ਸਾਡੇ ਸਾਰੇ ਕੰਮ ਸੰਵਰ ਗਏ'
ਸ਼ਬਦ ਕਾਮਰੇਡ ਮੇਰੇ ਮਸਤਕ 'ਚ
ਰੜਕਦਾ ਹੈ, ਖੜਕਦਾ ਹੈ
ਸ਼ਬਦ ਕਾਮਰੇਡ, ਕਾਮਰੇਡ ਸ਼ਬਦ

ਹੱਥਾਂ 'ਚ ਮਸ਼ਾਲ ਫੜ੍ਹੀ
ਵਾਲ ਸਟਰੀਟ ਦਾ ਘਾਲ਼ਾ-ਮਾਲ਼ਾ
ਬਹੁ-ਕੌਮੀ ਅਦਾਰੇ ਦਾ ਤਾਣਾ-ਪੇਟਾ
ਟਰੇਡ ਫ਼ਾਈਨੈਂਸ ਦਾ ਜਾਲ਼ਾ
ਬੈਨੀ ਮਾਰਕੀਟਿੰਗ ਦਾ ਉਧਾਲ਼ਾ
ਪਲ-ਛਿਣ 'ਚ ਸਾਫ਼ ਕਰਦਾ ਹੈ
ਦਿਨ ਚੜ੍ਹਦੇ ਵਾਂਗ ਦਿਸਦਾ ਹੈ
ਜੜ੍ਹਾਂ ਨੂੰ ਫੋਲਣ ਲੱਗਦਾ ਹਾਂ
ਵਿਸਰੇ ਵੇਲਿਆਂ ਨੂੰ ਫਰੋਲਦਾ ਹਾਂ
ਫ਼ਰਜ਼ੀ ਮੁਕਾਬਲੇ 'ਚ ਲਾਪਤਾ
ਤੇ ਭੂਮੀਗਤ ਮਿੱਤਰ-ਪਿਆਰੇ ਨੂੰ ਚਿਤਵਦਾ
ਨਮ ਨਮ ਬਰਸਾਤ ਹੁੰਦਾ ਹਾਂ...
ਬਚਪਨ 'ਚ ਉਤਰ ਜਾਂਦਾ ਹਾਂ...

(2)
ਜਪੁ ਜੀ ਦਾ ਪਾਠ ਕਰ ਉੱਠਦਾ ਹਾਂ
ਮਜ਼ਹਬੀਆਂ ਦੇ ਦਰਸ਼ੂ ਤੇ ਜੈਲੇ ਦੇ
ਹੱਥਾਂ 'ਤੇ ਬੇਹਾ ਫੁਲਕਾ ਟਿਕਾ
ਅਚਾਰ ਦੇ ਟੁਕੜੇ ਰੱਖਦਾ ਹਾਂ
ਉਹ ਸੁੱਕੀ ਖਾਂਦੇ, ਲੱਸੀ ਪੀਂਦੇ
ਖਿੜ ਖਿੜ ਹੱਸਦੇ ਨੇ
ਮੈਂ ਸੋਚਦਾ ਹਾਂ, ਸੋਚੀ ਜਾਵਾਂ
ਇਹ ਵੀ ਦਿਸਣ ਸਾਡੇ ਵਰਗੇ
ਪੱਗਾਂ ਬੰਨ੍ਹਦੇ, ਦਾਹੜੀ ਰੱਖਦੇ
ਸੱਚੇ ਪਾਤਸ਼ਾਹ ਨੇ ਇਨ੍ਹਾਂ ਨੂੰ
ਸਾਡੇ ਵਾਂਗ ਜ਼ਮੀਨ ਦਾ ਟੋਟਾ
ਕਿਉਂ ਨਹੀਂ ਕੀਤਾ ਨਸੀਬ
ਕੀ ਹੋਈ ਹੈ ਖੁਨਾਮੀ ਇਨ੍ਹਾਂ ਤੋਂ
ਕੀ ਰੱਬ ਵੀ ਹੈ ਕੋਈ ਸੱਚੀਂ-ਮੁੱਚੀਂ
ਮੈਂ ਸੋਚਾਂ ਸੋਚੀ ਜਾਂਦਾ ਹਾਂ
ਉਹ ਇਕ ਦੂਜੇ ਨੂੰ ਟਿੱਚਰਾਂ ਕਰਦੇ,
ਖਿੜ ਖਿੜ ਹੱਸਦੇ ਨੇ
ਆਥਣ ਵੇਲੇ ਦਾਦੀ ਆਖਦੀ ਹੈ-
'ਦਰਸ਼ੂ ਨਾਲ ਗੁਰਦਵਾਰੇ ਮੱਥਾ ਟੇਕ ਆਵੀਂ'
ਅਸੀਂ ਨਤ-ਮਸਤਕ ਹੁੰਦੇ ਹਾਂ
ਰਸ-ਭਿੰਨਾ ਕੀਰਤਨ ਗੂੰਜ ਰਿਹਾ ਚੁਫ਼ੇਰੇ
'ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈ
ਨਹੀ ਮੋ ਸੇ ਗਰੀਬ ਕਰੋਰ ਪਰੇ'
ਦਰਸ਼ੂ ਵੱਲ ਝਾਕਦਾ ਹਾਂ
ਉਸਦੀਆਂ ਅੱਖਾਂ 'ਚ ਚੰਦ-ਅਥਰੂ...



(3)
ਬੈੱਡ 'ਤੇ ਪਲਸੇਟੇ ਮਾਰਦਾ ਹਾਂ
ਬੀਵੀ ਖਿਝ ਕੇ ਬੋਲਦੀ ਹੈ-
'ਸੁੱਤੇ ਕਿਉਂ ਨਹੀਂ ਅਜੇ ਤਕ
ਕਿਉਂ ਕਰਦੇ ਹੋ ਨੀਂਦ ਹਰਾਮ ਮੇਰੀ
ਵਾਹਿਗੁਰੂ ਬੋਲੋ ਤੇ ਸ਼ਾਂਤ ਸੌਂ ਜਾਓ'

ਨਿਊਯਾਰਕ 'ਚ ਪਰਤ ਆਉਂਦਾ ਹਾਂ
ਸੁਬਾਹ ਕੰਮ 'ਤੇ ਜਾਂਦਾ ਹਾਂ
ਜ਼ੁਕਾਟੀ ਪਾਰਕ ਦੇ ਸਾਈਡ-ਵਾਕ ਤੋਂ ਲੰਘਦਿਆਂ
'ਆਕੂਪਾਈ ਵਾਲ ਸਟਰੀਟ' ਦੇ ਬਸ਼ਿੰਦਿਆਂ ਨੂੰ
ਹਸਰਤ ਭਰੀ ਨਜ਼ਰ ਨਾਲ ਤੱਕਦਾ ਹਾਂ
ਪੰਜ ਡਾਲਰ ਦਾਨ ਦੇਂਦਾ ਹਾਂ
ਮਾਰਕਸੀਆਂ ਦੇ ਸਜੇ ਸਟਾਲ ਤੋਂ
ਕਿਰਤੀਆਂ ਦਾ ਅਖ਼ਬਾਰ ਚੁੱਕਦਾ ਹਾਂ
ਬੜਾ ਫ਼ਖ਼ਰ ਮਹਿਸੂਸ ਕਰਦਾ ਹਾਂ
ਸਾਂਭ ਸਾਂਭ ਰੱਖ ਸੋਚਦਾ ਹਾਂ
ਜਦ ਕਦੇ ਗੁਰਦੀਪ ਵਿਨੀਪੈੱਗ ਆਇਆ
ਉਸਨੂੰ ਵਿਖਾਉਣਾ ਹੈ ਇਹ 'ਕੀਰਤੀ ਨਾਮਾ'
ਵਾਲ ਸਟਰੀਟ 'ਤੇ ਪੈਰ ਰੱਖਣ ਵੇਲੇ
ਗ਼ੈਰ-ਹਾਜ਼ਰ ਕਾਮਰੇਡ ਵਿਨੀਪੈੱਗ ਨੂੰ
ਸੰਬੋਧਨੀ ਸੁਰ 'ਚ ਆਖਦਾ ਹਾਂ-
ਮੈਂ ਵੀ ਤੁਹਾਡੇ 'ਚੋਂ ਸਾਂ-ਹਾਂ-ਸਾਂ
ਤੇ ਕਮਜ਼ੋਰ ਆਵਾਜ਼ ਨਾਲ ਕੂਕਦਾ ਹਾਂ-
'ਕੀ ਇਹ ਹੀ ਹੈ ਰੱਬ ਸਾਡਾ
ਕੀ ਏਥੇ ਤਕ ਹੈ ਸਮਰੱਥਾ...'
•
(2-13 ਮਈ 2012)

## ਹਾਸ਼ੀਆ

‘ਵੰਨ ਵਾਲ ਸਟਰੀਟ’ ਦੀ 9ਵੀਂ ਮੰਜ਼ਿਲ
ਅਚਨਚੇਤ ਚੁੱਭੀ ਹੈ ਛਿੱਲਤਰ
ਅੰਗੂਠੇ ਦੇ ਨਹੁੰ ਹੇਠ
ਉੱਠਿਆ ਹੈ ਦਰਦ ਅਸਹਿ
ਅੰਗੂਠੇ ਨੂੰ ਪਲੋਸਦਾ ਹਾਂ
ਕੁਝ ਪਲ, ਗਾਹੇ-ਬਗਾਹੇ
ਪਲੋਸਣਾ ਪਿਆ ਹੈ ਕੁਝ ਦਿਨ
ਦਰਦ ਘਟੀ ਤਾਂ ਤੁਰਦਿਆਂ, ਸੋਚਦਿਆਂ
ਟੁਰ ਆਈ ਹੈ ਸਿਮਰਤੀ ਹਿੰਦ ’ਚੋਂ
ਥਾਣਾ ਦਸੂਹਾ ਅੰਦਰ ਸੁੱਚੇ ਬੁੱਚੜ ਨੇ
ਤੇਰੇ ਦਸ ਨਹੁੰ
ਕਿੰਝ ਦਿੱਤੇ ਸਨ ਉਖਾੜ
ਉਹ ਦਸ ਨਹੁੰ ਨਾਨਕ ਦੇ
ਜਿਨ੍ਹਾਂ ਨਾਲ ਬੰਦਾ ਕਰਦਾ ਹੈ ਕਿਰਤ
ਨਾਨਕ ਦੀ ਰਬਾਬ
ਹੋ ਗਈ ਸੀ ਸੁੰਨ-ਮੌਨ
ਜਮਹੂਰੀ ਗਿਰਝ ਦੇ ਥਾਣੇ ਅੰਦਰ
ਤਰਲੋਚਨ ਬਾਬਕਾ ਤੂੰ ਗਿਆ ਤਾਂ
ਅਜੀਤ ਗਿਆ, ਉਂਕਾਰ ਵੀ ਗਿਆ
ਜਿਉਂ ਇਹ ਸੰਸਾਰ ਵੀ ਗਿਆ
ਜਿਉਂ ਇਤਿਹਾਸ ਹੀ ਉੱਧਲ ਗਿਆ
ਯਾਦ ਹੀ ਤੁਰਦੀ ਹੈ ਕੀੜੀ ਵਾਂਗ...



ਇਤਿਹਾਸ ਦਿਸਦਾ ਸੀ ਹਾਸ਼ੀਏ ’ਤੇ...
ਜਿਓਂ ਦਾ ਤਿਓਂ ਇਤਿਹਾਸ
ਅੱਜ ਵੀ ਖੜ੍ਹਾ ਹੈ ਹਾਸ਼ੀਏ ’ਤੇ...
ਕੀ ਜਿਓਂ ਦਾ ਤਿਓਂ, ਇੰਝ ਹੀ
ਖੜ੍ਹਾ ਰਹੇਗਾ ਹਾਸ਼ੀਏ ’ਤੇ...
•
(2 ਫ਼ਰਵਰੀ 2012)

## ਚੇਤਨਾ

(1)
ਅਸੀਂ ਸੌਣ ਲਈ ਨਹੀਂ ਜਨਮੇ ਹਾਂ
ਸਦਾ ਹੀ ਜਾਗਦੇ ਰਹੇ ਹਾਂ
ਸਦਾ ਹੀ ਜਾਗਦੇ ਰਹਿਣਾ ਹੈ
ਅਸੀਂ ਝੁੱਗੀਆਂ 'ਚ ਜਾ ਕੇ
ਨੀਂਦ ਨੂੰ ਹਲੂਣਦੇ ਹਾਂ
ਤੇ ਕੱਚੀਆਂ ਗਲੀਆਂ 'ਚ ਜਾ ਕੇ
ਚੁੱਪ ਦਾ ਬੁਰਕਾ ਪਹਿਨ ਹੋਕਾ ਦਿੰਦੇ ਹਾਂ
ਤਾਂ ਸਭ ਪਿੰਡ ਤੇ ਬਸਤੀਆਂ
ਨੀਂਦ ਦਾ ਗਰਭ ਭੰਨ੍ਹਦੇ ਹਨ
ਮਹਿਲ-ਦੋਮਹਿਲੇ ਕੰਬਦੇ ਹਨ,
ਕੱਚੀਆਂ ਗਲੀਆਂ ਤੇ ਬੀਹੀਆਂ 'ਚੋਂ ਲੰਘਦਿਆਂ
ਸੁਚੇਤ ਮਿੱਟੀ ਦੇ ਘਰ ਤੇ ਝੁੱਗੀਆਂ
ਅਸਾਡੇ ਪਿੱਛੇ ਪਿੱਛੇ ਟੁਰ ਪੈਂਦੇ ਹਨ
ਜਿਨ੍ਹਾਂ ਸਾਥੋਂ ਵੀ ਅੱਗੇ ਜਾਣਾ ਹੈ,
ਅਸੀਂ ਇਕ ਦੂਜੇ ਨੂੰ
ਪਛਾਣ ਦੀ ਅੱਖ ਦਾ ਵਰਦਾਨ ਦਿੰਦੇ ਹਾਂ
ਤੇ ਹਵਾ 'ਚ ਮੁੱਕੇ ਤਾਣਦੇ ਹਾਂ,
ਤੁਸਾਂ ਦੇ ਮੰਨਣ ਜਾਂ ਨਾ ਮੰਨਣ ਨਾਲ
ਅਸਾਂ ਨੂੰ ਫ਼ਰਕ ਨਹੀਂ ਪੈਣਾ।
ਤੁਸਾਂ ਨੇ ਵੇਖ ਲੈਣਾ।
ਜਦੋਂ ਕੱਚਿਆਂ ਰਾਹਾਂ ਤੇ ਗਲੀਆਂ ਨੇ



ਸੜਕਾਂ ਨੂੰ ਸਮਝ ਲੈਣਾ ਹੈ
ਸੜਕਾਂ 'ਤੇ ਟੁੱਟ ਪੈਣਾ ਹੈ
ਰੌਸ਼ਨੀ ਨੇ ਵਿਗਸ ਪੈਣਾ ਹੈ
ਸੂਰਜ ਉਦੈ ਹੋਣਾ ਹੈ

(2)
ਅਸੀਂ ਜੋ ਰੌਸ਼ਨੀਆਂ ਦੇ ਦਾਅਵੇਦਾਰ
ਚੇਤਨਾ ਦਾ ਭਰਮ ਪਾਲਦੇ ਰਹੇ
ਸੂਰਜ ਦਾ ਪਾਣੀ ਭਰਦੇ ਰਹੇ
ਪਰ ਸਮਿਆਂ ਦੇ ਗੇੜ 'ਚ
ਇਤਿਹਾਸ ਦੇ ਫੇਰ 'ਚ
ਕਾਫ਼ਲੇ ਸਾਥੋਂ ਖੁੰਞ ਗਏ
ਕਾਫ਼ਲੇ ਸਾਥੋਂ ਬਿਖਰ ਗਏ
ਕੀ ਅਸਾਨੂੰ ਵੀ
ਮੁੜ ਚੇਤਨਾ ਦੀ ਲੋੜ ਹੈ?
ਜਾਂ ਫਿਰ ਪੁਣ-ਛਾਣ ਵਿਧੀ 'ਚ
ਕੋਈ ਥੋੜ ਹੈ!...
•

## ਮੋਢੇ

ਉਸ ਦਿਨ
ਛਮਾ-ਛਮ ਬਰਸਾਤ
ਮੇਰੇ ਵਿਹੜੇ ਉੱਤਰੀ
ਬੱਦਲਾਂ ਦੇ ਗਲ਼ੇ ਲੱਗ
ਮੈਂ ਬਹੁਤ ਬਰਸੀ
ਮੈਂ ਆਖਿਆ ਸੀ-
'ਮੈਂ ਤਾਂ ਤੇਰੀ
ਦਹਿਲੀਜ਼ 'ਤੇ ਬੈਠ
ਘਰ ਦਾ ਸੁਪਨਾ ਲਿਆ ਸੀ
ਘਰ ਆਪਣਾ ਸਮਝ ਲਿਆ ਸੀ
ਤੇਰੀਆਂ ਸਮੁੰਦਰੀ ਅੱਖਾਂ 'ਚ ਡੁੱਬ
ਪਿਆਸ ਦਾ ਪਤਾ ਭੁੱਲਿਆ ਸੀ
ਮੈਨੂੰ ਏਨਾ ਖ਼ਬਤ ਸੀ
ਕਦ ਲਹਿਰਾਂ ਦਾ ਜਨੂੰਨ
ਮੇਰੀ ਛਾਤੀ 'ਚ ਉੱਤਰੇਗਾ
ਭਬਕਦੀ ਇਹ ਜਵਾਲਾ
ਕਦ ਕੰਢਿਆਂ ਨੂੰ ਚੁੰਮੇਗੀ
ਮੈਨੂੰ ਨਹੀਂ ਸੀ ਪਤਾ
ਦਹਿਲੀਜ਼ਾਂ ਘਰ ਨਹੀਂ ਹੁੰਦੇ
ਅੱਖਾਂ 'ਚ ਸਮੁੰਦਰ ਨਹੀਂ ਵਸਦੇ
ਪਾਣੀ ਪਿਆਸ ਨਹੀਂ ਮਿਟਾਉਂਦੇ'



ਮੈਂ ਆਖਿਆ-
'ਮੈਨੂੰ ਫੁੱਟ ਫੁੱਟ ਰੋਣ ਲਈ
ਆਪਣੇ ਮੋਢੇ ਹੀ ਨਸੀਬ ਕਰ'

ਉਹ ਬੋਲਿਆ-
'ਕਾਸ਼! ਮੈਂ...
ਮੇਰੇ ਮੋਢਿਆਂ 'ਤੇ ਗੁਟਕਦਾ
ਜੰਗਲੀ ਕਬੂਤਰਾਂ ਦਾ ਆਲ੍ਹਣਾ
ਨੈਣਾਂ ਦੇ ਅੰਬਰ ਟਪਕਦੀ
ਤੋਤਲੇ ਬੋਲਾਂ ਦੀ ਕਣੀ
ਹਿੱਕ ਦੇ ਸਿਵੇ 'ਚ ਸੁਲਘਦਾ
ਗਿੱਲੀ ਅੱਗ ਦਾ ਧੂੰਆਂ
ਮੱਛੀਆਂ ਦੇ ਸੁਫ਼ਨ-ਗੀਤ
ਸਮੁੰਦਰ ਦੇ ਕੋਇਆ 'ਤੇ
ਬੈਠੇ, ਮਰਘਟ ਸੇਕਦੇ'

ਮੈਂ ਬੋਲੀ-
'ਮੈਂ ਹੁਣ ਜਾਣਿਆ
ਮੋਢੇ ਅਰਥੀ ਹੀ ਨਹੀਂ ਚੁੱਕਦੇ
ਮੋਢੇ ਅਰਥੀਆਂ ਵੀ ਹੁੰਦੇ ਨੇ...।'
•

## ਹਾਰ

ਉਹ ਹਾਰਦਾ ਨਹੀਂ
ਜੋ ਹਾਰ ਗਿਆ ਕਹਿੰਦੇ
ਉਹ ਹਾਰ ਚੁੱਕਾ ਹੁੰਦੈ
ਜੋ ਵਜਾਉਂਦਾ ਹੈ ਬਿਗਲ
ਪੁਆਉਂਦਾ ਹੈ ਹਾਰ
ਹਾਰ ਗ਼ਲੇ 'ਤੇ ਫਬਦਾ ਦਿਸੇ
ਹੌਲੀ ਹੌਲੀ ਬਦਲ, ਇਹ ਕੱਸੇ
ਸੋਚ ਦੁਆਲੇ ਫੰਦਾ
ਗਲ਼ੇ 'ਚ ਕੱਸ ਪਾਉਂਦਾ ਰੱਸਾ
ਕੀ ਅੰਤਰ-ਨਜ਼ਰ ਦਾ ਅੰਧਰਾਤਾ...
ਉਹ ਹਾਰੇ ਨਹੀਂ, ਜੋ
ਆਖਣ ਹਾਰ ਗਏ ਸੀ
ਅੱਖ ਹੈ ਵੇਖ ਰਹੀ
ਸਿੱਧੀ, ਚੌਕਸ, ਤੀਖਣ
ਨਜ਼ਰ ਹੈ ਦੌੜ ਰਹੀ
ਧਰਤੀ, ਅੰਬਰ, ਸਾਗਰ
ਅਸੰਖ ਗ੍ਰਹਿਆਂ ਦੇ ਆਰ-ਪਾਰ
ਨਿੰਦਰਾਲੇ ਨੈਣ ਰਾਤ ਭਰ
ਸੁਫਨੇ ਵੇਖਣ, ਸੂਰਜ ਸਿਰਜਣ...
ਹਾਰ ਨਹੀਂ ਸੁਣੀ ਹੈ
ਹਾਰ ਨਹੀਂ ਹੈ ਮੰਨੀ



ਹਾਰ ਨਹੀਂ ਹੈ ਹੋਣੀ
ਨੇਰੂਦਾ, ਪਾਸ਼, ਲਾਲ, ਲੋਰਕਾ
ਲੱਖ ਖ਼ਵਾਬ ਉਹ ਵੇਖਣ, ਸਿਰਜਣ
ਚੜ੍ਹਦੇ, ਲਹਿੰਦੇ, ਖਹਿੰਦੇ
ਉੱਤਰ, ਦੱਖਣ, ਪੂਰਬ, ਪੱਛਮ
ਗਰਮੀ, ਸਰਦੀ, ਖ਼ਿਜ਼ਾਂ, ਬਹਾਰ
ਪੁਤਲੀਆਂ ਦੇ ਤਹਿਖ਼ਾਨੇ ਅੰਦਰ
ਦਿਹੁੰ ਰਾਤ ਵਤ ਚੱਲਣ, ਮੌਲਣ
ਘੁੱਪ ਹਨ੍ਹੇਰੇ ਬ੍ਰਹਿਮੰਡ ਅੰਦਰ
ਲੱਖਾਂ ਜੁਗਨੂੰ ਜਗਦੇ, ਚਮਕਣ...
ਕੀ ਹਾਰ ਅਸਾਡੀ ਹੋਈ...!

•

(2010)

## ਸੰਗ

ਤੂੰ ਮੈਨੂੰ ਮੁਹੱਬਤ ਨਹੀਂ ਕਰਦੀ
ਮੈਨੂੰ ਪਿਆਰਨ ਦੇ ਖ਼ਿਆਲ ਨਾਲ
ਅੰਤਾਂ ਦਾ ਜਕੜ-ਬੰਦ ਮੋਹ ਹੈ ਤੈਨੂੰ
ਤਸੱਵਰ ਜੋ ਤੇਰੇ ਮੱਥੇ ਦੀ ਪੁਸ਼ੀਦਗੀ 'ਚ
ਮਚਲਾ ਪਿਆ, ਮਘ ਰਿਹਾ ਹੈ
ਬਣ ਲਾਵਾ ਉਸਨੂੰ
ਜ਼ਿਹਨ 'ਚ ਪੰਘਰਣ ਤਾਂ ਦੇ
ਜਿਸਮ 'ਚ ਉਤਰਨ ਤਾਂ ਦੇ
ਜਿਸਮ ਤੋਂ ਬਾਹਰ ਆ ਕੇ ਤਾਂ ਦੇਖ
ਮੇਰੇ ਜਿਸਮ 'ਚ ਸਮਾ ਕੇ ਤਾਂ ਦੇਖ
ਕਿੰਨੀ ਤਪਸ਼ ਹੈ ਅਹਿਸਾਸ 'ਚ,
ਅਨੁਰਾਗ 'ਚ
ਕਿੰਨੀ ਅੱਗ ਹੈ ਤੇਰੇ ਮੇਰੇ ਹੋਂਠਾਂ 'ਤੇ
ਸੂਹੇ ਬੁੱਲ੍ਹਾਂ ਨੂੰ ਫਰਕਣ ਤਾਂ ਦੇ
ਉਭਰੀ ਹਿੱਕ ਨੂੰ ਧੜਕਣ ਤਾਂ ਦੇ
ਬਲ਼ਦੇ ਚੁੰਮਣਾ ਨੂੰ ਇਕ ਦੂਜੇ ਅੰਦਰ
ਟਿਰਾਮਿਸੂ[1] ਵਾਂਗ ਘੁਲ਼ ਜਾਵਣ ਤਾਂ ਦੇ
ਗਲਵਕੜੀ 'ਚ ਗੁੰਦ,
ਅਹਿਰਣ ਵਾਂਗ ਭਖਦੇ
ਸਰੀਰਾਂ ਨੂੰ ਇਕ ਹੋ ਜਾਵਣ ਤਾਂ ਦੇ
ਚੜ੍ਹਦੀ ਪੀਂਘ ਦੀ 'ਸੁਰਗੀ ਸਿਖਰ-ਛੋਹ'
ਮੇਘਲੇ ਪਲਾਂ 'ਚ ਭਿੱਜ ਜਾਵਣ ਤਾਂ ਦੇ
ਪਲ, ਘੜੀਆਂ, ਦਿਨ ਤੇਰੇ ਬਿਨ
ਊਣੇ ਨੇ ਹੀਣੇ ਨੇ
ਤੇਰੇ ਸੰਗ 'ਚ ਹੀ ਜੁੜ ਬੈਠ, ਥੀਣੇ ਨੇ।

•

1. ਇਤਾਲਵੀ ਕੇਕ



## ਮਦਾਰੀ

ਡੁਗਡੁਗੀ ਵਜਾਉਂਦਾ ਹੈ
ਮਦਾਰੀ
ਹੋ ਕੇ ਸੁਰਤਾਲ 'ਚ
ਹੱਥਾਂ ਦੇ ਕਮਾਲ 'ਚ
ਤਮਾਸ਼ਬੀਨਾਂ ਨੂੰ ਰਿਝਾਉਂਦਾ ਹੈ
ਮਦਾਰੀ
ਬੁਝੇ ਹੋਏ ਫ਼ਲਕਾਂ ਦੇ
ਸਤਰੰਗੇ ਤਾਰੇ
ਜਗਾਉਂਦਾ ਹੈ
ਝੁਰਲੂ ਦੀ ਕਰਾਮਾਤ 'ਚ
ਝਉਲਿਆਂ ਦੇ ਕੋਹਰਾਮ 'ਚ
ਉਤੇਜਿਤ ਕਰਦਾ ਹੈ
ਮਦਾਰੀ
ਹੋ ਜਾਂਦਾ ਹੈ ਗ਼ਾਇਬ
ਸਗਲੇ ਦਾ ਸਗਲਾ
ਭੜਕੇ ਹੋਏ ਹਜੂਮ 'ਤੇ
ਬਣ ਜਾਂਦਾ ਹੈ ਆਖ਼ਿਰਕਾਰ
ਸਾਡੇ ਸਿਰਾਂ ਦੀ ਸਵਾਰੀ
ਇਹ ਮਦਾਰੀ
ਹਜੂਮ ਦੀਆਂ ਅੱਖਾਂ

ਆਪਣੀਆਂ ਜੇਬਾਂ 'ਚ ਤੁੰਨ
ਫੜ ਕੇ ਉਂਗਲੀ ਟੁਰ ਪੈਂਦਾ ਹੈ
ਮਦਾਰੀ
ਕਦੇ ਸਾਇਬੇਰੀਆ ਨੂੰ
ਕਦੇ ਔਸਵਿਟਜ਼ ਨੂੰ
ਕਦੇ ਲੋਕ-ਤੰਤਰ ਦੇ ਨਾਂ ਉੱਪਰ
ਸੈਨ ਸੇਲਵਾਡੋਰ ਦੇ ਗਿਰਜਾ ਘਰ
ਦੀ ਕਤਲੋ-ਚੀਖ਼ ਨੂੰ ਲੈ
ਟੁਰਦਾ ਹੈ
•



## ਉਹ

(ਅਮਰਜੀਤ ਚੰਦਨ ਦੇ ਨਾਂ)

ਮੈਂ ਜਿਹਨਾਂ ਦੀ ਗੱਲ ਕਰਦਾ ਹਾਂ
ਮੈਂ ਉਹਨਾਂ ਦਾ ਦਮ ਭਰਦਾ ਹਾਂ
ਉਹ ਜੋ ਹਨ ਜਾਗਦੇ, ਜਿਊਂਦੇ
ਮੱਥੇ ਅੰਦਰ ਜੋਤ ਜਗਾਈ ਬੈਠੇ
ਅਗਾਧ ਅਗਾਮੀ, ਹੋਰ ਅਗਾਂਹ ਦੀ ਸੋਚਣ
ਤਾਰੀਖ਼ ਦੇ ਪੰਨੇ ਪਰਤਣ, ਘੋਖਣ, ਪਰਖਣ
ਇਕ-ਅੱਖੀਂ ਪੰਜਾਬ ਜਲੰਦਾ ਵਾਚ
ਇਕ ਅੱਖਾ ਪੰਜਾਬ ਨੂੰ ਅੰਤ 'ਚ ਕਰ ਗਏ
ਇੰਞ ਉਹ ਪਿੱਠ ਸਮੇਂ ਨੂੰ ਕਰ ਗਏ
ਉਹ ਜੋ ਹਨ ਜਾਗਦੇ, ਜਗਦੇ
ਸੂਰਜਾਂ ਦੀ ਅਲਖ ਜਗਾਉਂਦੇ, ਜਾਗ ਲਗਾਉਂਦੇ
ਉਹ ਕਿਉਂ ਮੌਨ ਸਮਾਧੀ ਉੱਤਰੇ
ਜਦ ਲੋਕ ਸਿਰਾਂ ਦੇ ਸੱਥਰ ਲੱਥੇ
ਜੇ ਅੱਖ ਖੁੱਲ੍ਹੀ, ਜੇ ਬੁੱਲ੍ਹ ਫਰਕੇ
ਸ਼ਬਦ ਉਹਨਾਂ ਦੇ ਗੂੰਗੇ ਹੋ ਗਏ
•
(2 ਜਨਵਰੀ 1995)

## ਪਿੰਜਰਾ

ਜਦੋਂ ਅਸੀਂ ਮਿਲੇ
ਤਨ ਦਾ ਪਿੰਜਰਾ ਤੋੜਦੇ
ਅੱਗ ਦੀ ਨਦੀ ਡੀਕ ਗਏ
ਮਿਲਦੇ
ਵਿਗਸਦੇ
ਸਹਿਜ ਕਲਪਨਾ ਦੇ
ਦਾਇਰੇ ਖੁੱਲ੍ਹਦੇ, ਖੋਲ੍ਹਦੇ
ਆਸਮਾਨ ਹੋ ਗਏ...
ਮੇਰੀ ਪਹਿਚਾਣ
ਤੇਰੇ ਨਾਲ
ਨਿੰਮ ਦੇ ਪੱਤਿਆਂ 'ਚੋਂ
ਜਿਉਂ ਮਧੂ ਨੁੱਚੜੇ
ਤੈਨੂੰ ਪਤੈ ਮੇਰੇ ਕੋਲ
ਤਿੱਤਲੀਆਂ ਨੇ ਮਨਭਾਉਂਦੀਆਂ
ਸ਼ਾਦੀ-ਰੰਗਾ ਪਿੰਜਰਾ ਹੈ
ਤੈਨੂੰ ਕਿਸ ਚੌਖਟੇ 'ਚ ਜੜਾਂ
ਤੇਰੇ 'ਚ ਕਿੰਵ ਆਪਾ
ਪ੍ਰਤੀਬਿੰਬਤ ਕਰਾਂ
ਤੈਨੂੰ ਕਿਹੜਾ ਨਾਂ ਦਿਆਂ
ਦੋਸਤ ਦਾ
ਮਾਸ਼ੂਕ ਦਾ
ਜਾਂ ਓਮਰਾਓ ਜਾਨ ਕੋਈ...



ਪਰ ਨਾਰੀ ਕੋਈ
ਜੁੱਤੀ ਨਹੀਂ
ਹੈ ਚੰਮ ਦੀ
ਪਾਈ, ਹੰਢਾਈ
ਬਦਲ ਲਈ
ਪੀੜ੍ਹੀ ਦਰ ਪੀੜ੍ਹੀ
ਲੰਙੜਾਏ ਇਤਿਹਾਸ 'ਚੋਂ
ਰਿਸਦੀ ਪੱਸ ਹੈ ਇਹ
ਸਵਾਲ ਇਹ ਹੁਣ
ਮਹਿਬੂਬ ਜਾਂ
ਮਿੱਤਰ ਕੁੜੀ 'ਚੋਂ
ਚੋਣ ਕਿਸ ਦੀ ਕਰਾਂ...
ਤੂੰ ਭਬਕੀ
ਮੈਂ ਕੰਡਿਆਲੀ ਰੁੱਤੇ
ਜ਼ਖ਼ਮਾਂ ਧੋਤੀ
ਲੰਘ ਆਈ ਸਾਂ
ਬੰਦ ਦਰਵਾਜ਼ੇ/ਕਿਲੇ/ਦੀਵਾਰਾਂ
ਤਰ ਆਈ ਸਾਂ
ਮਾਸ ਦੀ ਨਦੀਆ
ਸਹਿਜ ਪਲਾਂ ਨੂੰ
ਸੰਗਿਆਵਾਂ 'ਚ ਤੋਲਣ ਵਾਲੇ
ਮੇਟ ਦਿੱਤੇ ਮੈਂ

ਤਲੀਆਂ ਵਿਚਲੇ
ਜ਼ੰਜੀਰਾਂ ਦੇ ਲੇਖ
ਰੂਹ-ਸਾਥ ਦੇ ਕੱਦਾਂ ਨੂੰ
ਪਿੰਜਰੇ ਦੀ ਪਰਿਭਾਸ਼ਾ 'ਚ
ਨਾਪਣ ਵਾਲ਼ੇ
ਮੈਂ ਰਿਸ਼ਤਾ-ਮੁਕਤ ਹੋ
ਆਪਣਾ ਸੱਚ
ਸਿਆਣ ਲਿਆ ਹੈ
ਫਿਰ ਮਿਲਾਂਗੇ ਪਿੰਜਰਾ-ਵਾਸੀ
ਤਜ ਪਿੰਜਰਾ-ਕੱਦ
ਜਦ ਆਪਣੇ ਕੱਦ ਹੋ
ਵਾਪਿਸ ਆਸੀ...
ਆਣ ਮਿਲੇਸੀ..
•



## ਸ਼ਨਾਖ਼ਤ

ਇਹ ਕੌਣ ਨੇ
ਜੋ ਪਾਣੀ ਦੇ ਵਸਤਰ ਪਹਿਨ
ਚੌਂਕ 'ਚ ਡੇਰਾ ਜਮਾਉਂਦੇ ਨੇ
ਅਣਭੋਲਾਂ ਦੇ ਕਪੜੇ ਲਾਹੁੰਦੇ ਨੇ
ਰੰਗਾਂ ਦੇ ਇਹ ਵਣਜਾਰੇ
ਅਣਭੋਲਾਂ ਦੀਆਂ ਢਾਣੀਆਂ ਨੂੰ
ਵੱਖ ਵੱਖ ਰੰਗਾਂ 'ਚ
ਵੱਖ ਵੱਖ ਨਸਲਾਂ 'ਚ
ਵੱਖ ਵੱਖ ਮਜ਼ਹਬਾਂ ਦਾ
ਰੰਗੀਨ ਅੰਮ੍ਰਿਤ-ਪਾਨ ਕਰਾਉਂਦੇ ਨੇ
ਰੰਗਾਂ 'ਚੋਂ ਖ਼ੂਨ ਤ੍ਰਿਪਦਾ ਏ-

ਇਹ ਕੌਣ ਨੇ
ਜੋ ਅੱਖਾਂ 'ਤੇ ਪੱਟੀ ਬੰਨ੍ਹਦੇ ਨੇ
ਬੰਦੂਕ ਦੀ ਨਾਲੀ 'ਚੋਂ ਤੱਕਦੇ ਨੇ
ਪਗਲਾਏ ਘੋੜਿਆਂ 'ਤੇ ਚੜ੍ਹ
ਹਾਸਿਆਂ ਦੀ ਗਿਰਝ ਜਣਦੇ ਨੇ
ਕਬਰਾਂ ਦੀ ਨੁਮਾਇਸ਼ ਲਾਉਂਦੇ ਨੇ
ਚੁੱਲ੍ਹਿਆਂ 'ਚ ਸਿਵੇ ਬਲਦੇ ਨੇ-

ਇਹ ਕੌਣ ਨੇ
ਜੋ ਲਾਲ ਨ੍ਹੇਰੀ 'ਤੇ ਚੜ੍ਹ
ਇਕ ਸੁਫ਼ਨਾ ਦਿੰਦੇ ਨੇ
ਫਿਰ ਸੁਫ਼ਨਿਆਂ ਦੀ ਅੱਖ ਨੂੰ

ਮੋਤੀਆ ਬਖ਼ਸ਼ਦੇ ਨੇ
ਜਦੋਂ ਅੱਖ ਖੁੱਲ੍ਹਦੀ ਹੈ, ਸੁਜਾਖੀ
ਕਾਲਖ਼ ਦੇ ਮਹੱਲ ਗਿਰਦੇ ਨੇ
ਲਾਸ਼ਾਂ ਦੇ ਅੰਬਰ ਦਿਸਦੇ ਨੇ–

ਇਹ ਕੌਣ ਨੇ
ਜੋ ਸੱਤਾ ਦੇ ਗਿਰਗਿਟ 'ਤੇ ਬੈਠ
ਬਦਨੀਤੀ ਦੀ ਜੰਗ ਲੜਦੇ ਨੇ
ਲੜਾਉਂਦੇ ਨੇ ਭਿੜਾਉਂਦੇ ਨੇ
ਚੁਣ ਚੁਣ ਕੇ ਸਾਨ੍ਹ ਬਹੁ–ਰੰਗੇ
ਨਿੱਕੀਆਂ ਨਿੱਕੀਆਂ ਜੰਗਾਂ ਪਿੱਛੋਂ
ਸਰਕਾਰੀ ਸਾਨ੍ਹ ਦਨਦਨਾਉਂਦੇ ਨੇ
ਹਥਿਆਰਾਂ ਦੀ ਗ਼ਰੂਰੀ ਛਾਂ ਹੇਠ
ਤ੍ਰਭਕੇ ਸਮਿਆਂ ਦਾ ਸ਼ਿਕਾਰ ਕਰਦੇ ਨੇ–

ਇਹ ਕੌਣ ਨੇ
ਜਿਨ੍ਹਾਂ ਲਈ ਸਿਰਜਣਹਾਰੀ: ਨਾਰੀ
ਅੱਜ ਵੀ ਵਸਤੂ ਹੈ: ਅੰਕੜਾ ਹੈ
ਜ਼ਾਤੀ ਜਾਗੀਰ ਹੈ ਬਸ–
ਉਨ੍ਹਾਂ ਲਈ ਹੀਰ ਹਾਲੇ ਵੀ
ਮੁਹਤਾਜ ਬੂਹਿਆਂ ਦੀ ਓਹਲ ਪਿੱਛੇ ਹੀ
ਹੈ ਧੀ ਧਿਆਣੀ ਸੁਘੜ ਸਿਆਣੀ
ਮਿਥੀ ਹੋਈ ਲਕੀਰ ਟੱਪਣਾ ਹੀ
ਸੀਤਾ ਦਾ ਹਰਨ ਹੋਣਾ ਹੈ
ਜਿਵੇਂ ਤ੍ਰਕੇ ਦਲਦਲੀ ਸਾਗਰ 'ਚ
ਸੂਰਜ ਦਾ ਗ਼ਰਕ ਹੋਣਾ ਹੈ–

ਇਹ ਕੌਣ ਨੇ
ਜੋ ਰਿਸ਼ਤਿਆਂ ਨੂੰ ਹਰ ਰੋਜ਼



ਕਮੀਜ਼ ਦੀ ਤਰ੍ਹਾਂ ਬਦਲ ਲੈਂਦੇ
ਇਹ ਵੀ ਓਹੀ ਨੇ ਜੋ
ਹਰ ਸ਼ੈਅ ਨੂੰ ਹੰਢਾਉਣ ਪਿੱਛੋਂ
ਸਰਿਸ਼ਟੀ ਦੀ ਕੁੱਖ 'ਚ ਸੁੱਟ ਦੇਵਣ–
ਸਗਲੀ ਕਾਇਨਾਤ, ਖਪਤਕਾਰੀ
ਧੂੰਏਂ 'ਚ ਢਕ ਦਿੰਦੇ ਨੇ
ਹਰੇ ਭਰੇ ਰੁੱਖ, ਪੌਣ, ਪੰਛੀ
ਆਪਣੀ ਹੀ ਰਾਖ 'ਤੇ ਬੈਠੇ
ਕੀਰਤਨ ਸੋਹਿਲਾ ਪੜ੍ਹਦੇ ਨੇ
ਗੁਲਬਦਨ ਰੁੱਤਾਂ ਦੇ ਗੇੜ ਇਓਂ
ਆਤਮ–ਘਾਤੀ ਹੁਲਾਰਾ ਖਾਂਦੇ ਨੇ–

ਇਹ ਜੋ ਵੀ ਨੇ
ਮਿਹਰਬਾਨੋ, ਆਓ, ਜੁੜੋ, ਸੋਚੋ
ਇਨ੍ਹਾਂ ਨਾਲ ਤੁਆਰਫ਼ ਕਰੀਏ–
ਆਪਣੇ ਆਪਣੇ ਸੂਹੀਏ ਬਣ ਕੇ
ਇਨ੍ਹਾਂ ਦੀ ਪੈੜ ਘੋਖੀਏ ਤੇ ਨੱਪੀਏ
ਸਵੈ–ਸ਼ੀਸ਼ੇ ਦੇ ਸਾਹਵੇਂ ਖਲੋ੍ਹ
ਇਨ੍ਹਾਂ ਦੀ ਸ਼ਨਾਖ਼ਤ ਕਰੀਏ
ਸਵੈ ਦੇ ਅੱਗੇ ਤਣ ਖੜ੍ਹੀਏ
ਕੱਜੀਆਂ ਖ਼ੁਦੀਆਂ ਨਿਸ਼ੰਗ ਹੋ ਨੰਗੀਏ
ਸਵੈ 'ਚ ਵਿਲਕਦਾ ਅਣਡਿੱਠਤ ਬੱਚਾ ਚੁੰਮੀਏ
ਤੜਾਗੀ 'ਚ ਕੈਦ, ਕਾਇਆ, ਖੋਲ੍ਹ ਨੱਚੀਏ...

•
(1995)

# ਨੰਦੂ

(1)
ਨੰਦ ਸਿੰਘ ਆਇਆ ਪੰਜਾਬੋਂ
ਇਨਕਲਾਬ ਦੇ ਅੱਗੇ ਪਿੱਛੇ
ਵਿਚ ਕੈਨੇਡਾ-ਅਮਰੀਕਾ, ਵਿਚ ਵਲਾਇਤ
ਪਗੜੀ ਲਾਹ ਕੇ
ਸਿਰ ਮੁੰਨਵਾ ਕੇ
ਦਿੱਲੀ ਦੇ ਬੁੱਚੜਾਂ ਤੋਂ
ਜਾਨ ਬਚਾ ਕੇ
ਨੰਦ ਸਿੰਘ ਤੋਂ ਬਣਿਆ ਨੰਦੂ
ਗੋਰੇ ਆਖਣ ਨੈਂਦੂ
ਫ਼ੈਕਟਰੀਆਂ 'ਚ, ਆਰਿਆਂ ਅੰਦਰ
ਹੱਥੀਂ ਘਾਲ ਕਰੇਂਦਾ
ਸੁਪਨੇ ਤੇ ਪਰਿਵਾਰ ਪਾਲਦਾ
ਵੀਕ ਐਂਡ 'ਤੇ ਵਿਸਕੀ ਪੀਂਦਾ
ਮੋਏ ਮਿੱਤਰਾਂ ਨੂੰ ਚੇਤੇ ਕਰਦਾ
ਨਦੀਆਂ, ਨਾਲੇ ਅੱਖਾਂ ਥਾਣੀਂ
ਸਾਹਾਂ ਥਾਣੀਂ ਹਿੱਕ 'ਚ ਵਗਦੇ
ਪਰ ਹੱਕ-ਸੱਚ ਦੀ ਲੋਕ ਲਹਿਰ 'ਚ
ਹੁੰਮ-ਹੁਮਾ ਕੇ ਸ਼ਾਮਿਲ ਹੁੰਦਾ
ਅੱਖਾਂ ਅੰਦਰ ਲਾਲ ਸੁਨਹਿਰੀ ਸੁਪਨਾ
ਛਾਤੀ ਠੋਕ ਵਜਾ ਕੇ
ਲਾਲ ਸਲਾਮ ਹਮੇਸ਼ ਉਚਰਦਾ!

(2)
ਬੱਚੇ ਵੱਡੇ ਹੋ ਗਏ
ਏ ਬੀ ਸੀ ਡੀ ਪੜ੍ਹਦੇ ਪੜ੍ਹਦੇ



ਮੁੱਖਧਾਰਾ 'ਚ ਸ਼ਾਮਿਲ ਹੋ ਗਏ
ਵਿਰਸੇ ਤੋਂ ਟੁੱਟ ਗਏ ਲੱਗਣ
ਜੜ੍ਹਾਂ ਤੋਂ ਉਖੜੇ ਉਖੜੇ ਲੱਗਣ
ਇਕਲਾਪੇ 'ਚ ਦਾਰੂ ਪੀਂਦਾ
ਮਿੱਤਰਾਂ ਨੂੰ ਤੇ ਖ਼ੁਦ ਨੂੰ ਪੁੱਛੇ
ਕੀ ਉਹ ਵੀ ਕੋਈ
ਪਾਤਰ ਦਾ ਘੜਿਆ ਨੰਦ ਕਿਸ਼ੋਰ ?
ਉਸ ਨੂੰ ਲਗਦੈ
ਧਰਤੀ ਰੁਕ ਗਈ, ਅੰਬਰ ਗਿੜਿਆ
ਲਾਲ ਸੂਰਜ ਤਾਂ ਅਸਤ ਹੋ ਗਿਆ

(3)
ਵਿਹਲ ਮਿਲੇ ਜਦ
ਹਮ-ਖ਼ਿਆਲ ਮਿੱਤਰਾਂ ਦੀ ਢਾਣੀ
'ਕੱਠੀ ਹੁੰਦੀ, ਦਾਰੂ-ਕੁੱਕੜ ਚਲਦੇ
ਲਾਲ ਸਕਾਰਫ਼ ਹੱਥਾਂ 'ਚ ਫੜ੍ਹ ਕੇ
ਸਾਮਰਾਜ ਦੀ ਹਿੱਕ 'ਤੇ ਚੜ੍ਹ ਕੇ
ਨੰਗਾ ਨੱਚਦੇ, ਨਾਚ ਨਚਾਉਂਦੇ
ਬੁੱਲ੍ਹੇ ਵਾਂਗੂੰ ਯਾਰ ਮਨਾਉਂਦੇ
ਇਨਕਲਾਬ 'ਚ ਬਣਦਾ ਸਰਦਾ
ਆਪਣਾ ਆਪਣਾ ਹਿੱਸਾ ਪਾਉਂਦੇ
ਪਰ ਇਕਲਾਪੇ 'ਚ ਸੋਚਾਂ ਸੋਚੇ
ਵਿਸ਼ਲੇਸ਼ਣ ਹੈ ਕਰਦਾ ਰਹਿੰਦਾ-

ਨੰਦ ਸਿਹਾਂ ਕੀ ਹਾਂ
ਮੈਂ ਵੀ ਨੰਦ ਕੋਈ ਨੰਦ ਕਿਸ਼ੋਰ ?
ਅਸੰਖ ਯੁੱਗ ਪਹਿਲਾਂ ਆਦਮ
ਵਿਗਸ ਕੇ ਤੁਰਿਆ ਅਫ਼ਰੀਕਾ ਤੋਂ
ਤੁਰਦਾ, ਲੜਦਾ, ਮਰਦਾ
ਚਹੁੰ ਕੂੰਟਾਂ 'ਚ ਵਸਿਆ
ਫਿਰ ਉਜੜ ਕੇ ਉਹ ਤੁਰਦਾ ਕਿਧਰੇ
ਵਸ ਜਾਵੇ ਪਰਦੇਸ
ਕਦੇ ਨਾ ਪਰਤਣ ਹੋਵੇ
ਕੀ ਅਸੀਂ ਹਾਂ ਸਾਰੇ ਨੰਦ ਕਿਸ਼ੋਰ
ਕੀ ਨੰਦੂ ਨੰਦ ਕਿਸ਼ੋਰ ਰਲਗੱਡ ਹੋਏ ?
ਜਾਪੇ ਕੋਈ ਨਹੀਂ ਪਰਦੇਸ...

•

(15 ਅਪ੍ਰੈਲ 2016)



## ਬੇਬੇ

(ਓਪਰਾਹ ਵਿਨਫ਼ਰੇ ਲਈ)

(1)

ਜਿਸ ਦੇ ਹੱਥਾਂ 'ਚ ਹੈ ਕਾਬਿਜ਼
ਅਲਾਦੀਨ ਦਾ ਚਿਰਾਗ਼
ਬੇਬੇ ਨੂੰ ਬੜੇ ਅਰਸੇ ਬਾਅਦ
ਆਇਆ ਹੈ ਇਸ ਦਾ ਖ਼ਿਆਲ–
ਜਿੰਨ ਹਾਜ਼ਿਰ ਹੋਇਆ ਤਾਂ
ਓਪਰਾਹ ਨੇ ਹੁਕਮ ਫ਼ਰਮਾਇਆ:
'ਜਾਓ, ਮੇਰੇ ਜਿੰਨ ਜੀਓ
ਆਪਣੀ ਹੀ ਰੱਤ 'ਚ ਡੁੱਬੇ
ਸ਼ਿਕਾਗੋ ਦੇ ਅੰਦਰੂਨ ਸ਼ਹਿਰ
ਗੇੜੀ ਮਾਰੋ ਤੇ ਬੱਚਿਆਂ ਨੂੰ ਪੁੱਛੋ
ਕਾਪੀਆਂ, ਕਿਤਾਬਾਂ, ਪੈਨਸਲਾਂ, ਬਸਤੇ
ਹੈ ਕਿਸ ਕਿਸ ਵਸਤ ਦੀ ਥੁੜ...'

ਵਾਪਸੀ 'ਤੇ ਵਿਥਿਆ ਸੁਣ
ਜਿੰਨ ਦੀ ਆਕਾ ਅਚੰਭਿਤ ਹੋ ਬੋਲੀ:
'ਇਹ ਕੀ ਆਖ ਰਿਹੈਂ ?
ਬੱਚੇ ਮੰਗਣ ਆਈ ਪੈਡ ਤੇ ਆਈ ਫੋਨ
ਨਾਈਕੀ ਦੇ ਸਨੀਕਰ ਤੇ ਝਟਕਈ ਚਾਕੂ
ਪਿਸਟਲ ਦੀ ਹੈ ਤਰਜੀਹ ਪਹਿਲੀ...'

ਚਿਰਾਗ਼ ਕੰਬਿਆ, ਕਪਕਪੀ ਦੀ ਘੜੀ
ਲਿਵਿੰਗ ਰੂਮ ਨੂੰ ਖ਼ਾਮੋਸ਼ੀ ਨੇ ਨੱਪਿਆ

(2)
ਚੁੱਪੀ, ਮਾਯੂਸੀ, ਕਸ਼ਮਕਸ਼ ਦੀ ਤੜਾਗੀ ਤੋੜ
ਓਪਰਾਹ ਨੇ ਦਾਗ਼ਿਆ ਨਵੇਲਾ ਹੁਕਮ:
'ਮੇਰੇ ਸੁਪਨ-ਸਾਜ਼ ਜਿੰਨ ਜੀਓ
ਜੋਹੈਨਸਬਰਗ ਦੀਆਂ ਬਸਤੀਆਂ ਨੂੰ
ਤੁਰੰਤ ਹੋ ਜਾਓ ਰਵਾਨਾ
ਭਰਮਣ ਕਰੋ ਤੇ ਬੱਚਿਆਂ ਨੂੰ ਪੁੱਛੋ
ਕੀ ਬੁਨਿਆਦੀ ਲੋੜ ਹੈ ਉਨ੍ਹਾਂ ਦੀ
ਕੈਸੀ ਕੈਸੀ ਸੱਧਰ ਹੈ ਪਾਲ ਰੱਖੀ...'

ਜਿੰਨ ਪਰਤਿਆ ਤੇ ਮੁਸਕਰਾਇਆ:
'ਓਹ ਬੱਚੇ ਤਾਂ ਮੰਗਦੇ ਨੇ
ਕਿਤਾਬਾਂ, ਕੱਪੜੇ, ਇਕ ਛੱਤ
ਰੌਸ਼ਨੀ, ਤਾਲੀਆਂ ਤੇ ਵਿਦਿਆ-ਘਰ...'

ਬੇਬੇ ਓਪਰਾਹ ਉੱਠ ਖੜ੍ਹੀ
ਪੂਰਬ ਦੀ ਖਿੜਕੀ ਖੋਲ੍ਹੀ
ਪਰਦੇ ਖਿਸਕਾਏ ਖੱਬੇ-ਸੱਜੇ
ਤੇ ਸੂਰਜ ਦੀਆਂ ਰੌਸ਼ਨ ਕਿਰਨਾਂ
ਬਸਤੀਆਂ ਦੇ ਸਿਆਹ ਕਮਰਿਆਂ ਥਾਣੀਂ
ਅੰਦਰ ਤੇ ਬਾਹਰ ਫੈਲ ਗਈਆਂ...
•
(22 ਅਗਸਤ 2016)



## ਡਾਇਲਾਗ

'ਜਾਗੋ' ਨਿਕਲੀ ਹੈ
ਰਿਕਾਰਡ ਵੱਜ ਰਿਹਾ ਹੈ
ਮਾਹੌਲ 'ਤੇ ਭਾਰੀ ਹੈ
ਪਾਪ ਸੰਗੀਤ ਦੀ ਗੂੰਜ
ਗਲਾਸੀਆਂ ਦੀ ਖੜ-ਖੜ
ਭੰਗੜੇ ਦੀ ਧਮਾਲ
ਭੂਆ, ਮਾਸੀਆਂ, ਮਾਮੀਆਂ
ਸਿਰ 'ਤੇ ਜਾਗੋ ਸਜਾ
ਨੱਚ ਰਹੀਆਂ ਹਨ ਅਡੋਲ

ਮਾਂ ਆਖਦੀ ਹੈ:
ਬੇਟਾ ਉੱਠੋ, ਤੁਸੀਂ ਵੀ ਨੱਚੋ
ਆਪਣੇ ਸਿਰ 'ਤੇ 'ਜਾਗੋ' ਸਜਾ
ਤੇਰੇ ਵੀਰ ਦੇ ਵਿਆਹ 'ਤੇ
ਅਸੀਂ ਵੀ ਕੱਢਣੀ ਹੈ 'ਜਾਗੋ'
ਪੰਜਾਬ ਨਾ ਵੀ ਸਹੀ
ਪੰਜਾਬ ਦੀ ਰੂਹ

ਮਾਂ ਬੋਲਦੀ ਹੈ
ਬੋਲਦੀ ਹੀ ਜਾਂਦੀ ਹੈ
ਬੇਟੀ ਸੁਣਦੀ ਹੈ, ਚੁੱਪ-ਚਾਪ
ਜਾਂ ਨਿਊਯਾਰਕ ਦੀ ਸ਼ੋਰ 'ਚ
ਲੱਭ ਰਹੀ ਹੈ ਆਪਣਾ ਆਪ...।
•
(17 ਜੁਲਾਈ 2009)

## ਜਸ਼ਨ

ਅੱਜ ਦੀ ਰਾਤ ਚੁਣੀ ਗਈ ਸੀ
ਰਾਤ ਭਰ ਮੈਂ ਜਸ਼ਨ ਮਨਾਇਆ
ਤੁੰਦ ਦੋਮੂੰਹੀਂ ਮੱਥਾ ਡੰਗਿਆ
ਅਰਥੀ 'ਚ ਖ਼ੁਦ ਸ਼ਾਮਿਲ ਹੋਇਆ
ਆਪਣਾ ਮਰਨਾ ਖ਼ੁਦ ਤੱਕਿਆ ਸੀ
ਰੋਜ਼ ਮਰਨ ਤੋਂ ਬਾਹਲਾ ਬਿਹਤਰ
ਸੀ ਮਨ ਬੇਕਾਬੂ, ਬਾਗ਼ੀ, ਤਤਪਰ
ਇਹ ਨਾ ਕੋਈ ਅਚਰਜ ਬਾਣੀ
ਨਾ ਮੈਂ ਪਹਿਲੀ ਵਾਰੀ ਮਰਿਆ
ਜਦ ਉਸਨੇ ਮੁਸਕਾ ਕੇ ਤੱਕਿਆ
ਤਦ ਮੈਂ ਮਰਿਆ ਕਿ ਮਰਿਆ
ਜਾਂ ਉਸਨੂੰ ਚੁੱਪ ਦਾ ਝੱਲ ਚੜ੍ਹਿਆ
ਤਦ ਵੀ ਸੋਚ ਸੋਚ ਕੇ ਮਰਿਆ
ਸੋਚੈ ਸੋਚ ਨ ਹੋਵਈ
ਜੇ ਸੋਚੀ ਲਖ ਵਾਰ
ਇਸ ਲਈ ਮੈਂ ਤਾਂ
ਅੱਜ ਦੀ ਰਾਤ ਚੁਣੀ ਸੀ
ਰਾਤ ਭਰ ਮੈਂ ਜੋਸ਼, ਹੋਸ਼ 'ਚ
ਆਪਣੀ ਮੌਤ ਦਾ ਜਸ਼ਨ ਮਨਾਇਆ
ਆਪਣੀ ਮੌਤ 'ਚ ਸ਼ਾਮਿਲ ਹੋਇਆ
ਸੁਣ ਲੈ ਪਾਬਲੋ ਨੈਰੂਦਾ
ਅੱਜ ਦੀ ਰਾਤ ਮੈਂ ਨਹੀਂ ਰਚਣੀਆਂ
ਉਦਾਸ ਪੰਕਤੀਆਂ, ਨਿਰਮਲ ਨਜ਼ਮਾਂ:



Puedo escribir los versos
mas tristes esta noche[1]
ਉਹ ਮੁਸਕਾਣ ਜੋ ਚੁੱਪ ਸਾਧ ਗਈ
ਰਾਤ ਦੇ ਰੰਗ 'ਚ ਘੁਲ ਗਈ ਕੀਕਣ
ਅੱਜ ਦੀ ਰਾਤ ਜੋ ਚੁਣੀ ਗਈ ਸੀ
ਉਹ ਮੇਰੀ ਸੀ ਉਹ ਮੇਰੀ ਹੈ
ਸੁੰਨ-ਸਮਾਧੀ,
ਆਪਣੀ ਮੌਤ ਦਾ
ਅੱਜ ਦੀ ਰਾਤ ਮੈਂ ਜਸ਼ਨ ਮਨਾਇਆ
. . . . . . ਮੈਂ ਜਿੰਦ ਨੂੰ ਥਾਹਿਆ
. . . . . . ਮੈਂ ਖ਼ੁਦ ਨੂੰ ਭਾਇਆ
ਅੱਜ ਦੀ ਰਾਤ ਮੈਂ ਖ਼ੁਦ ਨੂੰ ਪਾਇਆ
ਜਿਸੁ ਮਰਨੇ ਤੇ ਜਗੁ ਡਰੈ
ਮੇਰੇ ਮਨਿ ਆਨੰਦੁ
ਮਰਨੇ ਹੀ ਤੇ ਪਾਈਐ
ਪੂਰਨੁ ਪਰਮਾਨੰਦੁ

•

(20 ਜਨਵਰੀ 2006)

1. ਪਾਬਲੋ ਨੈਰੂਦਾ ਦੀ ਸਪੈਨਿਸ਼ ਕਵਿਤਾ ਦੀਆਂ ਇਹਨਾਂ ਸਤਰਾਂ ਦਾ ਅਰਥ ਹੈ–
'ਅੱਜ ਦੀ ਰਾਤ ਮੈਂ ਘੋਰ ਉਦਾਸ ਅੰਤਰੇ ਲਿਖ ਸਕਦਾ ਹਾਂ।'

## ਗੱਲਾਂ

ਬੰਨ੍ਹੀ ਨਹੀਂ ਜਾਂਦੀ
ਹਵਾਵਾਂ ਦੀ ਸ਼ੂਕਰ
ਬਿਜਲੀ ਦੀ ਗੜਕਣ
ਪੰਖੇਰੂਆਂ ਦੀ ਉਡਾਰੀ...
ਰੋਕਿਆਂ ਨਹੀਂ ਰੁਕਦੇ
ਹੜ੍ਹਾਂ ਦੇ ਕਹਿਰ
ਦਰਿਆਵਾਂ ਦੇ ਵਹਿਣ
ਸਾਗਰਾਂ ਦੀ ਸੁਨਾਮੀ
ਮਿਟਾਇਆਂ ਨਹੀਂ ਮਿਟਦੇ
ਤਿੱਤਲੀਆਂ ਦੇ ਬਹੁ-ਰੰਗ
ਜੁਗਨੂੰਆਂ ਦੇ ਦੀਪ
ਸ਼ਬਦਾਂ ਦੇ ਸੱਚ-ਖੰਡ
ਗੱਲਾਂ ਨਾਲ ਨਹੀਂ ਹੁੰਦਾ
ਤਲਾਬ ਦਾ ਸਾਗਰ
ਵਿਹੜੇ ਦਾ ਅੰਬਰ
ਨਾਦਰਸ਼ਾਹੀ ਦਾ ਰਾਜ-ਪਲਟਾ...
•
(23 ਮਈ 2010)



## ਇਨਾਮ

(1)
ਇਨਾਮ- ਕੀ ਹੈ ਤਾਸੀਰ ਤੁਹਾਡੀ
ਇਨਾਮਾਂ ਦਾ ਕੀ ਏ ?
ਇਨਾਮ ਤਾਂ ਹੁੰਦੇ ਨੇ
ਅਮਾਨ ਖੀਣ ਲਈ
ਜੀਭਾਂ ਸੀਣ ਲਈ
ਤਾਂ ਕਿ ਸਥਾਪਤੀ ਰਹੇ
ਬੇਤਾਰਾ ਸ਼ਾਹ ਕਾਲੀ ਰਾਤੇ
ਉਵੇਂ ਦੀ ਉਵੇਂ ਬਰਕਰਾਰ
ਰੌਸ਼ਨੀ ਤਹਿਖ਼ਾਨਿਆਂ 'ਚ ਊਂਘਦੀ ਰਹੇ

ਪਰ ਨਾ ਹੀ ਸਭ ਜੀਭਾਂ ਜਾਵਣ ਸੀਤੀਆਂ
ਆਜ਼ਾਦ ਨਜ਼ਮ ਵਾਂਗ ਬੇਬਾਕ
ਜੀਭਾਂ ਤਾਂ ਥੁੱਕਣ
ਜਦੋਂ ਜੀਭ ਥੁੱਕਦੀ ਹੈ ਇਨਾਮਾਂ 'ਤੇ
ਫਿਰ ਵੱਜਦਾ ਹੈ ਵਦਾਨ
ਸੱਤਾ ਦੀ ਫ਼ਨੀਅਰ ਸਿਰੀ 'ਤੇ

(2)
ਇਨਾਮ ?
ਇਨਾਮਾਂ ਦਾ ਕੀ ਏ ?
ਇਨਾਮ ਤਾਂ ਹੁੰਦੇ ਨੇ ਬੜੇ ਮਹਾਨ
ਜਦੋਂ ਝੂਠ ਦੀ ਬੁਨਿਆਦ 'ਤੇ
ਫੌਜਾਂ ਚੜ੍ਹਦੀਆਂ ਨੇ ਇਰਾਕ 'ਤੇ

ਖ਼ਲਕਤ ਦਾ ਹੁੰਦਾ ਜਦੋਂ ਘਾਣ
ਜੰਗ 'ਚ ਚਲਦੀ ਹੈ ਗੋਲੀ
ਅਣਗਿਣਤ ਸੀਨੇ ਵਿੰਨ੍ਹਦੀ ਹੈ
ਪਤਾ ਨਹੀਂ ਕਿੰਨੇ ਘਰਾਂ ਦੇ
ਚੁੱਲ੍ਹਿਆਂ 'ਚ ਅੱਗ ਬੁਝਦੀ ਹੈ
ਪਤਾ ਨਹੀਂ ਕਿਹਦੀ ਕਿਹਦੀ ਵੀਣੀ 'ਚੋਂ
ਵੰਗ ਤੇ ਵੰਗ ਭੱਜਦੀ ਹੈ
ਝੁੰਗੇ 'ਚ ਮਿਲ ਜਾਂਦਾ ਹੈ ਇਕ ਤਗ਼ਮਾ
ਪਰ ਹੋ ਜਾਂਦੇ ਨੇ ਕਈ ਘਰ ਖ਼ਾਲੀ
ਹੋ ਜਾਂਦੇ ਨੇ ਅਨੰਤ ਮਨ ਖ਼ਾਲੀ।

(3)
ਇਨਾਮ ?
ਇਨਾਮ ਤਾਂ ਬੜੀ ਸ਼ੈਅ ਹੁੰਦੇ ਨੇ
ਜਦੋਂ ਸਿਰਾਂ ਦੇ ਮੁੱਲ ਪੈਂਦੇ ਨੇ
ਤੇ ਬਿਆਸਾ ਦੇ ਕੰਢਿਆਂ 'ਤੇ
ਜਾਂ ਸਰੀਕਾਕੁਲਮ ਦੇ ਜੰਗਲਾਂ 'ਚ
ਮਾਰਿਆ ਜਾਂਦਾ ਹੈ ਦਿਨ ਦੀਵੀਂ
ਕੋਈ ਸਿਰਲੱਥ ਨੌਜਵਾਨ
ਜਾਂ ਕੋਈ ਆਦਿ-ਵਾਸੀ ਜਾਂ ਕਿਸਾਨ
ਜਾਂ ਰਾਤ ਦਾ ਸੰਨਾਟਾ ਇਕ ਝਟਕੇ ਨਾਲ
ਨਿਗਲ ਜਾਂਦਾ ਹੈ ਸਗਲਾ ਚੰਨ
ਜਾਂ ਜਾਗਦੀਆਂ ਅੱਖਾਂ ਨੂੰ ਆਉਂਦੀ ਹੈ ਝੁਣਝੁਣੀ
ਖੜ੍ਹੇ ਹੋ ਜਾਵਣ ਸ਼ਿਕਾਰੀਆਂ ਦੇ ਵੀ ਕੰਨ



ਹਾਂ, ਉਦੋਂ ਕੋਈ ਦਰਵੇਸ਼ ਜੀਭ ਥੁੱਕਦੀ ਹੈ
ਵਕਤ 'ਤੇ ਸਿੱਧਾ ਬੁਕਦੀ ਹੈ
ਵਕਤ ਜੋ ਇਨਾਮਾਂ ਦੀ ਤਾਣੀ 'ਚ
ਲਿਪਟਿਆ, ਉਲਝਿਆ, ਸੁੱਤਾ ਪਿਆ।

(4)
ਇਨਾਮੋਂ! ਆਓ,
ਕਰੀਬ ਆਓ, ਹੋਰ ਕਰੀਬ ਆਓ
ਤਾਂ ਕਿ ਤੁਹਾਨੂੰ ਵੇਖ ਲਾਂ ਮੈਂ
ਹਰ ਸੰਭਵ ਰੰਗ 'ਚ
ਹਰ ਸੰਭਵ ਭੇਦ 'ਚ
ਜਿਨ੍ਹਾਂ 'ਚੋਂ ਆ ਰਹੀ ਖ਼ੂਨੀ ਬਦਬੂ
ਦਿੱਲੀ, ਮਾਸਕੋ, ਡੀ. ਸੀ. ਦੀ
ਜੇ ਨਹੀਂ ਯਕੀਨ ਤਾਂ ਪੁੱਛ ਲੈਣਾ
ਯਾਰੜੇ ਦੇ ਸੱਥਰ 'ਤੇ ਥੱਕੇ ਪਏ
ਮਿੱਤਰ ਪਿਆਰਿਆਂ ਨੂੰ
ਕੀ ਹੁੰਦੀ ਏ
ਕੀ ਹੋ ਸਕਦੀ ਏ, ਤੁੰਦ
ਇਨਾਮਾਂ ਦੀ ਤਾਸੀਰ ?
•
(9 ਜਨਵਰੀ 2010)

## ਰੁਖ਼ਸਤੀ

ਤੇਰੀ ਅੰਤਿਮ ਰੁਖ਼ਸਤੀ ਦੇ ਪਲ
ਬਹਾਰ ਦੇ ਪਿੰਡੇ 'ਤੇ
ਚੁੱਭੀਆਂ ਹਨ ਅਣਗਿਣਤ ਛਿੱਲਤਰਾਂ
ਰਿਸਦਾ ਪਿਆ ਹੈ ਖ਼ੂਨ
ਭਾਵੇਂ ਬਸੰਤ ਰੁੱਤ ਮਾਰਦੀ ਹੈ ਠਾਠਾਂ
ਨਿਰ-ਪੱਤਰੇ ਬਿਰਖਾਂ 'ਤੇ ਕੋਮਲ
ਫੁੱਟ ਰਹੀਆਂ ਹਨ ਕਰੂੰਬਲਾਂ
ਪਰ ਅਸੀਂ ਹਰੇ ਨਾ ਹੋਏ
ਅਸੀਂ ਤਾਂ ਅਧਮੋਏ
ਤੇਰੀ ਅੰਤਿਮ ਯਾਤਰਾ ਵੇਲੇ
ਪਿੰਡ ਵੀ ਨਗਰ ਵੀ ਚੁੱਪ ਹਨ
ਕੰਧਾਂ ਵੀ ਗਲੀਆਂ ਵੀ ਨੀਮ-ਸੁੱਤੀਆਂ
ਫ਼ਿਜ਼ਾ ਕਿਸੇ ਘੂਕੀ 'ਚ ਖ਼ਾਮੋਸ਼
ਜਿਵੇਂ ਹਿੱਪੀ ਪੀ ਕੇ ਗਾਂਜਾ
ਲੇਟਿਆ ਹੋਵੇ ਅਰਧ-ਨਗਨ ਅਲਮਸਤ
ਕੋਈ ਕੋਈ ਛੇੜ ਜਾਂਦਾ ਹੈ
ਬਾਓਰੀ ਹਵਾ ਦਾ ਬੁੱਲਾ
ਮੁਟਿਆਰ ਫ਼ਸਲ ਦੀਆਂ ਪਲਕਾਂ
ਇਹ ਸਭ ਕਿਉਂ ਹੋਇਆ ਹੈ
ਤੇਰੀ ਅਚਿੰਤੀ ਰੁਖ਼ਸਤੀ ਦੇ ਵਕਤ ?
ਕਿਤੇ ਇਹ ਸੁਨਾਮੀ ਆਉਣ ਤੋਂ ਪਹਿਲਾਂ
ਮਹਾਂ-ਸਾਗਰਾਂ ਦੀ ਚੁੱਪ ਤਾਂ ਨਹੀਂ ?
ਸਮੁੰਦਰ ਦੀ ਕਹਿਰੀ ਸਾਜ਼ਿਸ਼ ਤਾਂ ਨਹੀਂ ?
•
(24 ਜੂਨ 2006)



## ਅੱਗ

ਆਓ ਕਿ
ਗਹਿਰੀ ਰਾਤ ਦੇ ਪਹਿਰ
ਅੱਗ ਦੀ ਅਨੰਤਤਾ ਜਾਣੀਏਂ
ਅੱਗ ਦੀ ਅਨੰਤਤਾ 'ਚ ਜੁੜੀਏ
ਅੱਗ ਦੇ ਸ਼ਬਦਾਂ 'ਚੋਂ
ਤਪਸ਼ ਦਾ ਨੁਕਤਾ ਫੜ੍ਹੀਏ
ਜੰਗਲ ਨੂੰ ਵਾਪਿਸ ਮੁੜੀਏ
ਅੱਗ ਦਾ ਵੁਜ਼ੂ ਕਰੀਏ

ਆਓ ਕਿ
ਅੱਗ ਦੀ ਤਵਾਰੀਖ਼ ਪੜ੍ਹੀਏ
ਕਿਵੇਂ ਸਾਡੇ ਪਿੱਤਰਾਂ ਨੇ
ਪੱਥਰਾਂ ਸੰਗ ਪੱਥਰ ਰਗੜ
ਇਕ ਪਹਿਲਾ ਸ਼ੋਅਲਾ ਜਣਿਆ
ਉਸ ਇਕ ਸ਼ੋਅਲੇ ਨੂੰ ਲੈ ਕੇ
ਅਸੀਂ ਪੁਸ਼ਤ-ਦਰ-ਪੁਸ਼ਤ
ਇਕ ਸੰਪੂਰਨ ਜੰਗਲ ਹੋ ਗਏ
ਦੇਵ-ਘਰਾਂ 'ਚ ਇਹ ਅਗਨੀ ਵੀ
ਨਾ ਬਣ ਸਕੀ ਰਖੇਲ
ਨਾ ਜ਼ੂਅਸ ਵੀ ਰੱਖ ਸਕਿਆ, ਗੁੱਝਾ
ਅੱਗ ਦਾ ਭੇਤ
ਇਸ ਤਰ੍ਹਾਂ ਅੱਗ ਦਾ ਵਿਦਰੋਹ
ਅਗਾਂਹ ਤੁਰਦਾ ਗਿਆ
ਇਕ ਤਪਸ਼ ਦਾ ਅਹਿਸਾਸ
ਇਨ੍ਹਾਂ ਅਹਿਸਾਸਾਂ ਦਾ ਇਤਿਹਾਸ
ਧੂਣੀ ਦੁਆਲੇ ਜੁੜਦਾ ਗਿਆ

ਉਹ ਜੋ ਸੋਚਦੇ ਨੇ–
ਅੱਗ 'ਚੋਂ ਹੀ ਜਨਮ ਲੈਂਦੀ ਹੈ ਕ੍ਰਾਂਤੀ
ਕ੍ਰਾਂਤੀ ਦੇ ਪਾਰ ਹੈ
ਸੁਪਨਿਆਂ ਦਾ ਦਹਿਕਦਾ ਸੁਨਹਿਰੀ ਜੰਗਲ
ਜਿੱਥੇ ਨਾ ਗਹਿਰੀ ਰਾਤ ਹੈ
ਨਾ ਤਾਰਿਆਂ ਦੀ ਲੁੱਟਦੀ ਹੈ
ਨਿੱਤ ਅੰਬਰ 'ਚ ਡੋਲੀ
ਨਾ ਜ਼ਿਬਾਹ ਹੁੰਦੀ ਹੈ ਕਦੀ
ਲੋਰੀਆਂ ਦੀ ਉਮਰਾ
ਚਲੋ ਇਕ ਪਲ ਮੰਨ ਲਿਆ
ਇਕ ਕਦਮ ਤੁਰ ਪਿਆ
ਕ੍ਰਾਂਤੀ ਤੋਂ ਪਾਰ
ਥਿਰਕਦਾ ਹੋਏਗਾ ਸੁਨਹਿਰੀ ਸੁਫ਼ਨਾ
ਜੰਗਲ ਹੋਏਗਾ ਸ਼ਾਇਦ ਹਰਿਆ ਭਰਿਆ
ਪਰ ਦੋਸਤੋ ਕਿਉਂ
ਕ੍ਰਾਂਤੀ ਤੋਂ ਬਾਅਦ ਹੈ ਰੁਕ ਜਾਂਦੀ ਕ੍ਰਾਂਤੀ ?
ਕੀ ਹਰ ਕ੍ਰਾਂਤੀ ਪਿੱਛੇ ਨਹੀਂ ਲੁਕੀ ਹੁੰਦੀ ਸਥਾਪਤੀ ?
ਕੀ ਉਹ ਨਹੀਂ ਅੱਗ ਨੂੰ ਬਣਾਉਂਦੀ ਰਖੇਲ ?
ਕੀ ਉਹ ਪੀਲ–ਪਾਵੇ ਸੰਗ ਨਹੀਂ ਬੰਨ੍ਹਦੀ
ਤੁਰਦੀ, ਫਿਰਦੀ, ਭਬਕਦੀ ਅੱਗ ਦੇ ਕਦਮ ?
ਕੀ ਉਹ ਤ੍ਰਬਕ ਕੇ ਨਹੀਂ ਦਬੋਚ ਲੈਂਦੀ
ਧੂਣੀ ਸੰਗ ਜੁੜੇ ਪੰਛੀਆਂ ਦੇ ਬੋਲ ?
ਕੀ ਉਹ ਨਹੀਂ ਉਸਾਰਦੀ ਝਉਲਿਆਂ ਦੇ
ਪੁਸ਼ਤ–ਦਰ–ਪੁਸ਼ਤ ਰੇਤ ਦੇ ਪਹਾੜ ?
ਇਕ ਮਖੌਟਾ ਉਤਾਰਨਾ ਤੇ ਦੂਜਾ ਚਾੜ੍ਹਨਾ
ਕੀ ਇਸਨੂੰ ਹੀ ਆਖੋਗੇ ਕ੍ਰਾਂਤੀ ਤੁਸੀਂ ?



ਸੂਹੀ ਅੱਗ ਤਾਂ ਹੈ
ਸੁੱਚਾ ਰੰਗ ਜੋਗੀਆਂ ਦਾ
ਜੋ ਫ਼ਜ਼ਰ ਦੇ ਇੰਤਜ਼ਾਰ 'ਚ
ਰਾਤ ਭਰ ਮਘਦਾ ਰਹੇ
ਤੇ ਇੰਞ ਹਰ ਰਾਤ ਦੇ ਨਸੀਬ 'ਚ
ਇਕ ਇਤਿਹਾਸ ਖੁਣਦਾ ਰਹੇ।

ਅਗਰ ਮੰਨਦੇ ਹੋ, ਸਮਝਦੇ ਹੋ
ਕਿ ਅਖੌਤੀ ਖ਼ਤਰਿਆਂ ਦੀ
ਖਚਰ–ਵਿਦਿਆ ਦੇ ਬਲਬੂਤੇ
ਖੜ੍ਹਾ ਹੈ ਹਰ ਨਿਜ਼ਾਮ
ਜਿਸ ਦੀ ਪਿੱਠ ਪਿੱਛੇ ਦਨਦਨਾਉਂਦਾ ਹੈ
ਸੱਤਾ ਦਾ ਪ੍ਰੇਤੀ ਗ਼ਰੂਰ
ਅਤੇ ਕੁਝ ਹੋਰ ਪਿੱਛੇ ਛੁਪਿਆ ਹੈ
ਸਲੀਬਾਂ ਦੀ ਵਾਦੀ 'ਚ
ਕਿੱਲਾਂ ਦਾ ਇਕ ਜੰਗਲ
ਤਾਂ ਫਿਰ ਆਓ
ਸਥਾਪਤੀਆਂ ਦੀ ਕਬਰ ਚਿਣ ਕੇ
ਅੱਗ ਦੀ ਭੱਠੀ 'ਤੇ ਬਹੀਏ
ਅੱਗ ਦੀ ਸਮੀਪਤਾ 'ਚ ਜੁੜੀਏ
ਅੱਗ ਨੂੰ ਸਿਆਣੀਏ
ਮੱਥੇ 'ਚ ਅੱਗ ਬਾਲੀਏ
ਅੱਗ ਦਾ ਅਹਿਸਾਸ ਭੋਗੀਏ
ਅੱਗ ਦੀ ਹੋਣੀ ਬਣੀਏ
ਤਾਂ ਕਿ ਅੱਗ ਦੀ ਬਾਣੀ ਚਲਦੀ ਰਹੇ...
ਪੰਖੇਰੂਆਂ ਦਾ ਜੰਗਲ ਮਘਦਾ ਰਹੇ...
•
(ਅਕਤੂਬਰ ਬਾਰਾਂ, ਉੱਨੀ ਸੌ ਪਚਾਸੀ)

## ਫ਼ਰਕ

ਅਸੀਂ ਦਿਲ ਨਾਲ ਸੋਚਦੇ ਹਾਂ
ਤੁਸੀਂ ਦਿਮਾਗ਼ ਦੀ ਜ਼ਰੂਰਤ ਵੀ
ਮਹਿਸੂਸ ਨਹੀਂ ਕਰਦੇ
ਪਾਗਲ ਹਥਿਆਰਾਂ 'ਤੇ ਹੋ ਸਵਾਰ
ਅੱਗ ਦੀ ਵਰਖਾ ਕਰਦੇ ਹੋ
ਵਣ-ਤ੍ਰਿਣ, ਪਸ਼ੂ-ਪੰਛੀ
ਜਲ-ਥਲ, ਤਨ-ਮਨ ਨਿਰਮਲ
ਭਸਮ ਕਰਦੇ ਹੋ
ਹਰ ਪਲ
ਪਰ ਰੋਜ਼
ਹਰ ਮਹੀਨੇ
ਹਰ ਸਾਲ

ਦਿਲ ਨਾਲ ਸੋਚਣਾ
ਸਾਡੀ ਮਜਬੂਰੀ ਨਹੀਂ
ਸਾਡੀ ਜ਼ਾਤ ਹੈ
ਸੁਤੇ ਸਿੱਧ ਜਮਾਂਦਰੂ ਆਦਤ ਹੈ
ਸਹਿਜਤਾ 'ਚ ਇਕਮਿਕ ਹੋਈ
ਜਾਦੂਈ ਕਲਾਕ੍ਰਿਤ ਹੈ ਕੋਈ
ਹਰੇ ਕਚੂਚ ਵਣਾਂ 'ਚ ਸ਼ੂਕਦੀ
ਆਵਾਰਾ ਪੌਣ ਹੈ ਜਿਉਂ...
ਤੇ ਤੁਸੀਂ ਚਬਾ ਜਾਂਦੇ ਹੋ ਮਗਜ਼
ਆਹਲਾ ਭੋਜ ਦੇ ਭਰਮ ਪਾਲਦੇ
(ਦਿਮਾਗ਼ ਦੀ ਲੋੜ ਕਿਸ ਨੂੰ!)
ਤੇ ਪਚਣ ਤੋਂ ਬਹੁਤ ਪਹਿਲਾਂ



ਫ਼ਲੱਸ਼ 'ਚ ਵਹਾ ਦਿੰਦੇ ਹੋ
ਦੋਸਤੀ, ਮੁਹੱਬਤ, ਕਾਇਨਾਤ
ਹਥਿਆਰਾਂ 'ਤੇ ਸਵਾਰ ਤੁਸੀਂ ਨਹੀਂ ਕਦਾਚਿਤ
ਤੁਹਾਡੇ 'ਤੇ ਸਵਾਰ ਹੋਏ ਫਿਰਦੇ ਨੇ ਹਥਿਆਰ
ਖੁੱਲ੍ਹੀ ਮੰਡੀ 'ਚ ਜੋ
ਘੁੰਮਦਾ ਹੈ ਕਾਲਾ ਨਕਾਬਪੋਸ਼
ਉਹ ਹੋਰ ਕੋਈ ਨਹੀਂ
ਹਥਿਆਰ ਹੀ ਹੈ
ਜਿਸਨੂੰ ਨਾ ਦਿਲ ਦੀ ਖ਼ਲਿਸ਼ ਹੈ
ਨਾ ਦਿਮਾਗ਼ ਦੀ ਜ਼ਰੂਰਤ
ਉਹ ਸਾਨੂੰ ਖੋਜ ਰਿਹਾ ਹੈ
ਸਾਡੀ ਨਿਸ਼ਾਨਦੇਹੀ ਕਰ ਰਿਹਾ ਹੈ
ਹੌਲੀ ਹੌਲੀ ਸਾਨੂੰ ਕਾਬੂ ਕਰਨਾ ਲੋਚੇ
ਜਮਾ ਲਏਗਾ ਸਰਦਾਰੀ ਕੁੱਲੀਆਂ 'ਤੇ
ਨਿਗਲ ਲਵੇਗਾ
ਸਮੁੱਚੀ ਸਾਡੇ ਹਿੱਸੇ ਦੀ
ਧੁੱਪ, ਹਯਾਤੀ, ਪੌਣ-ਪਾਣੀ, ਸਪੇਸ
ਬਦਲ ਦਏਗਾ ਰੁੱਤਾਂ ਦੇ ਗੇੜ
ਤਿੱਥ, ਵਾਰ, ਮਹੀਨੇ, ਸਾਲ
ਨਾਚ, ਗਿੱਧੇ, ਬੋਲੀ, ਰੰਗ-ਢੰਗ
ਪੁਸ਼ਾਕ, ਸੋਚ, ਸਰਵ-ਸਭਿਆਚਾਰ
•
(1 ਅਪ੍ਰੈਲ 2004)

# ਗਜਾਧਾਰੀ

ਗਜਾਧਾਰੀ ਹਾਂ
ਮੈਂ ਇਕ ਗਜਾਧਾਰੀ
ਉਡਾਣ 'ਚ ਰਹਿੰਦਾ ਹਾਂ ਅਕਸਰ
ਬੋਹੜ ਦੀ ਬੋਦੀ 'ਚੋਂ
ਉਡਦਾ ਹਾਂ, ਉਡਦਾ
ਭਰਦਾ ਹਾਂ ਖਗ-ਉਡਾਣਾਂ
ਅੰਬਰ ਦੀ ਨੀਲੀ ਟਾਕੀ
ਚੀਰਦਾ ਹਾਂ, ਚੀਰਦਾ ਅਛੋਪਲੇ
ਨੀਲੱਤਣ 'ਚ ਜਾ ਲੱਥਦਾ ਹਾਂ....
ਦ੍ਵਿਤ ਹਾਂ,
ਦ੍ਵਿਤ
ਵਰਖਾ ਵਾਂਗ ਵਰ੍ਹਦਾ ਹਾਂ
ਜਲ ਵਾਂਗ ਵਗਦਾ ਹਾਂ
ਨਦੀ ਵਾਂਗ ਵਹਿੰਦਾ ਹਾਂ
ਮਹਾਂ-ਸਾਗਰਾਂ 'ਚ, ਵੇਗ-ਮੱਤਾ
ਹੋ ਜਾਂਦਾ ਹਾਂ ਲੋਪ....
ਜਟਾਧਾਰੀ, ਹਾਂ ਮੈਂ
ਜਟਾਧਾਰੀ ਨਹੀਂ ਐਪਰ
ਨਾ ਹੀ ਮੇਰੇ ਪਾਸ ਹੈ
ਕੋਈ ਜਾਦੂਈ ਚਮਟਾ
ਜਟਾਧਾਰੀ ਹੁੰਦਾ ਤਾਂ



ਝੀਲ 'ਤੇ ਰੁਕ ਜਾਂਦਾ
ਬੁੱਧ ਢੂਡੇਂਦਾ, ਮੋਕਸ਼ ਲੱਭਦਾ
ਜਾਂ ਤੇਰੇ ਦਰ 'ਤੇ ਚਮਟਾ ਵਜਾਉਂਦਾ
ਅਲਖ ਜਗਾਉਂਦਾ
ਸ਼ਿਵ ਦੀਆਂ ਜਟਾਂ ਲਹਿਰਾਉਂਦਾ
ਤੇਰੇ ਜਿਸਮ ਨੂੰ, ਸਿਰਫ਼,
ਮੋਮ ਵਾਂਗ ਪਿਘਲਾਉਂਦਾ
ਪਰ ਮੈਂ ਤਾਂ ਹਾਂ
ਗਜਾਧਾਰੀ ਦਾ ਗਜਾਧਾਰੀ
ਉਡਾਣ 'ਚ ਰਹਿੰਦਾ ਹਾਂ
ਨਦੀਂ ਵਾਂਗ ਵਹਿੰਦਾ ਹਾਂ
ਚੜ੍ਹਦਾ-ਲਹਿੰਦਾ: ਅੰਦਰ-ਬਾਹਰ...
•
(27 ਜੁਲਾਈ 2009)

## ਜਿਊਣਾ

(1)
ਸੱਠਾਂ ਨੂੰ ਢੁੱਕਾ ਹਾਂ
ਅਜੇ ਨਹੀਂ ਮੁੱਕਾ ਹਾਂ
ਕੰਮ 'ਤੇ ਜਾਂਦਾ ਹਾਂ
ਸੈਰ ਵੀ ਕਰਦਾ ਹਾਂ
ਨਜ਼ਮ ਵੀ ਲਿਖ ਲੈਂਦਾ ਹਾਂ
ਕਿਊ ਗਾਰਡਨਜ਼ ਹਿਲਜ਼ ਦੇ
ਘਣੇ ਬਿਰਖਾਂ ਹੇਠ ਖੜ੍ਹਦਾ
ਪਰਿੰਦਿਆਂ ਦੀ ਸਿੰਫ਼ਨੀ ਸੁਣਦਾ
ਪੁਰਖਿਆਂ ਨਾਲ ਜੁੜਦਾ ਹਾਂ
ਨਿਹਾਲ ਹੋ ਪੁੱਛਦਾ ਹਾਂ
ਹੇ ਬਾਲੇ ! ਹੇ ਮਰਦਾਨੇ !
ਹੈ ਏਥੇ ਕਿਤੇ
ਤੁਹਾਡੇ ਅੰਗ-ਸੰਗ
ਚਿੰਤਕ-ਸ਼ਾਇਰ: ਜਨ-ਨਾਨਕ
ਮੇਰੇ ਰੋਮ ਰੋਮ 'ਚ ਵਗਦੀ
ਪੌਣ-ਪੈਰੀ ਸਿੰਫ਼ਨੀ, ਮਲਕੜੇ ਜਿਹੇ,
ਕਵਿਤਾ ਅੰਦਰ ਕਰਦੀ ਹੈ ਪਰਵੇਸ਼

(2)
ਪੜ੍ਹਦਾ ਹਾਂ, ਸੋਚਦਾ ਹਾਂ
ਰਚਦਾ ਹਾਂ, ਗੁਣਗੁਣਾਉਂਦਾ ਹਾਂ
ਮੀਂਹ 'ਚ ਨੱਚਦਾ ਹਾਂ
ਧੁੱਪ 'ਚ ਹੱਸਦਾ ਹਾਂ
ਤਮਸ ਵੇਲੇ ਹਨ੍ਹੇਰੇ ਖ਼ਿਲਾਫ਼
ਆਪਣੀ ਮਿੱਟੀ ਦੇ ਅਨੁਕੂਲ



ਸਿਰਜਦਾ ਹਾਂ, ਸੁਫਨੇ ਵਿਦਰੋਹੀ
ਇੰਞ ਕਰਦਿਆਂ ਮੈਂ, ਜਿਊਂਦਾ ਹਾਂ
ਮੈਂ ਹਾਂ, ਤਾਂ ਜਿਊਂਦਾ ਹਾਂ
ਉਹ ਪੁੱਛਦੇ ਨੇ ਬੱਚਿਆਂ ਦੀ ਸ਼ਾਦੀ ਨਹੀਂ ਹੋਈ
ਮੈਂ ਮੁਸਕਰਾ ਛੱਡਦਾ ਹਾਂ
ਇਹ ਮਸਲਾ ਮੇਰਾ ਨਹੀਂ
ਜਿਸਦਾ ਹੈ ਉਸਦਾ ਹੀ ਹੈ
ਉਸ ਪਾਸ ਹੀ ਰਹਿਣ ਦਿਉ
ਮੈਂ ਹਾਂ, ਜਿਊਣ ਜੋਗਿਓ,
ਮੈਂ ਜਿਊਣ 'ਚ ਹਾਂ
ਉਹਨਾਂ ਨੂੰ ਵੀ ਜਿਊਣ ਦਿਓ !

(3)
ਮੇਰਾ ਨੌਜਵਾਨ ਗਵਾਂਢੀ
ਸਕੱਲ-ਕੈਪ ਪਾਈ, ਵੀਕ-ਐਂਡ 'ਤੇ
ਸਿਨੇਗਾਗ ਜਾਂਦਾ ਅਕਸਰ ਟੱਕਰਦਾ ਹੈ
'ਹੈਲੋ' ਕਰ ਹੀ ਲੈਂਦੇ ਹਾਂ ਅਸੀਂ
ਵੀਕ-ਡੇਅਜ਼, ਸੁਬਾਹ ਕੰਮ 'ਤੇ ਜਾਂਦਾ
ਦੇਰ ਰਾਤ ਘਰ ਵਾਪਿਸ ਆਉਂਦਾ
ਬੀਵੀ ਤੇ ਬੱਚੀ ਉਡੀਕ 'ਚ ਰਹਿੰਦੀਆਂ
ਥੱਕਿਆ ਰਹਿੰਦਾ ਹੈ ਹਰ ਵਕਤ
ਪੁੱਛ ਹੀ ਲੈਂਦਾ ਹੈ ਇਕ ਦਿਨ
'ਤੁਸੀਂ ਸੱਠਾਂ ਨੂੰ ਪੁੱਜੇ
ਹਰ ਰੋਜ਼ ਕੰਮ 'ਤੇ ਜਾਂਦੇ
ਸੈਰ ਕਰਦੇ, ਪੜ੍ਹਦੇ, ਲਿਖਦੇ
ਕਿਵੇਂ ਰਹਿੰਦੇ ਹੋ ਸੰਤੁਲਿਤ
ਕਿਵੇਂ ਰਹਿੰਦੇ ਹੋ ਟੈਨਸ਼ਨ-ਫਰੀ
ਮੌਤ ਤੋਂ ਭਓ ਨਹੀਂ ਆਉਂਦਾ ਕੀ ?'

ਮੈਂ ਹੱਸ ਕੇ ਆਖਦਾ ਹਾਂ–
'ਨੋ ਵਰੀਜ਼' ਮੇਰੇ ਬੱਚੇ ਉਡਾਰੂ ਨੇ
ਜਾਂ ਮੇਰੀ ਬੀਵੀ–ਮੈਨੂੰ ਪਤਾ ਨਹੀਂ
ਨਾ ਹੀ ਲੋੜ ਹੈ ਪੜਤਾਲਣ ਦੀ
ਪਰ ਜਾਣਦਾ ਹਾਂ, ਜਿਊਂਦਾ ਹਾਂ ਮੈਂ
ਜਿਊਣ 'ਚ ਰਹਿੰਦਾ ਹਾਂ, ਅਕਸਰ,
ਭਰਪੂਰ ਜਿਊਣ ਵਿਚ
ਮੌਤ ਦਾ ਕੀ ਹੈ: ਅਟੱਲਤਾ
ਇਸਦਾ ਵੀ ਹੋਣਾ ਚਾਹੀਦੈ
ਯਥਾਯੋਗ ਸਵਾਗਤ
ਕੀ ਅਸੀਂ ਕਰਦੇ ਨਹੀਂ ਸਵਾਗਤ
ਨਵ–ਜੰਮੇ ਬੇਬੀ ਦਾ
ਨਦੀ ਦੇ ਵਗਣ ਦਾ
ਸਮੁੰਦਰ ਦੇ ਸ਼ੂਕਣ ਦਾ
ਫੁੱਲਾਂ ਦੇ ਖਿੜਨ ਦਾ
ਕਰੂੰਬਲਾਂ ਦੇ ਫੁੱਟਣ ਦਾ
ਪੱਤਝੜ ਦੇ ਜਲੌਅ ਦਾ...'
ਆਖ਼ਿਰ, ਸੈਨਤ ਕਰਦਾ ਹਾਂ ਓਸਨੂੰ:
ਔਹ ਜੋ ਪਰਿੰਦੇ
ਘਣੇ ਬਿਰਖਾਂ 'ਤੇ ਬੈਠੇ
ਸਿੰਫਨੀ ਛੇੜ ਰਹੇ ਨੇ
ਸੁਣਿਆ ਹੈ ਕਦੇ ਉਹਨਾਂ ਨੂੰ
ਉਹ ਤਾਂ ਕਬੀਰ ਨੂੰ ਗਾਉਂਦੇ ਨੇ
ਜਿਸੁ ਮਰਨੇ ਤੇ ਜਗੁ ਡਰੈ
ਮੇਰੇ ਮਨਿ ਆਨੰਦੁ...
•



## ਤੁਰਦਿਆਂ

(1)
ਨਿਊਯਾਰਕ 'ਚ ਨੱਬੇ ਡਿਗਰੀ
ਸਾਈਡਵਾਕ 'ਤੇ ਤੁਰਦਿਆਂ ਡਿੱਠਾ
ਇਮਾਰਤਸਾਜ਼ੀ ਦਾ ਕੰਮ ਕਰਦੇ ਕਾਮੇ
ਪੰਜਾਬੀ 'ਚ ਗਾਲ੍ਹਾਂ ਕੱਢਦੇ,
ਕੀੜੀਆਂ ਦੀ ਲੰਮੀ ਡਾਰ
ਲੈ ਕੇ ਜਾ ਰਹੀ ਹੈ
ਨਿੱਕਸੁੱਕ ਆਪਣੇ ਗ਼ਾਰ–ਘਰ
ਮੰਦੇ ਦਿਨਾਂ ਦਾ ਹਾਫ਼ਿਜ਼,
ਸਿਨੇਗਾਗ ਦੇ ਬਾਹਰ ਖੜੋਤੇ
ਰੈਬਾਈ ਦੀ ਉਡੀਕ 'ਚ ਯਹੂਦੀ ਬੱਚੇ
ਰੈਬਾਈ ਦੇ ਰੱਬ ਤੋਂ ਅਵੇਸਲੇ
ਖਰੂਦੀ ਊਧਮ ਮਚਾ ਰਹੇ
ਘਾਹ 'ਚੋਂ ਚੋਗਾ ਚੁਗਦੇ ਕਬੂਤਰ
ਮੇਰੀ ਪੈੜ–ਚਾਪ ਸੁਣ ਫੁਰਰ ਫੁਰਰ
ਛੋਟੀ ਛੋਟੀ ਉਡਾਣ ਭਰਦੇ
ਲਾਗਲੇ ਲਾਅਨ 'ਚ ਉਤਰ
ਚਿੜੀਆਂ ਨੂੰ ਜਾ ਘੇਰਦੇ,
ਧੀਮੀ ਗਤੀ 'ਚ ਜਾ ਰਹੀ ਹੈ, ਇਕੱਲੀ
ਗੁਣਗੁਣਾਉਂਦੀ ਹੋਈ ਕਾਲੀ ਕੁੜੀ
ਸ਼ਾਇਦ ਗੁਣਗੁਣਾ ਰਹੀ ਉਹ
ਆਉਣ ਵਾਲੇ ਦੇ ਸਵਾਗਤ 'ਚ
ਆਪਣਾ ਗੋਲ ਪੇਟ ਪਲੋਸਦੀ ਹੋਈ,

ਰੱਬ-ਰੁੱਖ ਦੀ ਛਾਵੇਂ ਕਾਟੋ
ਪਿਛਲ-ਪੈਰਾਂ 'ਤੇ ਖੜ੍ਹੀ
ਬੁੱਧ ਦੀ ਮੁਦਰਾ 'ਚ ਅੰਤਰ-ਧਿਆਨ
ਕਰ ਰਹੀ ਹੈ ਅਰਦਾਸ ਕੋਈ
ਛਾਵਾਂ ਵੰਡਦੇ ਹਰੇ ਭਰੇ ਰੁੱਖਾਂ ਲਈ,
ਜਾਰਜ ਟਾਊਨ ਕੰਪਲੈਕਸ ਦਾ ਕਾਮਾ
ਗਾਰਬੇਜ ਸਾਂਭਦਾ, ਬੈਗ ਬਦਲਦਾ ਹੋਜ਼ੇ
ਆਖਦਾ ਹੈ-"ਮੂਚੋ ਕੇਲੋਰ[1] ਮਾਈ ਫ਼ਰੈਂਡ"
ਉਸਦੇ ਆਖੇ ਸ਼ਬਦ 'ਜਸਟ ਲਾਈਕ ਮੈਹੀਕੋ'[2]
ਮੇਰੇ ਕੰਨਾਂ 'ਚ ਗੂੰਜਣ
(2)
ਜਾ ਰਹੀ ਹੈ ਉਹ, ਮੇਰੀ ਗਵਾਂਢਣ
ਵਾਕਰ 'ਚ ਬੱਚਾ ਪਾਈ
ਸਿਰ ਕੱਜੀ, ਖ਼ਰੇਦੀ ਯਹੂਦਣ
ਸਕੱਲ-ਕੈਪ ਪਾਈ ਮੀਆਂ
ਖੁਰਚ ਰਿਹਾ ਹੈ ਭੂਰੀ ਦਾੜ੍ਹੀ
ਕੋਲੋਂ ਲੰਘਦਿਆਂ ਬੱਚੇ ਨੂੰ
ਹੱਥ ਹਿਲਾ 'ਹੈਲੋ' ਆਖਦਾ ਹਾਂ
ਬੱਚਾ ਮੁਸਕਰਾਉਂਦਾ, ਹੱਥ-ਪੈਰ
ਇਕੋ ਵੇਲੇ ਤੇਜ਼ੀ ਨਾਲ ਹਿਲਾਉਂਦਾ
ਜ਼ਿੰਦਗੀ ਦਾ ਜਸ਼ਨ ਮਨਾਉਂਦਾ ਹੈ
ਸਭ ਚੰਗਾ ਚੰਗਾ ਲਗਦਾ ਹੈ
ਸਭ ਆਪਣਾ ਆਪਣਾ ਲਗਦਾ ਹੈ

1. ਸਪੈਨਿਸ਼: ਬਹੁਤ ਗਰਮੀ ਹੈ ।
2. ਸਪੈਨਿਸ਼ ਭਾਸ਼ਾ ਵਿਚ ਮੈਕਸੀਕੋ ਦੇਸ਼ ਦਾ ਉਚਾਰਨ 'ਮੈਹੀਕੋ' ਹੈ।



ਅਸੀਂ ਮਿਲਦੇ ਹਾਂ ਇਕ ਪਲ
ਤੁਰ ਪੈਂਦੇ ਹਾਂ ਆਪਣੇ ਪੈਂਡੇ
ਤੁਰ ਰਿਹਾ ਹੈ ਹਰ ਕੋਈ
ਆਪਣੇ ਆਪਣੇ ਰਾਹ
ਆਪਣੀ ਆਪਣੀ ਮੰਜ਼ਿਲ
ਜੋ ਆ ਰਿਹਾ ਹੈ ਉਹ ਰਹੇਗਾ
ਜੋ ਚਲਾ ਗਿਆ ਵਾਪਿਸ ਨਹੀਂ ਆਉਂਦਾ
ਜੋ ਆਇਆ ਹੋਇਆ ਹੈ
ਉਹ ਵੀ ਜਾਏਗਾ ਇਕ ਦਿਨ
ਜੋ ਆ ਰਿਹਾ ਹੈ ਉਹ ਰਹੇਗਾ
ਤੁਰ ਗਿਆਂ ਦੀਆਂ ਵਿੱਥਾਂ ਭਰੇਗਾ
ਤੁਰਦਿਆਂ ਤੁਰਦਿਆਂ ਸਭ ਜਗ ਤੁਰਿਆ
ਕੋਈ ਨਾ ਦੀਸੈ ਬਾਹਰਾ ਜੀਓ
ਤੁਰਦਿਆਂ ਤੁਰਦਿਆਂ...
•

## ਬੀਵੀ

ਬਹੁਤ ਚੰਗੀ ਲਗਦੀ ਹੈ
ਬੀਵੀ
ਰਸੋਈ 'ਚ ਕੰਮ ਕਰਦਿਆਂ
ਧੀਆਂ ਨੂੰ ਝਿੜਕਦੀ, ਸਮਝਦੀ
ਸਮਝਾਉਂਦੀ
ਬਹੁਤ ਚੰਗੀ ਲਗਦੀ ਹੈ
ਆਖਦੀ ਹੈ ਮੈਨੂੰ-
ਬਾਪ ਬਣ ਕੇ ਰਿਹਾ ਕਰ
ਧੀਆਂ ਨਾਲ
ਆਪਣਾ ਰੋਅਬ-ਦਹਿਲ ਰੱਖਿਆ ਕਰ
ਇਹਨਾਂ ਨਾਲ
ਗੋਰਿਆਂ ਦੇ ਮੁਲਕ ਦਾ
ਕੀ ਭਰੋਸਾ!
ਅਣਛੋਹੇ ਰਾਹਾਂ 'ਤੇ ਚਲਦੀ ਹੈ
ਜਦ ਧੀ ਮੇਰੀ
ਅਣਡਿੱਠੇ ਮੁਲਕਾਂ 'ਚ ਕਰਦੀ ਹੈ
ਲੰਮੇ ਸਫ਼ਰ
ਹਰ ਰੰਗ, ਹਰ ਨਸਲ ਦੇ ਜਾਣੂੰ ਨੂੰ
ਆਖਦੀ ਹੈ ਦੋਸਤ
ਤੈਸ਼ ਵਿਚ ਆ ਜਾਂਦੀ ਹੈ
ਬੀਵੀ ਮੇਰੀ
ਝਿੜਕਦੀ ਹੈ ਮੈਨੂੰ-
ਤੂੰ ਹੀ ਵਿਗਾੜੀਆਂ



ਤੇਰੇ 'ਤੇ ਹੀ ਗਈਆਂ
ਕਾਲੇ, ਪੀਲੇ ਲਿਆਉਣਗੀਆਂ
ਫਿਰ ਸ਼ਾਂਤ ਚਿੱਤ ਹੋ
ਸਮਝਾਉਂਦੀ ਹੈ ਮੈਨੂੰ-
ਬਾਪ ਬਣ ਕੇ ਰਿਹਾ ਕਰ
ਦਬਦਬਾ ਰੱਖਿਆ ਕਰ
ਧੀਆਂ 'ਤੇ
ਜਦੋਂ ਕਦੇ ਵੀ
ਬੰਦ ਹੋ ਜਾਂਦੀ ਹੈ ਉਹ
ਈਲੀਅਟ, ਚੰਦਨ ਦੀ ਨਜ਼ਮ ਵਾਕੁਣ
ਖੋਲ੍ਹਣ ਲਈ ਓਸਨੂੰ
ਕੁੰਜੀਆਂ ਦੀ ਰਹਿੰਦੀ ਹੈ ਤਲਾਸ਼
ਖੁਲ੍ਹਦੀ ਹੈ, ਬੰਦ ਹੁੰਦੀ ਹੁੰਦੀ
ਫਿਰ ਖੁੱਲ੍ਹ ਜਾਂਦੀ ਹੈ
ਬੀਵੀ ਮੇਰੀ ਦੇ
ਬੰਦ ਹੋਣ ਤੇ ਖੁੱਲ੍ਹਣ ਦਾ
ਅਭਿਆਸ ਹੋ ਗਿਆ ਹੈ ਮੈਨੂੰ
ਅਭਿਆਸ ਦਾ ਅਭਾਸ ਹੈ
ਤਲਾਸ਼ ਹੀ ਅਭਿਆਸ ਹੈ
ਅਭਿਆਸ ਹੀ ਤਲਾਸ਼ ਹੈ
ਬੀਵੀ ਮੇਰੀ
ਖੁੱਲ੍ਹ ਰਹੀ ਹੈ ਹੌਲੀ ਹੌਲੀ
ਜਿਉਂ ਦੁਪਹਿਰ ਦੇ ਹੁੰਮਸ 'ਚ
ਠੰਢੀ ਹਵਾ ਰੁਮਕ ਆਏ
ਖੁੱਲ੍ਹ ਰਹੀ ਖਿੜਕੀ ਥਾਣੀਂ
•

## ਪਰਵਾਜ਼

(1)
ਸਰਹੱਦ ਦੇ ਇਸ ਪਾਰ
ਨਾ ਉਸ ਪਾਰ, ਮੈਂ ਵਸਦਾ
ਮੈਂ ਉਹ ਪੰਛੀ
ਜੋ ਆਪਣੀ ਪਰਵਾਜ਼ 'ਚ ਵਸਦਾ
ਮੈਂ ਉਹ ਜੁਗਨੂੰ
ਜੋ ਆਪਣੀ ਲੋਅ 'ਚ
ਜਗਦਾ-ਬੁਝਦਾ ਉਡਦਾ
ਨਾਲ ਮੇਰੇ ਨੇ ਵਸਦੇ
ਆਵਾਰਾ ਪੌਣ ਦੇ ਬੁੱਲ੍ਹੇ
ਏਧਰ ਸ਼ੂਕਣ, ਓਧਰ ਮੱਚਣ
ਦਮਾ ਦਮ ਮਸਤ ਕਲੰਦਰ
ਮਹੀਨ ਪੁਸਤਕਾਂ, ਸ਼ਬਦ ਨਿਆਰੇ
ਅਸੀਮ ਉਡਾਣਾਂ ਭਰਦੇ
ਵਿਚ ਮਿੱਤਰ ਪਿਆਰੇ ਵਸਦੇ
ਸੀਮਾ ਦੇ ਇਸ ਪਾਰ
ਉਸ ਪਾਰ
ਸਰਵ-ਲਾਟ 'ਚ ਇਕ ਜੱਗ ਵਸਦਾ
ਨਾ ਕੋਈ ਸਰਹੱਦ
ਨਾ ਕੋਈ ਦੇਸ
ਇਕ ਜੱਗ ਵਸਦਾ
ਇਕ ਜੱਗ ਰਸਦਾ



(2)
ਇਸ ਜੱਗ ਅੰਦਰ
ਇਸ ਸੱਥ ਅੰਦਰ
ਬੁੱਲ੍ਹਾ ਨੱਚੇ, ਗ਼ਾਲਿਬ ਨੱਚੇ
ਨੱਚੇ ਈਲੀਅਟ, ਵਿਟਮੈਨ
ਪਾਸ਼, ਪਾਬਲੋ, ਪਾਏਜ਼
ਮੇਲ੍ਹਣ ਮਚਦੇ ਪਿੜ 'ਚ
ਸਿਲਵੀਆ ਪਲੱਥ ਕਿਉਂ
ਲਟ ਲਟ ਬਲ ਗਈ
ਇਕ ਹਿਰਨੋਟੀ ਘਾਇਲ
ਸਭ ਬੋਲੀਆਂ ਦੀ
ਇਕ ਸਾਂਝੀ ਭਾਸ਼ਾ
ਕਹਿਣ ਨੂੰ ਕਵਿਤਾ ਨੱਚੇ
ਇਸ ਜੱਗ ਅੰਦਰ
ਇਸ ਸੱਥ ਅੰਦਰ
ਕਵਿਤਾ ਉਗਮੈ, ਵਿਗਸੈ
ਮੌਲੇ ਤੂਫ਼ਾਨੀ ਰੋਹ 'ਚ
ਆਪੂੰ ਧੀਮਾ ਨੱਚੇ
ਸਗਲਾ-ਨਾਚ ਨਚਾਏ
ਰੋਵੇ ਅੰਦਰਖਾਤੇ
ਬਾਹਰ ਖਿੜ ਖਿੜ ਹੱਸੇ,
ਨਾ ਇਸ ਪਾਰ
ਨਾ ਉਸ ਪਾਰ
ਕਵਿਤਾ ਵਸੈ, ਜਾਗੈ

ਪਰਾਂ ਦੇ ਅੰਦਰ
ਜਾਂ ਪਰ ਵਸਦੇ ਨੇ
ਕਵਿਤਾ ਦੇ ਧੁਰ-ਅੰਤਰ,
ਪਰਵਾਜ਼ ਹੈ ਅਪਰੰਮਪਾਰ
ਏਸ ਦੀ ਅੱਗ-ਛੋਹ 'ਚ ਭਿੱਜਾ
ਸਰਹੱਦਾਂ 'ਤੇ ਵਿਛਿਆ
ਪੁਰਾਤਨ ਬਰਫ਼ ਦਾ ਤੋਦਾ
ਤਿੜਕੇ ਤੇ ਖੁਰ ਜਾਵੇ...
•



## ਰਾਵਣ

ਰਾਵਣ ਆਖਦਾ ਹੈ-
ਮੈਂ ਮਰਿਆ ਨਹੀਂ
ਜ਼ਿੰਦਾ ਹਾਂ ਹਮੇਸ਼ਾ
ਮੈਂ ਤੁਹਾਡੇ 'ਚ ਹਾਜ਼ਰ ਹਾਂ
ਮੇਰਾ ਸਿਰਫ਼ ਜਿਸਮ ਹੀ....
ਕਰੋਧ 'ਚ ਲੱਥ-ਪੱਥ ਮੇਰੇ
ਇਲਮ ਦੇ ਕੱਦ ਜਿੱਡੇ, ਮੇਰੇ
ਮਹਾਂ-ਅਹੰਕਾਰ ਨੇ ਹੀ
ਫ਼ਨ੍ਹਾ ਕੀਤਾ ਹੈ ਮੈਨੂੰ
ਬ੍ਰਹਮ ਬਾਣ ਥਾਣੀਂ ਤਾਂ ਮੈਂ
ਮਾਨਵ-ਚੋਲਾ ਹੀ ਤਿਆਗਿਆ ਹੈ
ਹੇ! ਗੁਣੀ ਗਿਆਨੀ, ਅੰਤਰ ਧਿਆਨੀ
ਬ੍ਰਹਮ ਗਿਆਨੀ
ਹੇ! ਕਲਾਕਾਰ, ਵਿਗਿਆਨੀ
ਆਮ ਆਦਮੀ
ਉੱਪਰ ਥੱਲੇ ਨਾ ਵੇਖ
ਮੈਂ ਏਥੇ ਹੀ ਹਾਂ ਹਾਜ਼ਰ
ਤੁਹਾਨੂੰ ਖਿਣ ਖਿਣ ਤੋੜਦਾ ਹਾਂ
ਤੁਹਾਨੂੰ ਬਿੰਦ ਬਿੰਦ ਖੋਰਦਾ ਹਾਂ
ਤੁਹਾਡੇ 'ਚ ਉੱਤਰ ਚੁੱਕਾ ਹਾਂ

ਮੁੱਢ ਕਦੀਮ ਤੋਂ
ਤੁਹਾਨੂੰ ਖ਼ਬਰ ਤਕ ਹੀ ਨਹੀਂ
ਸਗਲ ਸ੍ਰਿਸ਼ਟ ਤੇ ਹੈ ਪਹਿਰਾ ਮੇਰਾ
ਮੈਂ ਹੁਣ ਤੁਹਾਡੇ ਤਾਣੇ-ਬਾਣੇ 'ਚ ਮੌਜੂਦ ਹਾਂ
ਮੈਂ ਇਕ ਹੋਰ ਹਓਂ-ਯਾਤਰਾ ਕੀਤੀ ਹੈ ਆਰੰਭ
ਹੁਣੇ ਹੁਣੇ
ਚੱਤੋ ਪਹਿਰ ਨਿਰਵਿਘਨ
ਅਸੰਖ ਵਕਤ ਨਿਰੰਤਰ
ਅਸੰਖ ਸਫ਼ਰ ਨਿਰੰਤਰ...
•



## ਨਥਿੰਗ

ਸਿਆਸਤ 'ਚ ਰਫ਼ਤਾਰ ਹੈ
ਅੱਜ ਏਧਰ ਕੱਲ੍ਹ ਓਧਰ
ਜੋ ਕੱਲ੍ਹ ਓਧਰ ਸੀ
ਅੱਜ ਏਧਰ ਹੈ
ਬੁੱਲ੍ਹਾ ਗਾਉਂਦਾ ਪਿਆ
'ਏਧਰੋਂ ਪੁੱਟਣਾ ਓਧਰ ਲਾਉਣਾ'
ਸਬੂਤ ਹਾਜ਼ਰ ਨੇ ਜਨਾਬ
ਚੈੱਕ ਨੰਬਰ ਦੱਸਦੇ ਨੇ
ਰਕਮਾਂ, ਅੰਕੜੇ ਹੱਸਦੇ ਨੇ
ਉਹ ਕਹਿੰਦੇ ਸਭ ਬਕਵਾਸ ਹੈ
ਹਿੰਦ ਨੂੰ ਧਰਵਾਸ ਹੈ
ਦਿੱਲੀ-ਦੰਗੇ ਹੋਏ ਬੀਤੇ
ਗੁਜਰਾਤ ਵੀ ਵਿਸਰ ਰਿਹਾ
1084ਵੇਂ ਦੀ ਮਾਂ ਹੁਣ
ਸੱਤਾ ਦੀ ਸੂਲੀ 'ਤੇ ਟੰਗੀ
ਪਹੁੰਚ ਗਈ ਹੈ ਬੰਦ ਗਲੀ
ਹੌਲੀ ਹੌਲੀ, ਨਿਰਵਿਘਨ
ਸਿਮਰਤੀ 'ਚੋਂ ਕਿਰ ਰਿਹਾ
ਘਟਨਾਵਾਂ-ਹਾਦਸੇ: ਇਤਿਹਾਸ
ਕਦਰਾਂ-ਕੀਮਤਾਂ: ਇਨਸਾਨ...
ਉਹ ਦੁਹਰਾਉਂਦੇ ਹਨ
ਇਹ ਸਭ ਬਕਵਾਸ ਹੈ
ਹਿੰਦ ਨੂੰ ਧਰਵਾਸ ਹੈ

ਕੁਝ ਵੀ ਨਹੀਂ ਹੋਇਆ
ਕੁਝ ਵੀ ਨਹੀਂ ਹੋ ਰਿਹਾ
ਮੇਰੇ ਲੋਕ ਜਪਦੇ ਨੇ
ਕਰਮਾਂ ਦਾ ਗੇੜ ਹੈ
ਕਿਸਮਤ ਦਾ ਖੇਲ ਹੈ
ਈਲੀਅਟ ਉਚਰ ਗਿਆ ਸੀ
'ਆਈ ਕੈਨ ਕੋਨੈਕਟ/ਨਥਿੰਗ ਵਿਦ ਨਥਿੰਗ
ਮਾਈ ਪੀਪਲ, ਹੰਬਲ ਪੀਪਲ/ਐਕਸਪੈਕਟ ਨਥਿੰਗ'
ਮੈਂ ਆਖਦਾਂ, ਜਾਗਦਿਓ ਅੱਧ ਸੁੱਤਿਓ
ਨਥਿੰਗ ਇਜ਼ ਆਲਸੋ ਸਮਥਿੰਗ
'ਨਥਿੰਗ' ਵੀ ਇਕ ਸ਼ਬਦ ਹੈ
ਖ਼ਾਲੀ ਖ਼ਾਲੀ
ਹਿੰਦੁਸਤਾਨ ਦੀ ਤਰ੍ਹਾਂ...
•



## ਜੁਗਨੂੰ

ਜੁਗਨੂੰ
ਪਕੜ 'ਚ ਨਹੀਂ ਆਉਂਦੇ
ਜੁਗਨੂੰ
ਰਾਤ
ਗਹਿਰੀ, ਹੋਰ ਗਹਿਰੀ
ਰਾਤ ਫੈਲਦੀ, ਫੈਲੀ
ਹੈ ਸਵੇਰ ਤੱਕ

ਆਕਾਸ਼
ਪਕੜ 'ਚ ਨਹੀਂ ਆਉਂਦਾ
ਅੰਨ੍ਹਾ ਆਕਾਸ਼–
ਜੁਗਨੂੰ–ਸਿਤਾਰੇ
ਸਿਤਾਰੇ
ਅੱਖਾਂ 'ਚ ਭਰਦੇ, ਉੱਤਰਦੇ,
ਰਾਤ ਭਰ
ਕੌਣ ਮੱਛੀ
ਜੋ ਨੀਲੇ ਸਮੁੰਦਰ 'ਚ ਫੁੰਕਾਰਦੀ,
ਝਪਟ ਗਈ
ਜੁਗਨੂੰ
ਉਸਦੀਆਂ ਅੱਖਾਂ 'ਚ
ਚਮਕਦੇ ਮੋਤੀ
ਮੋਤੀ
ਹੁਣ ਚਮਕਦੇ

-ਆਕਾਸ਼
ਮੇਰਾ ਨਹੀਂ
ਅੰਨ੍ਹਾ ਫ਼ਕੀਰ
ਜੁਗਨੂੰ ਟਿਮਟਿਮਾਉਂਦੇ
ਕਿਸਦੇ ਨੇ
ਤਾਰੇ, ਝਿਲਮਿਲਾਉਂਦੇ
ਕਿਸ ਦੇ ਨੇ, ਚਮਕਦੇ
ਮੱਛੀ ਦੀ ਅੱਖ 'ਚ
ਮੋਤੀ
ਚਮਕਦੇ
-ਕਿੱਥੇ ਹੈ ਫ਼ਲਕ
ਮੇਰਾ ਆਪਣਾ
ਰਾਤ ਮੇਰੀ ਆਪਣੀ
ਟਿਮਟਿਮਾਉਂਦੀ
ਰਾਤ, ਫੈਲੀ ਹੋਈ
ਸਵੇਰ ਤੱਕ
ਕੀ ਢੁੱਕੇਗੀ ਸਵੇਰ, ਦੇਰ,
ਬਹੁਤ ਨਹੀਂ
ਸੁਬ੍ਹਾ ਦੇ ਗਰਭ 'ਚ ਰਾਤ
ਉੱਤਰ ਜਾਏਗੀ
ਸੂਰਜ ਦੇ ਜਲੌਅ 'ਚ
ਨਿੱਖਰ ਜਾਏਗੀ ਰਾਤ
ਇਕ ਵਾਰ ਫਿਰ



ਸੂਰਜ ਦੇ ਅਸਤ 'ਚੋਂ
ਤੁਰੇਗੀ ਰਾਤ
ਜੁਗਨੂੰਆਂ ਸੰਗ
ਲੋਅ 'ਚ ਲਿਪਟੀ
ਬਾਤਾਂ ਪਾਉਂਦੀ
ਜੁਗਨੂੰ
ਆਉਣਗੇ ਜੁਗਨੂੰ
ਪਕੜ ' ਚ
ਜੁਗਨੂੰ
ਰੌਸ਼ਨੀ, ਅੰਬਰਾਂ ਥਾਣੀਂ,
ਸੁਬ੍ਹਾ ਤੱਕ
ਫੈਲ ਜਾਏਗੀ।
•

## ਦੂਰੀ

ਦੂਰੀ, ਦੂਰ ਹੀ ਨਹੀਂ
ਕਰੀਬ ਬੈਠਿਆਂ ਵੀ
ਆ ਝੰਬਦੀ ਹੈ
ਕਪਾਹ ਦੀਆਂ ਢੁੱਟੀਆਂ 'ਚੋਂ
ਤਿੜਕਦੇ, ਅਲੱਗ ਹੁੰਦੇ
ਵੇਖੇ ਹਨ ਕਦੇ, ਬੀਜ-

ਸਬ-ਵੇਅ 'ਤੇ
ਰੇਲ ਦੀ ਤਾਂਘ 'ਚ ਖਲੋਤੇ
ਕਿੰਨੇ ਕਰੀਬ ਹਾਂ ਅਸੀਂ
ਰੇਲ ਦੇ ਡੱਬਿਆਂ 'ਚ
ਅਸੀਂ
ਇਕ ਦੂਜੇ ਦੇ ਨੇੜੇ ਨੇੜੇ
ਵਧਦੀਆਂ ਦੂਰੀਆਂ
ਦਾ ਸਫ਼ਰ ਕਰਦੇ ਹਾਂ

ਦੁਪਹਿਰ ਵੇਲੇ
ਮਘਦੇ ਸੂਰਜ ਵਿਚ
ਸਿਰਫ਼ ਆਪਣੇ ਆਪਣੇ
ਪਰਛਾਵੇਂ ਨਾਲ
ਚਲਦੇ ਹਾਂ ਅਸੀਂ-

ਸਿਆਲੂ ਰਾਤੇ



ਚਿੱਟੀ ਸੜਕ 'ਤੇ
ਬਰਫ਼ ਦੇ ਕੰਕਰ
ਪੱਬਾਂ ਦੇ ਆਰ ਪਾਰ
ਪੋਰਾ ਪੋਰਾ ਧਸਦੇ
ਰਕਤ-ਚਾਲ
ਜ਼ਿਹਨ-ਪਾਸਾਰ
ਸੁੰਨ ਕਰ ਦਿੰਦੇ,
ਕਿਹੜਾ ਹੱਥ
ਸੁੰਨ-ਮਸਾਣ
ਬੰਦ ਦਰਵਾਜ਼ੇ 'ਤੇ ਅਣਸੁਣੀ
ਦਸਤਕ ਦੇਵੇ-

ਦੂਰ ਖਲੋਤੇ
ਪਹਾੜ ਦੇ ਕੱਦ ਵਾਂਗ
ਦੂਰੀ ਕਦੇ
ਨਾ ਘਟੀ ਨਾ ਵਧੀ,
ਲਗਾਤਾਰਤਾ 'ਚ ਵਗਦੀ ਰਹਿੰਦੀ
ਆਪਣੇ ਆਪ ਤੋਂ ਵੀ,
ਕੀ ਇੰਝ ਦੂਰ ਹੋ ਜਾਂਦਾ ਹੈ ਆਦਮੀ ?

ਸ਼ਾਇਦ
ਇਕ ਦਿਨ
ਮੱਛੀ ਨੇ ਕਿਹਾ ਸੀ-

ਪਿਆਸ
ਹੀਰੇ ਦੇ ਇਰਦ ਗਿਰਦ ਘੁੰਮਦਾ
ਦੁਨਿਆਵੀ ਰਿਸ਼ਤਾ, ਇਕਲੌਤਾ,
ਪਤਾ ਹੈ ਤੈਨੂੰ
ਤਾਂ ਮੇਰੇ ਸਮੁੰਦਰ ਵਿਚ ਆਵੀਂ
ਅਣਬੋਲੇ ਅਰਥ
ਕਿਨਾਰੇ ਖੁਰਚਦੇ, ਦੂਰ ਖਿਤਜ
ਚੁੱਪ ਦੀ ਤਲਬ 'ਚ
ਇਕ ਆਪਣਾ ਅੰਬਰ
ਸ਼ਬਦਾਂ ਸੰਗ ਸਿਰਜ ਬੈਠੇ
ਸ਼ੋਰ-ਮੁਕਤ ਤਰੇਲ-ਤੁਪਕਾ
ਚਾਨਣੀ 'ਚ ਨਹਾਉਂਦਾ
ਸਿਤਾਰਿਆਂ 'ਚ ਝਿਲਮਿਲਾਉਂਦਾ

ਕੀ ਅਸਾਡੀ ਦੂਰੀ
ਆਦਮੀ ਤੋਂ ਆਦਮੀ ਦੀ ਵਿੱਥ
ਆਪਣੇ ਆਪਣੇ ਰਕਤ-ਸੱਚ ਦਾ
ਸਫ਼ਰ ਹੈ ਇਕ
ਜਾਂ ਬਾਲ ਵਰੇਸੇ ਉਫ਼ਕ ਵਿਚ
ਦਫ਼ਨ ਹੈ ਜ਼ਹਿਰ ਕੋਈ!
•



## ਬੱਚੇ

ਬੱਚੇ ਤਾਂ ਕਵਿਤਾ ਹੁੰਦੇ ਹਨ
ਫੁੱਲਾਂ 'ਚੋਂ ਝਰਦੀ ਗੁਲਾਬੀ ਖ਼ੁਸ਼ਬੂ
ਕੋਰੇ ਕਾਗ਼ਜ਼ 'ਤੇ ਲਿਖੇ ਅਣਲਿਖੇ ਸ਼ਬਦ
ਰੱਬ ਤੋਂ ਪਰ੍ਹਾਂ ਇਕ ਨਿਰਮਲ ਸੱਚ

ਇਸ ਤੋਂ ਪਹਿਲਾਂ
ਕਿ ਉਹ ਖ਼ੁਸ਼ਬੋਈ ਹੋ ਉਡਣ
ਇਸ ਤੋਂ ਪਹਿਲਾਂ
ਕਿ ਉਹ ਕਵਿਤਾ ਬਣ ਮਚਣ
ਇਸ ਤੋਂ ਪਹਿਲਾਂ ਕਿ
ਉਹ ਰੱਬ ਹੋ ਜਾਵਣ
ਤੁਸੀਂ ਉਹਨਾਂ ਦੀ
ਜੀਭ, ਅੱਖ ਤੇ ਕੰਨ੍ਹ
ਖ਼ੁਦ ਬਣ ਜਾਂਦੇ
ਤੁਸੀਂ ਉਹਨਾਂ ਦੇ ਜ਼ਿਹਨ 'ਚ
ਖ਼ੁਦ ਰਚ ਜਾਂਦੇ
ਇਸ ਤੋਂ ਪਹਿਲਾਂ
ਕਿ ਉਹ ਨੰਨ੍ਹੇ ਹੱਥ
ਰਚਨਾ ਲਈ ਜੁੜਦੇ
ਅਰਸ਼ਾਂ ਨੂੰ ਛੋਂਹਦੇ
ਫ਼ਰਸ਼ਾਂ ਨੂੰ ਚੁੰਮਦੇ

ਤੁਸੀਂ ਉਹਨਾਂ ਹੱਥਾਂ 'ਚ
ਅੰਗਿਆਰ ਧਰ ਦਿੱਤੇ
ਅਣਛੋਹ ਰੇਖਾਵਾਂ 'ਚ
ਹਥਿਆਰ ਬੀਜ ਦਿੱਤੇ
ਕਬਰਾਂ ਦੀ ਫ਼ਸਲ
ਨਿਸਰਦੀ ਰਹੀ ਹੈ ਚੁਪਾਸੇ

ਇਸ ਤੋਂ ਪਹਿਲਾਂ
ਕਿ ਸੁਬ੍ਹਾ ਦੇ ਪੋਰਾਂ 'ਚ
ਤੀਜਾ ਨੇਤਰ ਲਾਟ ਬਣ ਮਚੇ
ਤੁਸੀਂ ਹਨੇਰੇ ਦੀ ਗ਼ਾਰ 'ਚ
ਗ਼ਰਕ ਜਾਓ ਤਾਂ ਬਿਹਤਰ ਹੈ
ਨਹੀਂ ਤਾਂ ਸਮੇਂ ਦੀ ਕਚਹਿਰੀ
ਲੇਖਾ ਜੋਖਾ ਕਰੇਗੀ
ਆਗਾਮੀ ਨਸਲਾਂ
ਇਕ ਮਾਰਗੀਕਰਨ ਦੇ ਸੌਦਾਗਰਾਂ ਤੋਂ
ਮੁਆਵਜ਼ਾ ਮੰਗਣਗੀਆਂ
ਯਕੀਨਨ, ਨਿਹਾਇਤ ਹੀ ਬਿਹਤਰ ਹੈ
ਤੁਹਾਡੇ ਲਈ
ਨ੍ਹੇਰੇ 'ਚ ਅਭੇਦ ਹੋਣਾ
ਤੇ ਬੱਚਿਆਂ ਨੂੰ ਬੱਚੇ ਰਹਿਣ ਦੇਣਾ
ਬੱਚੇ ਤਾਂ ਕਵਿਤਾ ਹੁੰਦੇ ਹਨ
ਫੁੱਲਾਂ 'ਚੋਂ ਝਰਦੀ ਗੁਲਾਬੀ ਖ਼ੁਸ਼ਬੂ



ਕੋਰੇ ਕਾਗ਼ਜ਼ ਨੂੰ ਸ਼ਬਦ ਹੋ ਜਾਣ ਦਿਓ
ਸ਼ਬਦਾਂ ਨੂੰ ਨਜ਼ਮ ਹੋ ਜਾਣ ਦਿਓ
ਨਜ਼ਮ ਨੂੰ ਰੱਬ ਹੋ ਜਾਣ ਦਿਓ
ਤੇ ਰੱਬ ਨੂੰ ਬੱਚਾ ਬਣ ਜੀਣ ਦਿਓ
ਤੋੜਕੇ ਦਕੀਆਨੂਸੀ ਜਨੇਊ
ਸਨਾਤਨੀ ਨਜ਼ਰ ਦਾ
ਤੁੰਦ-ਖਲਾਵਾਂ 'ਚ ਖ਼ੁਸ਼ਬੂ
ਫੈਲ ਜਾਣ ਦਿਓ!

•

## ਪੁਲ

(1)
ਆਖਦੇ ਨੇ-
ਪੁਲ ਤਾਂ
ਰਾਹਗੀਰਾਂ ਦੀ ਜਾਨ ਨੇ ਹੁੰਦੇ

ਪੁਲ ਕਦੇ ਵੀ ਮਤ ਤੋੜੋ
ਨਾ ਸਾੜੋ ਕਦੇ ਵੀ ਪੁਲ
ਜਦੋਂ ਤੱਕ ਤੁਸੀਂ ਪਾਰ ਨਹੀਂ ਲਗਦੇ
ਪਤਾ ਨਹੀਂ, ਕਦੋਂ ਤੱਕ ਪਾਰ ਨਹੀਂ ਲਗਦੇ...
ਇੰਝ ਵੀ ਹੋ ਸਕਦਾ ਹੈ
ਹੁੰਦਾ ਵੀ ਹੈ ਇੰਝ
ਮਨ ਪਰਦੇਸੀ ਜੋ ਥੀਆ
ਰਾਤ ਦੀ ਅੰਨ੍ਹੀ-ਨੀਲੀ ਅੱਖ 'ਚ
ਨਿੰਮ੍ਹਾ ਨਿੰਮ੍ਹਾ ਜਗਦਾ ਬੁਝਦਾ
ਸਰਘੀ ਦੇ ਸੂਰਜ ਦੀ ਖੋਹ 'ਚ
ਅਜੇ ਵੀ ਨਿੰਮ੍ਹਾ ਨਿੰਮ੍ਹਾ ਜਗਦਾ ਬੁਝਦਾ
ਜਗ ਬੁਝ, ਜਗ ਬੁਝ ਚਲੇ ਨਿਰੰਤਰ
ਪਹੁ ਫੁਟਦੇ ਹੀ, ਮਨ ਪਰਦੇਸੀ
ਨੰਗੇ ਪੈਰੀਂ ਵਾਪਿਸ ਮੁੜਨਾ ਲੋਚੇ
ਵਾਪਿਸ ਮੁੜਦਾ ਨੰਗ ਮੁਨੰਗਾ
ਜਟਧਾਰੀ ਸਾਧੂ ਆਲਮ ਜਿਸਦਾ
ਪੁਲ ਅਜੇ ਵੀ ਰਾਹ 'ਚ ਵਿਛਿਆ
ਉਸਦੇ ਕਦਮਾਂ ਦੀ ਆਹਟ ਦਾ
ਸਜਦਾ ਕਰਦਾ ਵਿਛਿਆ ਪੁਲ
ਉਸਦੇ ਕਦਮਾਂ ਦੇ ਚੁੰਮਣਾ 'ਚ
ਰੰਗਿਆ, ਖਿੜਿਆ, ਵਸਿਆ ਪੁਲ



ਵਸਦਾ ਪੁਲ ਤਾਂ ਸਭਹੁ ਜਗ ਵਸਿਆ
(2)
ਇੰਝ ਵੀ ਹੋ ਸਕਦਾ ਹੈ
ਅਕਸਰ ਹੋ ਸਕਦਾ ਹੈ ਇੰਝ
ਮਨ ਪਰਦੇਸੀ ਜੋ ਥੀਆ
ਜੰਗਲ, ਜੰਗਲ, ਬੇਲੇ, ਬੇਲੇ ਭਵਿਆ
ਭਟਕ, ਪਿਆਸ, ਤਾਲਾਸ਼, ਉਦਾਸੀ
ਸ਼ਾਮ ਦੇ ਰੰਗਾਂ 'ਚ ਉਹ ਘੁਲਿਆ
ਇਕ ਮਨ-ਚਿੱਤ ਹੋ ਬੈਰਾਗੀ ਭੰਵਰਾ
ਨੰਗੇ ਪੈਰੀਂ ਵਾਪਿਸ ਮੁੜਿਆ
ਸੰਧਿਆ ਵੇਲੇ ਆਣ ਟਿਕਾਣੇ ਲੱਗਾ
ਨਾ ਪੁਲ ਉਥੇ ਨਾ ਕੋਈ ਰਾਹੀ
ਉਹ ਸੋਚੇ ਪਈ ਲੋਕੀਂ ਆਖਣ-
ਪੁਲ ਰਾਹਗੀਰਾਂ ਦੀ ਜਾਨ ਨੇ ਹੁੰਦੇ
ਪੁਲ ਤਾਂ ਕਦਮ ਉਡੀਕਣ, ਸੁਣਿਆ
ਪਰ ਏਥੇ ਕਿਉਂ ਪੁਲਾਂ ਨੂੰ ਪੈਰ ਉਡੀਕਣ (?)
ਭਟਕਣ, ਘੁੰਮਣ, ਪਰਤਣ
ਜਿਥੋਂ ਆਏ ਸਨ ਪੈਰ ਪਰਦੇਸੀ
ਪਤਾ ਨਹੀਂ ਕਿਥੇ ਜਾਣ ਹੁਣ
ਪੈਰ ਤੇ ਮਨ ਦਾ ਰਿਸ਼ਤਾ
ਜਿਉਂ ਕਾਗਦੁ ਕਲਮ ਦਾ ਮਿਲਣਾ।

(3)
ਇੰਝ ਵੀ ਰੂਹ ਦਾ ਜੋਗੀ ਉਚਰੈ
ਰੂਹ ਦਾ ਜੋਗੀ ਇੰਝ ਉਚਰ ਸਕਦੈ
ਮਨ ਪਰਦੇਸੀ ਜੋ ਥੀਆ
ਨਾ ਏਥੇ ਨਾ ਉਥੇ
ਹਰ ਥਾਂ ਉਪਰ ਦੀਸੈ
ਸਭਹੁ ਜਗਤੁ ਪਰਾਇਆ
ਪੈਰ ਤੇ ਮਨ ਦਾ ਰਿਸ਼ਤਾ
ਜਿਉਂ ਕਾਗਦੁ ਕਲਮ ਦਾ ਮਿਲਣਾ!!
•



## ਦੌੜਾਕ

ਲੋਕ ਮਫ਼ਰੂਰ ਨਹੀਂ ਹੁੰਦੇ
ਕਿਸੇ ਵੀ ਸ਼ੈਅ ਤੋਂ ਸ਼ਾਇਦ
ਪਰ ਮੈਂ ਦੌੜਦਾ ਹਾਂ
ਆਪਣੇ ਆਪ ਤੋਂ
ਪਰਵੀਣ ਹਾਂ, ਨਿਪੁੰਨ ਹਾਂ, ਸਰਲ ਵੇਗ ਹੈ
ਜੀਕੂੰ ਬੱਗੇ ਬਲਦਾਂ ਦੀ ਜੋਗ ਜੁਤਦੀ ਹੈ
ਗੱਡੀ ਨੂੰ ਭਜਾਉਂਦੀ ਮੇਲਿਆਂ, ਵਿਆਹਾਂ, ਤਿਉਹਾਰਾਂ ’ਤੇ
ਉਹ ਬਹੁਤ ਵਾਰ ਉੱਤਰੀ, ਡੋਲੀ ਤੇ ਭਟਕੀ
ਗਾਹੇ, ਅਣਗਾਹੇ ਆਪਣੀ ਨਜ਼ਰ ਦੇ ਮਾਰੂਥਲਾਂ ਵਿਚ
ਜਿਥੇ ਉਸਾਰੇ ਸਨ ਉਸਨੇ ਰੇਤ ਦੇ ਉਨਾਭੀ ਘਰ
ਤੇ ਆਪਣੇ ਸੋਹਲ, ਗੋਰੇ, ਕਲਾਕਾਰੀ ਹੱਥਾਂ ’ਚ
ਮੇਰੇ ਖੁਰਦਰੇ, ਸੀਤਲ ਹੱਥਾਂ ਨੂੰ ਸਹਿਲਾਉਂਦੀ
ਆਪਣੀਆਂ ਮਖ਼ਮੂਰ ਸਬਜ਼ ਅੱਖਾਂ ’ਚ ਮੈਨੂੰ ਡੋਬਦੀ
ਉਸ ਆਖਿਆ-ਉਨਸ ਸ਼ਬਦ ਫਿਰ ਉਗਮਿਆ ਹੈ ਤਸਵੱਰ ’ਚ
ਵੇਖ, ਵਰ੍ਹਿਆਂ ਬਾਅਦ ਕੈਕਟਸ ’ਤੇ ਫੁੱਲ ਖਿੜੇ ਨੇ
ਮੇਰੀ ਖ਼ਵਾਬਗਾਹ ਦੇ ਬਾਹਰਵਾਰ ਅੰਤਾਂ ਦੀ ਬਰਫ਼ਬਾਰੀ ਹੈ
ਲਾਲ ਭਖ ਉਭਰੇ ਸੀਨੇ ’ਚ ਅੱਤ ਦਾ ਸੇਕ ਹੈ ਪਰ
ਆ, ਲਰਜ਼ਦੇ ਹੋਠਾਂ ’ਤੇ ਮਦਮਸਤ ਹੋਠ ਰੱਖ ਕੇ
ਖ਼ਵਾਹਗਾਹ ਨੂੰ ਸਪਰਸ਼ ਦਾ ਵਰਦਾਨ ਦੇ ਦੇਈਏ
ਸਾਹਾਂ ’ਚ, ਸੋਚਾਂ ’ਚ ਲਰਜ਼ਦੀ ਬਿਜਲੀ ਦਾ ਨਸੀਬ ਬਣੀਏ
ਸਹਿਜ ਪਲ ਦੇ ਸੇਕ ’ਚ ਮੋਮ ਹੋਇਆ ਸੀ ਦੌੜਾਕ

ਪਰ ਕਿਆਸੇ ਡਰ ਦੀ ਚਾਬੀ, ਹਨ੍ਹੇਰੇ ਸੰਘਣੇ 'ਚ
ਫਿਰਦੀ, ਘੁੰਮਦੀ, ਅੰਦਰੂਨੀ ਦਹਿਲ ਦੇ ਦਰਵਾਜ਼ੇ
ਪਰਤ-ਦਰ-ਪਰਤ ਖੋਲ੍ਹਦੀ, ਫਿਰ ਤ੍ਰਹਿ ਜਾਂਦੀ ਹੈ
ਦੱਬੇ ਪੈਰੀਂ ਮੁੜਦਾ, ਵਾਹੋਦਾਹੀ ਭੱਜਦਾ ਹੈ ਉਹ
ਜੀਕੂੰ ਮੰਗ ਰਿਹਾ ਹੋਵੇ ਕੋਈ ਉੱਡਦਾ ਪੰਛੀ
ਜਾਨ ਦੀ ਖ਼ੈਰ ਆਪਣੀ ਹੀ ਪਰਵਾਜ਼ ਤੋਂ
ਬਹੁਤ ਅੱਗੇ ਲੰਘ ਆਇਆ ਹਾਂ ਭੱਜਦਾ ਭੱਜਦਾ
ਆਪਣੇ ਆਪ ਤੋਂ ਬਹੁਤ ਅੱਗੇ ਲੰਘ ਆਇਆ ਹਾਂ
ਆਪਣੇ ਮੇਚ ਦਾ ਪਰਛਾਵਾਂ ਤਾਂ ਨਹੀਂ ਮਿਲਦਾ
ਪਰ ਮੈਂ ਆਪਣੇ ਹੀ ਮੇਚ ਦਾ ਕਿਉਂ ਨਹੀਂ ਹੋਇਆ
ਸ਼ਾਇਦ, ਇਸ ਦੌੜਾਕ ਨੂੰ ਸ਼ੀਸ਼ੇ ਦੀ ਥੋੜ੍ਹ ਹੈ
ਹਾਂ, ਸ਼ੀਸ਼ੇ ਸਾਹਵੇਂ ਆਪਣਾ ਕੱਦ ਮਾਪਣ ਦੀ ਲੋੜ ਹੈ
ਤੇ ਅੰਤਰ-ਖ਼ੌਫ਼ ਦੀ ਕੁੰਜ ਛੰਡਣ ਦੀ ਦੇਰ ਹੈ ਬਸ
ਫਿਰ ਆਏਗਾ ਉਹ ਵਾਪਿਸ ਭੱਜਦਾ ਆਪਣੇ ਆਪ ਕੋਲ
ਤੇ ਪਰਤ ਆਏਗਾ ਉਸ ਉਨਾਭੀ ਘਰ
ਛੋਹ ਲਈ, ਮੋਹ ਲਈ, ਅਨੁਭਵ ਲਈ
ਜਿਥੇ ਅਨੁਰਾਗ-ਵਿਰਾਗ ਸੰਗ ਲਬਰੇਜ਼ ਸਬਜ਼-ਸਾਗਰ
ਅੱਗ 'ਚ ਉੱਤਰ
ਜਪੁ ਤਪੁ ਕਰਦੇ
ਛੋਹ ਲਈ, ਮੋਹ ਲਈ, ਅਨੁਭਵ ਲਈ।

•



## ਆਵਾਜ਼ਾਂ

(1)
ਸੱਤਰੰਗੀ ਪੀਂਘ 'ਚ ਭਿੱਜੀ
ਉਸਨੇ ਮਾਰੀ ਸੀ ਆਵਾਜ਼
ਧੁੱਪ 'ਚ ਤਿੱਤਲੀ-ਰੰਗਾ
ਲਹਿਰਾਇਆ ਸੀ ਪਰਚਮ, ਪਰ
ਪੈਰਾਂ 'ਚ ਧਸ ਗਏ ਪਹਾੜ
ਕੰਨਾਂ 'ਚ ਪਿਘਲ ਗਿਆ ਸਿੱਕਾ
ਜੋਤ ਵਿਚ ਜੜਿਆ ਗਿਆ ਤਾਂਬਾ
ਹੱਥਾਂ 'ਚ ਢਲ਼ ਗਿਆ ਫ਼ੌਲਾਦ

(2)
ਉਸਨੇ ਨੇਹ-ਭਿੱਜੀ
ਨਹੀਂ ਮਾਰੀ ਸੀ ਆਵਾਜ਼
ਤੇ ਨਾ ਹੀ
ਲਹਿਰਾਇਆ ਸੀ ਸੱਤਰੰਗਾ ਝੰਡਾ
ਉਸਨੇ ਤਾਂ ਮਾਰੀ ਸੀ
ਚੀਖ਼ ਬੁਲਬਲੀ
ਜੋ ਖੜੋਤ ਦੀ ਝਖ਼ ਠੰਢੀ
ਹਿੱਕ ਚੀਰਦੀ ਚੱਲ ਵੰਝੀ
ਹਵਾ ਰੁਮਕਣ ਲੱਗੀ
ਪੰਛੀ ਚਹਿਚਹਾਉਣ ਲੱਗੇ
ਧੁੱਪ ਦੀ ਕਾਤਰ ਫੈਲਣ ਲੱਗੀ

ਖ਼ਲਕਤ ਗੂੜ੍ਹੀ ਨੀਂਦ 'ਚੋਂ
ਜਾਗ ਉੱਠਣ ਲੱਗੀ, ਪਰ
ਸਾਡੇ ਕੰਨਾਂ ਅੰਦਰ ਫਿਰ
ਪਿਘਲ ਗਿਆ ਸਿੱਕਾ
ਪੁਤਲੀਆਂ ਦੇ ਆਰ-ਪਾਰ, ਫਿਰ
ਜੜਿਆ ਗਿਆ ਤਾਂਬਾ
ਆਵਾਜ਼ ਸਾਡੀ ਚਿਣੀ ਗਈ
ਐਮ. ਐਨ. ਸੀ. ਦੀ ਸੋਨ-ਦਾੜ੍ਹ
ਅੰਦਰ...
ਪਰ ਪਰਚਮ ਤਾਂ ਅਜੇ ਵੀ
ਹਵਾ 'ਚ ਲਹਿਰਾ ਰਿਹਾ
ਧੁੱਪ ਦੀ ਕਾਤਰ ਤਾਂ ਅਜੇ ਵੀ
ਰਹੀ ਹੈ ਫੈਲ, ਦੁਮੇਲ ਤੱਕ
ਕਿੱਥੇ ਹੈ ਆਵਾਜ਼ ਮੇਰੀ...
ਕਿੱਥੇ ਨੇ ਆਵਾਜ਼ਾਂ...
•
(7 ਫ਼ਰਵਰੀ 2010)



## ਖੜਾਵਾਂ

(1)
ਘਰ, ਕਾਰਾਂ ਤੇ ਬੈਂਕ ਖ਼ਾਤੇ
ਸ਼ੇਅਰ, ਲਾਕਰ ਤੇ ਗਹਿਣੇ-ਗੱਟੇ
ਸੋਚਦੇ ਹੋ ਤੁਸੀਂ ਵਾਰ ਵਾਰ
ਯਕੀਨਨ, ਇਹ ਤੁਹਾਡੇ ਨੇ,
ਪਰ ਕਿਆਸਿਆ ਹੈ ਕਦੇ
ਅੰਤਰ-ਝਾਤਿਆ ਹੈ ਕਦੇ
ਇਹ ਨਾ ਝੱਲਣ ਤੁਹਾਡੀ ਮਾਲਕੀ
ਇਹ ਨਾ ਕਰਨ ਤੁਹਾਡੀ ਚਾਕਰੀ
ਤੁਸੀਂ ਹੋ ਇਹਨਾਂ ਦੀ ਮਲਕੀਅਤ, ਦਰਅਸਲ
ਤੁਸੀਂ ਹੋ ਇਹਨਾਂ ਦੀ ਜ਼ਦ 'ਚ
ਨਹੀਂ-ਨਹੀਂ? ਨਹੀਂ ਤਾਂ ਸੁਣੋ
ਤੁਸੀਂ ਇਹਨਾਂ ਦੀ ਸੇਵਾ 'ਚ ਮਾਲਕੋ
ਕਿਉਂ ਕਰਦੇ ਹੋ ਨੱਠ-ਭੱਜ ਨਿਰੰਤਰ
ਕਿਉਂ ਰਹਿੰਦੇ ਹੋ ਸੋਚਾਂ ਸੋਚਦੇ
ਪਲ-ਛਿਣ, ਚੱਤੋ-ਪਹਿਰ, ਰਾਤ-ਦਿਨ
ਇਹ ਆਏ ਤਾਂ ਮਲੰਗੀ ਉੱਡੀ
ਇਹ ਆਏ ਤਾਂ ਫ਼ਕੀਰੀ ਤਿਆਗੀ
ਇਹ ਆਏ ਤਾਂ ਬਸੰਤੀ ਚੋਲਾ
ਜੀਨਾਂ 'ਚ, ਸਨੀਕਰਾਂ 'ਚ ਬਦਲਿਆ
ਇਹ ਆਏ ਤਾਂ ਸੂਰਜ ਦਾ ਸੁਫਨਾ
ਮਾਰਟਗੇਜ ਦੀ ਕਿਸ਼ਤ 'ਚ
ਰੋਜ਼ਾਨਾ ਅਸਤ ਹੁੰਦਾ ਵੇਖਿਆ

ਇਹ ਆਏ ਤਾਂ ਪਲ ਪਲ
ਘੜੀ ਦੀ ਸੂਈ ਨਾਲ ਨੂੜਿਆ ਗਿਆ
ਇਹ ਆਏ ਤਾਂ ਵਾਲ ਸਟਰੀਟੇ, ਕਲਪਨਾ,
ਖ਼ਿਆਲ, ਉਦਾਸੀ, ਪੱਥਰਾਂ 'ਚ ਚਿਣੇ ਗਏ
ਇਹ ਆਏ ਤਾਂ ਉੱਡਦੇ ਖੰਭ
ਸਟਾਕ ਐਕਸਚੇਂਜ ਦੀ
ਖਿੜਕੀ 'ਚ ਟੀਪ ਹੋ ਗਏ

(2)
ਹੋਸ਼, ਜੋਸ਼ ਨੇ ਲਈ ਹੈ ਅੰਗੜਾਈ
ਕੀ ਸੁਰਤੀ ਵੀ ਹੈ ਪਰਤ ਆਈ ?
ਕੀ ਬਹੁਤ ਦੇਰ ਹੋ ਚੁੱਕੀ ਸੀ ਭਲਾ ?
ਕੀ ਬਹੁਤ ਦੇਰ ਹੋ ਚੁੱਕੀ ਹੈ ਭਲਾ ?
ਦ੍ਰਿਸ਼ਟੀ ਦੇਖ ਸਕਦੀ ਹੈ ਦੂਰ ਤਕ
ਦ੍ਰਿਸ਼ਟੀ ਦੇਖ ਰਹੀ ਹੈ ਅੰਦਰੂਨ ਥਾਣੀਂ
ਡਰੈੱਸ ਸ਼ੂਅਜ਼ ਨਰੜ ਰਹੇ ਨੇ ਸਫ਼ਰ
ਸੂਟ-ਟਾਈਆਂ ਚਿਪਕ ਗਏ ਨੇ ਤਾਲੂ ਹੇਠ
ਵੇਖ ਸਕਦਾਂ ਹਾਂ ਮਲੰਗੀ ਚੋਲਾ ਲਹਿਰਦਾ
ਘੂਰ ਰਹੀਆਂ ਨੇ ਖੜਾਵਾਂ ਇਕ ਵਿੱਥ 'ਤੇ
ਜੇ ਚੋਲਾ ਪਾ ਲਵਾਂ ਤਾਂ...
ਜੇ ਖੜਾਵਾਂ ਪਾ ਲਵਾਂ ਤਾਂ...
ਜੇ ਉਦਾਸੀ 'ਤੇ ਨਿਕਲ ਪਵਾਂ ਤਾਂ...
•
(18 ਜਨਵਰੀ 2009)



## ਅਤ੍ਰਿਪਤੀ

ਮੁਕਦੀ ਨਹੀਂ ਕਦੇ ਤ੍ਰਿਸ਼ਨਾ
ਅਤ੍ਰਿਪਤ ਹੀ ਰਹਿੰਦਾ ਹਾਂ
ਭਾਵੇਂ ਸ਼ਾਂਤ ਹੋ ਜਾਏ ਸਾਗਰ
ਲਹਿਰਾਂ ਨਾਲ ਖਹਿੰਦਾ ਹਾਂ
ਡੈੱਕ ਦੀ ਚੇਅਰ 'ਤੇ ਲੇਟ
ਧੁੱਪ ਨੂੰ ਹੰਢਾਉਂਦਾ ਹਾਂ
ਜ਼ਕੂਜ਼ੀ ਦਾ ਨਿੱਘਾ ਪਾਣੀ
ਦੇਹੀ 'ਚ ਲਾਹੁੰਦਾ ਹਾਂ
ਸ਼ਿੱਪ ਦੀ ਡੈੱਕ 'ਤੇ ਤੁਰਦਿਆਂ
ਅਸੀਮ ਪਾਣੀ ਤੱਕਦਾ ਹਾਂ
ਸੁੰਨ ਰਾਤ ਦੇ ਉਤਰਨ ਵੇਲੇ
ਸ਼ਹੁ-ਸਾਗਰ ਦੀ ਕੁੱਖੇ
ਡੁੱਬਣ ਤੋਂ ਤਰਾਹੁੰਦਾ ਹਾਂ
ਆਪਣੀ ਕੈਬਿਨ ਨੂੰ ਮੁੜਦਾ ਹਾਂ
ਬਿਸਤਰ 'ਤੇ ਨਾਗ-ਵਲ ਪਾਈ
ਸਿਆਹ ਸਾਗਰ ਨੂੰ ਮਿਲਦਾ ਮਿਲਦਾ
ਛੱਲਾਂ 'ਚ ਘਿਰਦਾ ਹਾਂ
ਲਹਿਰਾਂ ਦੇ ਵੇਗ 'ਚ ਲਿਪਟਿਆ
ਸਮੁੰਦਰ ਹੋ ਜਾਂਦਾ ਹਾਂ
ਸੁਰਖ਼ ਧਰਤੀ ਨੂੰ ਟੋਂਹਦਾ ਹਾਂ
ਅਣਭਿੱਜੇ ਕੰਢਿਆਂ ਨੂੰ ਛੋਂਹਦਾ ਹਾਂ
ਮੇਰਾ ਕੈਬਿਨ ਅੰਨ੍ਹਾ ਸਮੁੰਦਰ
ਰਾਤ ਦੀ ਬੁੱਕਲ 'ਚ ਸਾਗਰ
ਸਿਰੀ ਚੁੱਕ ਫੁੰਕਾਰਦਾ
ਹਾਲੇ ਵੀ ਪਿਆਸਾ ਹੈ, ਕੀ
ਹਾਲੇ ਵੀ ਢੂੰਡੇ ਤ੍ਰਿਪਤੀ...
•

# ਸਹਿਮ

ਕੋਰਟ ਯਾਰਡ ਦੇ ਬਿਰਖ ਓਹਲੇ
ਘਾਤ ਲਾ ਕੇ ਬੈਠੀ ਹੈ ਬਿੱਲੀ
ਘੂਰ ਰਹੀ ਹੈ ਭੁੱਖੀਆਂ ਅੱਖਾਂ ਨਾਲ
ਪਰ ਤੋਲ ਰਹੇ ਜ਼ਖ਼ਮੀਂ ਪਰਿੰਦੇ ਨੂੰ
ਬੀਤ ਚੁੱਕੀ ਹੈ ਅੱਧੀ ਰਾਤ
ਮਾਂ ਨੂੰ ਨੀਂਦ ਨਹੀਂ ਆਉਂਦੀ
ਸੋਚਾਂ ਸੋਚ ਸੋਚ ਜਾਂਦੀ ਹੈ ਸਹਿਮ
ਤਲਾਕਸ਼ੁਦਾ ਧੀਅ ਘੂਕ ਸੁੱਤੀ ਪਈ
ਛੋਟਾ ਗੋਰੀ ਦੀ ਪਾਜ਼ੇਬ ਨਾਲ ਬੱਧਾ ਪਿਆ
ਵੱਡਾ ਹੈ ਐਸਾ ਸ਼ੈਦਾਈ
ਸ਼ਾਦੀ ਦੇ ਜ਼ਿਕਰ ’ਤੇ ਵੱਢ-ਖਾਊਂ ਕਰਦਾ
ਹੰਢਾ ਚੁੱਕਾ ਹੈ ਸਾਲ ਪੰਜਤਾਲੀ
ਹਾਰਟ-ਅਟੈਕ ’ਚੋਂ ਬਚ ਨਿਕਲਿਆ ਹੈ ਖਾਵੰਦ
ਧੀਅ ਤਾਂ ਕਦੋਂ ਦੀ ਘੂਕ ਸੁੱਤੀ ਹੈ
ਮਾਂ ਬੂਹਾ ਖੋਲ੍ਹਦੀ, ਇਧਰ ਓਧਰ ਵਿੰਹਦੀ
ਕਰ ਦਿੰਦੀ ਹੈ ਬੰਦ ਆਖ਼ਰ
ਕਦੀ ਚੁੱਕਦੀ ਹੈ ਅਖ਼ਬਾਰ
ਖ਼ਾਲੀ ਅੱਖਾਂ ਸੁਰਖ਼ੀਆਂ ਨੂੰ ਟੋਂਹਦੀਆਂ
ਕਰਦੀ ਹੀ ਜਾਂਦੀ ਹੈ ਆਨ-ਆਫ਼ ਟੀਵੀ
ਫਿਰ ਬੈੱਡ-ਰੂਮ ਤੇ ਲਿਵਿੰਗ ਰੂਮ ਅੰਦਰ



ਪੋਲੇ ਪੋਲੇ ਸਾਹ-ਹੀਣ ਪੱਬ ਧਰਦੀ ਹੈ
ਸਾਹ ਫੁੱਲਦਾ ਹੈ ਜਾਂ ਧਰਤੀ ਘੁੰਮਦੀ ਹੈ
ਕੋਈ ਦਿਸ਼ਾ, ਦੁਮੇਲ ਨਜ਼ਰ ਨਹੀਂ ਆਉਂਦਾ
ਹੀਆ ਟੁੱਟਿਆ, ਅੰਗਾਂ ਦਾ ਹੰਭਣ-ਵੇਲਾ
ਖਿੜਕੀ ਕੋਲ ਜਾਂਦੀ ਹੈ ਖਲੋ ਹਫ਼ਦੀ
ਖਿੜਕੀ ਖੋਲ੍ਹ ਕੋਰਟ ਯਾਰਡ ’ਚ ਝਾਕਦੀ ਹੈ
ਬਿੱਲੀ ਜੋ ਸ਼ਹਿ ਲਾ ਕੇ ਬੈਠੀ ਸੀ
ਅਚਾਨਕ ਜ਼ਖ਼ਮੀਂ ਪਰਿੰਦੇ ’ਤੇ ਝਪਟੀ ਹੈ
ਪਰਿੰਦਾ ਫੜ ਫੜਾ ਰਿਹਾ ਹੈ ਖੰਭ ਆਪਣੇ...
•

## ਝੱਖੜ

(1)
ਪੌਣ ਦੇਵਤਾ ਦੇ ਕੰਨ 'ਚ
ਰੁੱਖਾਂ ਨੇ ਕੀਤੀ ਫ਼ਰਿਆਦ
ਧੁਆਂਖੀਆਂ ਨੇ ਸੜਕਾਂ
ਗਲੀਆਂ, ਮੁਹੱਲੇ, ਬਾਜ਼ਾਰ
ਬ੍ਰਹਿਮੰਡ 'ਚ ਸ਼ੋਰ ਹੈ
ਕਾਰਾਂ, ਟਰੱਕਾਂ, ਟਰਾਲਿਆਂ ਦਾ
ਉਡਣ-ਤਸ਼ਤਰੀਆਂ,
ਪਣ-ਡੁਬੀਆਂ ਦਾ
ਡਾਢੀ ਪਾਣੀਆਂ 'ਚ ਜ਼ਹਿਰ ਹੈ
ਹਵਾਵਾਂ 'ਚ ਗਹਿਰ ਹੈ
ਫਲਾਂ, ਸਬਜ਼ੀਆਂ, ਖਾਦ ਪਦਾਰਥਾਂ 'ਚ
ਸਿਰਜਿਆ ਆਦਮ ਦਾ ਕਹਿਰ ਹੈ
ਜੇ ਜਲ, ਜਾਨਵਰ, ਪੰਛੀ ਤੇ
ਵਣ-ਤ੍ਰਿਣ ਹੋ ਗਏ ਲੋਪ
ਬੱਚੇ ਦੀ ਕਿਲਕਾਰੀ ਦਾ ਕੀ ਬਣੇਗਾ
ਜੋ ਘਰ 'ਚ ਗਲੀ-ਮੁਹੱਲੇ 'ਚ
ਪਾਰਕਾਂ 'ਚ, ਸਕੂਲਾਂ ' ਵੱਜਣੀ ਲੋਚੇ
ਅਸਾਡੇ ਹਸ਼ਰ ਦਾ ਨਾ ਸੋਚਣਾ
ਕਦਾਚਿਤ ਗੁਰੂਦੇਵ...

(2)
ਪੌਣ-ਦੇਵਤੇ ਨੇ ਅਰਧ-ਨੀਂਦ 'ਚੋਂ
ਜਾਗਦਿਆਂ, ਉੱਠਦਿਆਂ ਯਕਦਮ



ਐਸੀ ਅੱਖ ਪੁੱਟੀ ਕਹਿਰੀ-ਕਰੋਪੀ
ਬੱਦਲਾਂ ਦਾ ਰੰਗ ਕੁਝ ਪਲਾਂ-ਛਿਣਾਂ 'ਚ
ਹਰੇ ਤੋਂ ਲਾਲ,
ਲਾਲ ਤੋਂ ਸਿਆਹ
ਐਸਾ ਵਟਿਆ, ਐਸਾ ਚੜ੍ਹਿਆ
ਬ੍ਰਹਿਮੰਡ ਝੱਖੜਾਂ 'ਚ ਘਿਰ ਗਿਆ
ਸ੍ਰਿਸ਼ਟੀ 'ਚ ਸਿਰਫ਼ ਤੇ ਸਿਰਫ਼
ਹੈਸੀ ਸ਼ੂਕਦੀ ਪਾਗਲ ਹਵਾ
ਗਿਰਦੇ ਹੋਏ ਸੌ ਸਾਲਾ ਬਿਰਖ ਸਨ ਉਖੜਦੇ
ਨਾਲ ਨਾਲ ਉੱਡ ਰਹੇ ਸਨ
ਛੱਤਾਂ, ਬਾਰੀਆਂ ਤੇ ਦਰਵਾਜ਼ੇ
ਦਹਿਸ਼ਤ ਦੀ ਮੁੱਠ 'ਚ ਜਕੜੀ
ਛੁਪਣਗਾਹਾਂ ਲੱਭਦੀ
ਨੱਠੀ ਫਿਰਦੀ ਸੀ ਲੋਕਾਈ...

(3)
ਹੁਣ ਤਾਂ ਲੰਘ ਗਿਆ ਹੈ ਝੱਖੜ
ਪੌਣ-ਦੇਵਤਾ ਲਗਦਾ ਹੈ ਖ਼ਾਮੋਸ਼
ਖ਼ਲਕਤ ਨਿਕਲੀ ਹੈ ਘਰੋਂ ਬਾਹਰ
ਘਰਾਂ, ਕਾਰਾਂ, ਸੜਕਾਂ ਦੀ ਟੁੱਟ-ਭੱਜ ਦੇ
ਲੱਗ ਰਹੇ ਨੇ ਅਨੁਮਾਨ
ਕੈਮਰਿਆਂ 'ਚ ਹੋ ਰਹੇ ਨੇ ਕੈਪਚਰ
ਤਬਾਹੀ ਦੇ ਮੰਜ਼ਰ
ਵਾਤਾਵਰਣ ਕਰਮੀ ਹੋਏ ਨੇ ਤਿਆਰ

ਉੱਖੜੇ ਬਿਰਖਾਂ ਦੀ
ਸਾਫ਼-ਸਫ਼ਾਈ ਲਈ

(4)
ਆਪਣੇ ਆਪਣੇ ਬਾਬੇ ਦੀ ਉਂਗਲੀ ਫੜ੍ਹੀ
ਆਏ ਹਨ ਪੋਤੇ, ਪੋਤਰੀਆਂ
ਘੂਰ ਰਹੇ ਨੇ ਗਿਰ ਚੁੱਕੇ
ਵੱਢ-ਟੁੱਕ ਹੋ ਰਹੇ ਰੁੱਖਾਂ ਨੂੰ
ਸੋਚਦੇ ਨੇ ਕੱਲ ਤੱਕ ਜਿੱਥੇ
ਖੇਡਦੇ ਸਾਂ
ਜਿਨ੍ਹਾਂ ਦੀ ਛਾਂ ਹੇਠ
ਉਹ ਕਿਉਂ ਹੋ ਗਏ ਨੇ ਲੋਪ, ਅਚਾਨਕ
ਬੱਚੇ ਅਹਿੱਲ ਚੁੱਪ-ਚਾਪ
ਸਿਰਫ਼ ਘੂਰਦੇ ਹਨ
ਗਿਰੇ ਹੋਏ ਰੁੱਖਾਂ ਨੂੰ
ਕਿਲਕਾਰੀ ਨਹੀਂ ਮਾਰਦੇ...
ਕਿਤੇ ਭੁੱਲ ਹੀ ਨਾ ਜਾਣ
ਕਿਲਕਾਰੀ ਮਾਰਨਾ
ਕਿਤੇ ਬੰਦ ਹੀ ਨਾ
ਮਾਰਨੀ ਤੇ ਸੁਣਨੀ ਹੋ ਜਾਏ ਕਿਲਕਾਰੀ...।
•
(30 ਸਤੰਬਰ 2010)



## ਹੋਣਾ

(1)
ਜੇ ਤੂੰ ਨਾ ਹੁੰਦੀ
ਮੈਂ ਹੁੰਦਾ ਵੀ ਤਾਂ
ਨਾ ਜੰਮਦੀ ਧੀ 'ਕਵਿਤਾ'
ਤੇ ਨਾ ਹੁੰਦੀ 'ਹਰਲੀਨ'
ਜੇ ਤੂੰ ਹੈਂ
ਤੇ ਮੈਂ ਵੀ ਹਾਂ
ਤਾਂ ਇਹ ਹੈ ਸਾਡਾ ਹੋਣਾ
ਕੀ ਇਸਨੂੰ ਕਹਿੰਦੇ ਹੋਣੀ?
ਤੂੰ ਹੁਣ 'ਚ ਸੈਂ
ਤੂੰ ਹੁਣ 'ਚ ਹੈਂ
ਮੈਂ ਵੀ ਇੰਞ ਸਾਂ
ਇੰਞ ਹਾਂ ਮੈਂ ਵੀ
ਕੀ ਸਾਡਾ ਹੋਣਾ ਸਗਲ- ਨਿਰੰਤਰ?

ਜਿੱਥੋਂ ਅਸੀਂ ਆਏ ਹਾਂ
ਜਿਨ੍ਹਾਂ ਦੇ ਅਸੀਂ ਜਾਏ ਹਾਂ
ਉਹ ਵੀ ਅਸੰਖ ਸਮੇਂ ਦੀ ਕੜੀ
ਅਸੀਂ ਹਾਂ, ਅਭੇਦ ਜਿਸਮ
ਅਗਾਊਂ ਵਕਤਾਂ 'ਚ ਫੈਲਦੀ ਅਨੰਤ ਕੜੀ

(2)
ਜੇ ਤੂੰ ਨਾ ਹੁੰਦੀ
ਜੇ ਮਾਂ ਨਾ ਹੁੰਦੀ

ਨਾ ਮੈਂ ਹੁੰਦਾ ਨਾ ਬੱਚੇ
ਕੀ ਹੋਣਾ ਸੀ ਸਾਡਾ ਹੋਣਾ
ਕੜੀਆਂ ਦਾ ਦਿਸਹੱਦੇ ਤੱਕ ਟੁੱਟਣਾ
ਜੇ ਪੂਰਵਜ ਨਾ ਹੁੰਦੇ
ਆਦਿ ਆਦਮ ਨਾ ਹੁੰਦਾ
ਨਾ ਹੁੰਦੀ ਬੇਬੇ ਈਵ
ਕੀ ਹੋਣਾ ਸੀ ਬ੍ਰਹਿਮੰਡ
ਜੇ ਨਾ ਹੁੰਦੀ ਆਵਾਜ਼ ਕੋਈ
ਨਾ ਕੋਈ ਸਿਰਜਕ ਸ਼ਬਦ ?

ਜਲ-ਥਲ ਤਾਂ ਹੁੰਦੇ
ਸ਼ਾਇਦ ਹਵਾ ਹੁੰਦੀ ਰੁਮਕਦੀ
ਵਣ-ਤ੍ਰਿਣ ਹੁੰਦੇ ਝੂਮਦੇ
ਪਸ਼ੂ-ਪੰਛੀ ਰਹਿੰਦੇ ਵਿਗਸਦੇ
ਕੋਇਲ ਸੁਰਾਂ ਅਲਾਪਦੀ
ਝਰਨੇ, ਨਾਲੇ, ਦਰਿਆ
ਕਲ ਕਲ ਵਗਦੇ
ਪਰ ਕੋਈ ਨਾ ਵਿਹੰਦਾ
ਕੋਈ ਨਾ ਸੁਣਦਾ
ਅਸਾਂ ਦਾ ਹੋਣਾ, ਨਾ-ਹੋਣਾ
ਕੀ ਕੋਈ ਫ਼ਰਕ ਸੀ ਪੈਣਾ...?
•



## ਘੁੰਢੀਆਂ

(1)
'ਬਰਲਿਨ ਵਾਲ' ਗਿਰਨ ਤੋਂ ਪਹਿਲਾਂ
ਅਮਰੀਕੀ ਫੇਰੀ ਤੋਂ ਪਰਤਿਆ,
ਕਾਮਰੇਡ ਨੌਨਿਹਾਲ, ਕਰਦਾ ਹੈ ਸਾਂਝੀ
ਹੈਰਾਨੀਜਨਕ, ਕੁਝ, ਭੇਤ ਭਰੀ ਗੱਲ
'ਮੋਖੇ, ਅਮਰੀਕਾ ਤਾਂ ਭਰਿਆ ਪਿਆ
ਗਿਆਨ-ਵਿਗਿਆਨ ਦੀਆਂ
ਅਜ਼ੀਮ ਪੁਸਤਕਾਂ ਨਾਲ
ਕੁਲ ਆਲਮੀ ਅਦਬ ਨਾਲ
ਜੋ ਵੀ ਚਾਹੋ
ਜਿੰਨਾਂ ਵੀ ਚਾਹੋ ਤੁਸੀਂ
ਅਰਸਤੂ ਤੋਂ ਮਾਰਕਸ ਤੱਕ
ਸਾਰਤਰ ਤੋਂ ਨੈਰੂਦਾ ਤੱਕ
ਕਰ ਸਕਦੇ ਹੋ ਹਾਸਿਲ ਚਾਨਣ...'

ਆਖਦਾਂ ਹਾਂ, ਬਾਈ ਜੀ
ਇਹ ਤਾਂ ਪਤੇ ਦੀ ਗੱਲ ਹੈ
ਸਾਰੇ ਚਰਚਿਤ ਮਿੱਥ, ਮੂਧੇ, ਚਿੱਤ

(2)
ਕੁਝ ਵਰ੍ਹਿਆਂ ਬਾਦ
ਅੱਖਾਂ 'ਚ ਸੁਪਨੇ ਰੰਗੀਲੇ
ਨਿਊਯਾਰਕ ਆਣ ਵਸਦਾ ਹਾਂ
ਹੌਲੀ ਹੌਲੀ ਪੁਲਾਂਘਾਂ ਪੁੱਟਦਾ

ਤੇ ਕੌਮਾਂਤਰੀ ਵਿੱਤ ਦਾ
ਖੁੱਲ੍ਹ ਜਾਂਦਾ ਹੈ ਸਤਰੰਗੀ ਬੂਹਾ
ਜਿਸ ਅੰਦਰ ਤੈਰ ਰਹੀਆਂ ਸਨ
ਪੱਥਰਾਂ ਦੇ ਫ਼ਰਸ਼ 'ਤੇ ਜਲ-ਪਰੀਆਂ
ਮੈਂ ਅੰਦਰ ਲੰਘਿਆ ਹੱਸਦਾ ਹੱਸਦਾ...

ਪਰ ਉਹਨਾਂ ਤਾਂ ਮੇਰਾ ਵਕਤ ਚੁਰਾ
ਆਪਣੀ ਜੇਬ੍ਹ 'ਚ ਪਾ ਲਿਆ
ਉਹਨਾਂ ਮੇਰੀ ਅੱਖ, ਕੰਨ, ਜੀਭ
ਡੈੱਸਕ-ਟਾਪ 'ਚ ਜੜ ਦਿੱਤੇ
ਉਹਨਾਂ ਮੇਰਾ ਸਿਰ ਕੱਟ
ਧੜ ਘਰ ਨੂੰ ਤੋਰਿਆ
ਕੀ ਇਹ ਸੰਭਵ ਹੈ ਕਿ
ਮੈਂ ਹੀ ਗ਼ਲਤ ਸੋਚ ਰਿਹਾਂ?
ਧੜ ਕਿਵੇਂ ਸੋਚ ਸਕਦੀ ਏ ਭਲਾ?
ਕਾਮਰੇਡ, ਉਹ ਕਿਤਾਬਾਂ,
ਉਹ ਗਿਆਨ-ਵਿਗਿਆਨ ਦਾ ਭੰਡਾਰ
ਕਿੱਥੇ ਹੈ ਇੱਥੇ- ਵਿਚ ਅਮਰੀਕਾ?

(3)
'ਕਵਿਤਾ' ਘੁੰਮਦੀ ਹੈ ਖ਼ਾਨਾਬਦੋਸ਼
ਕਦੀ ਟੀਚਰ, ਕਦੀ ਪੱਤਰਕਾਰ ਤੇ ਕਦੀ
ਕਰਦੀ ਹੈ ਨਾਨ-ਪਰਾਫ਼ਿਟ 'ਚ ਕੰਮ
ਅਕਸਰ ਕਹਿੰਦੀ ਹੀ ਰਹਿੰਦੀ ਹੈ-
'ਡੈਡ, ਜਿਊਣ ਦੀ ਜਾਚ ਸਿੱਖੋ
ਟਿਪੀਕਲ ਆਵਾਸੀ ਨੂੰ ਤਿਆਗੋ
ਕੀ ਲੋੜ ਹੈ ਹੱਡ ਤੋੜਨ ਦੀ
ਸੰਜੀਦਾ ਪੜ੍ਹੋ, ਲਿਖੋ, ਕਸਰਤ ਕਰੋ



ਟਰੈਵਲ ਕਰੋ, ਆਰਗੈਨਿਕ ਖਾਓ
ਕਾਰਪੋਰੇਟ ਜਗਤ ਨੂੰ ਠੁੱਡਾ ਮਾਰੋ'

ਉਹ ਕਰਦੀ ਹੈ ਫ਼ੈਮੀਨਿਸਟ ਬਹਿਸਾਂ
ਆਪਣੇ 'ਮਰਦ' ਨਾਲ, ਦੋਸਤਾਂ ਨਾਲ
ਖ਼ੂਬ ਪੜ੍ਹਦੀ ਹੈ, ਲਿਖਦੀ ਹੈ
ਆਪਣੇ ਆਪ 'ਚ
ਰਹਿੰਦੀ ਹੈ ਸੰਪੂਰਨ
ਸਫ਼ਰ ਕਰਦੀ ਹੈ, ਨਿਰਛਲ ਵਗਦੀ ਹੈ
ਨਦੀ ਦੀ ਤਰ੍ਹਾਂ
ਮੈਨੂੰ ਤਾਂ ਲਗਦੈ
ਉਹ ਹੀ ਜਿਊਂਦੀ ਹੈ
ਜਿਸ ਨੂੰ ਕਹਿੰਦੇ ਨੇ ਜਿਊਣਾ

(4)
ਕਾਮਰੇਡ, ਇਨ੍ਹਾਂ ਘੁੰਡੀਆਂ ਵਿਚ ਫਸਿਆ
ਸਿਰ ਚੁੱਕਦਾ ਹੈ ਇਕ ਸਵਾਲ
ਕੀ ਧੜਾਂ 'ਤੇ ਵੀ
ਉੱਗ ਆਉਂਦੇ ਨੇ ਸਿਰ?
ਤੇ ਚੁਰਾਏ ਹੋਏ ਵਕਤਾਂ ਦਾ
ਮੈਂ ਕੀ ਕਰਸਾਂ?
•
(15 ਫ਼ਰਵਰੀ 2013)

## ਸ਼ਬਦ

ਬਾਹਰ ਜਾਪਾਂ ਕਲਮ-ਕੱਲਾ
ਝੱਲ ਵਲੱਲਾ
ਅੰਦਰ ਲਗਦੈ ਭੀੜ ਬਹੁਤ ਹੈ
ਹੇਮ ਪਰਬਤ ਭੁਰ ਰਿਹਾ ਹੈ
ਏਨਸ਼ੀਐਂਟ ਆਈਸਬਰਗ ਖੁਰ ਰਿਹਾ ਹੈ
ਟੋਟੇ ਟੋਟੇ ਖਿੰਡ ਰਿਹਾ ਹਾਂ
ਟੋਟਿਆਂ ਅੰਦਰ ਵਸ ਰਿਹਾ ਹਾਂ
ਜਾਂ ਟੋਟਿਆਂ ਥਾਣੀਂ ਆਪਣੇ ਅੰਦਰ
ਆਪਣੇ ਸੰਗ ਹੀ ਭਿੜ ਰਿਹਾ ਹਾਂ
ਪਰ ਬਾਹਰ ਵੀ ਤਾਂ ਭੀੜ ਬਹੁਤ ਹੈ
ਦੇਖਣ ਨੂੰ ਮੈਂ ਲੱਗਦਾ ਕੱਲਾ
ਅੰਦਰ ਬਾਹਰ, ਉਪਰ ਥੱਲੇ
ਜਮਘਟਾ ਹੈ ਜਾਂ ਭੀੜ ਬਹੁਤ ਹੈ
ਅੱਖ ਨਹੀਂ ਕੋਈ, ਕੰਨ ਨਹੀਂ ਹੈ
ਧੜ ਹੈ, ਸਿਰ ਤੋਂ ਵੱਖਰਾ ਤੁਰਦਾ
ਮਸਤਕ ਗ਼ਾਇਬ, ਦਿਲ ਨਹੀਂ ਹੈ
ਲੱਭਾਂ ਖ਼ੁਦ ਨੂੰ, ਪੁੱਛਾਂ ਖ਼ੁਦ ਨੂੰ
ਜਾਂ ਭੀੜ ਨੇ ਸਗਲਾ ਨਿਗਲ ਲਿਆ ਹੈ
ਮੈਨੂੰ ਇਸ ਦੀ ਥਹੁ ਨਹੀਂ ਹੈ
ਦੇਖਣ ਨੂੰ ਮੈਂ ਲੱਗਦਾ 'ਕੱਲਾ
ਅੰਦਰ ਬਾਹਰ ਭੀੜ ਬਹੁਤ ਹੈ
ਅੰਤਰ ਖੰਡਰ, ਬਾਹਰ ਧੜ ਹੈ



ਨਿਰਅਰਥੇ ਪੱਬ, ਕੱਛ ਰਿਹਾ ਪੈਂਡਾ
ਨਿਰਸ਼ਬਦੇ ਅੱਖਰ, ਬੇਥਵੀਆਂ ਉਚਰਾਂ
ਭੀੜ ਨੂੰ ਕੀ ਜਗਿਆਸਾ, ਕੀ ਉਦਾਸੀ
ਕਿਹੜੀ ਭਟਕਣ, ਕੈਸੀ ਮਨ-ਖੋਹ
ਤੂੰ ਕਿਉਂ ਝੱਲਾ ਹੋਇਆ ਫਿਰਨੈ
ਕਿਸ ਜੋਗੀ ਦੀ ਪੈੜ ਤੂੰ ਲੱਭਦੈਂ
ਅੰਦਰ ਬਾਹਰ ਭੀੜ ਬਹੁਤ ਹੈ
ਪਰ ਭੀੜ ਦੇ ਅੰਦਰ ਜੋਗੀ ਬੈਠਾ
ਬੈਠਾ ਜੋਗੀ ਸ਼ਬਦ-ਸਮਾਧੀ ਅੰਦਰ
ਫੜ੍ਹ ਲੈ ਜੁਗਨੂੰ, ਉਡਦੇ ਜੁਗਨੂੰ
ਉਸਦੇ ਮੱਥੇ ਦੇ ਮੱਧ ਜਗਦੇ ਬੁਝਦੇ
ਸ਼ਬਦ ਹੈ ਜੁਗਨੂੰ, ਅਰਥ ਵੀ ਜੁਗਨੂੰ
ਜੁਗਨੂੰ ਜੋਗ-ਸਮਾਧੀ ਜਗਦੇ
ਅੰਦਰ ਬਾਹਰ ਭੀੜ ਬਹੁਤ ਪਰ
ਲੱਖ ਸ਼ਬਦ ਆਗਾਸ
ਲੱਖ ਜੁਗਨੂੰ ਪਾਤਾਲ...

•

(13 ਅਕਤੂਬਰ 2006)

## ਹਲ਼-ਵਾਹਕ

ਹਲ਼-ਵਾਹਕ
ਹਲ਼ ਵਾਹੇ
ਫਾਲ਼ ਬੜਾ ਹੈ ਤਿੱਖਾ
ਚੁੱਭਵਾਂ ਮਿੱਠਾ
ਫਾਲ਼ ਜ਼ਮੀਂ 'ਚ ਧੱਸਦਾ
ਮੱਚਦਾ
ਵਾਢੇ ਪਾਉਂਦਾ ਜਾਏ
ਹਲ਼-ਵਾਹਕ ਸਵੈਟੀ ਹੱਥਾਂ 'ਚੋਂ
ਕੇਰੇ ਬੀਜ ਨਿਆਰੇ
ਬੀਜੇ
ਬੀਜ-ਸੁਪਨ ਹਰਿਆਲੇ
ਕੂਲ਼ੇ ਕੱਲ੍ਹ ਦੇ
ਉਂਗਲਾਂ ਫੜਕਣ
ਧੜ 'ਚ ਧੜਕਣ
ਅੰਗ ਅੰਗ ਖਿੱਚਿਆ
ਦੇਹੀ-ਤਾਪ
ਮੱਥੇ ਚੜ੍ਹ ਨੱਚਿਆ
ਤਪਿਆ, ਮਚਿਆ
ਅਰਸ਼ ਨੂੰ ਛੋਹਿਆ
ਬੱਦਲ ਗੱਜਿਆ, ਵਰ੍ਹਿਆ
ਨਿਰਮਲ ਨਿੱਸਲ ਜੁੱਸਾ ਹੋਇਆ
ਹਲ਼-ਵਾਹਕ ਦੇ
ਪੈਰਾਂ ਹੇਠ



ਪੈਰਾਂ ਅੱਗੇ ਵਿਛੀ ਪਈ ਹੈ
ਧਰਤੀ ਸਿੱਲ੍ਹੀ ਸਿੱਲ੍ਹੀ
ਚੁੰਮੇ ਫਾਲ਼ ਨੂੰ
ਭੋਗੇ ਫਾਲ਼ ਨੂੰ
ਪਰਨਾਵੇ ਉਹ
ਵਰ੍ਹਦੇ ਬੀਜ
ਜਿਉਂ ਸਾਵਣ ਗਰਜੇ
ਵਰ੍ਹਦੇ ਬੀਜ
ਜੋ ਭਲਕ ਦਾ ਸੁਪਨਾ
ਕਿਣਮਿਣ ਅੰਦਰ
ਸੁਪਨੇ ਚਿਤਵ ਉਹ ਅੱਗ ਹੋ ਜਾਵੇ
ਹਲ਼-ਵਾਹਕ ਦੇ
ਹੱਥਾਂ 'ਚ ਖਿੜਿਆ
ਫੁੱਲ ਸਰ੍ਹੋਂ ਦਾ ਧਰਤ ਦੇ ਮੱਥੇ
ਉਗਮ ਪਈ
ਸੁਪਨੇ ਦੀ ਲੋਰੀ
ਹਲ਼-ਵਾਹਕ ਪਰ
ਚਿਤਵ ਰਿਹਾ ਫਿਰ
ਬੀਜ ਨਿਆਰੇ...
ਸੁਪਨੇ ਹਰਿਆਲੇ ਕੂਲ਼ੇ ਕੱਲ੍ਹ ਦੇ...।
•

## ਜਾਣੀ-ਜਾਣ

ਤੂੰ ਜਾਣਦੀ ਏਂ
ਮੈਂ ਤੈਨੂੰ ਜਾਣਦਾ ਹਾਂ
ਏਨਾ ਕੁ ਯਾਂ ਢੇਰ ਸਾਰਾ
ਜਿਵੇਂ ਮੈਂ ਜਾਣਦਾ ਹਾਂ
ਬਹੁਤ ਹੀ ਪਿਆਰਦਾ ਹਾਂ
ਆਪਣਾ ਅੰਗ ਅੰਗ

ਤੂੰ ਪਛਾਣਦੀ ਏਂ
ਮੇਰੇ ਮੱਥੇ 'ਚ
ਲਟ ਲਟ ਬਲਦੀ
ਤੇਰੇ ਨਾਮ ਦੀ ਅਗਨ-ਜੋਤ
ਅਗਨ-ਦੇਹੀ ਦੇ ਪਿਛਵਾੜੇ
ਲੁਕਿਆ ਪਿਆ ਕੋਈ
ਬਰਫ਼ ਦਾ ਪਰਬਤ
ਜਾਂ ਦਾਵਾਨਲ
ਨਾ ਤੂੰ ਜਾਣਦੀ ਏਂ
ਨਾ ਹੀ ਮੇਰੇ ਵਿੱਤ ਅੰਦਰ

ਏਨਾ ਕੁ ਪਤਾ ਹੈ, ਤੈਨੂੰ
ਯਾਂ ਢੇਰ ਸਾਰਾ
ਕੀ ਪਤੈ ਸਾਰੇ ਦਾ ਸਾਰਾ
ਮੈਂ ਤੈਨੂੰ ਕਿਵੇਂ ਤੱਕਦਾਂ



ਜਿਵੇਂ ਅਰਾਧ ਰਿਹਾ ਕੋਈ
ਅਲੋਰਾ ਦੀ ਗੁਫ਼ਾ ਅੰਦਰ
ਪੱਥਰਾਂ ਦੀ ਘੜੀ, ਜਾਗਦੀ
ਬੁੱਧਾ ਦੀ ਤ੍ਰੈਮੂਰਤੀ
ਜਾਂ ਮੋਮਾ 'ਚ ਬੋਲਦੀ
ਮੋਨੇ ਦੀ ਕਲਾ-ਕ੍ਰਿਤ
ਤੂੰ ਵਿਖਾਵੇ ਨਾ ਘੜ
ਜਾਣੀ-ਜਾਣ ਏਂ ਤੂੰ
ਮੈਂ ਤੈਨੂੰ ਪਾਇਆ ਹੈ ਏਨਾ
ਕੁਝ ਤਾਂ ਗੂੜ੍ਹਾ ਹੈ ਏਨਾ
ਜਿੰਨਾਂ ਮਾਂ ਨੂੰ
ਦੁੱਧ ਚੁੰਘਦੇ ਬਾਲ ਨਾਲ
ਧਰਤੀ ਨੂੰ ਸੂਰਜ ਨਾਲ
ਨਾਨਕ ਨੂੰ ਬ੍ਰਹਿਮੰਡ ਨਾਲ

ਤੂੰ ਜਾਣਦੀ ਏਂ ਕਿ
ਤੂੰ ਇੰਞ ਵਸਦੀ ਏਂ
ਮੇਰੇ ਖ਼ਮ-ਦਮ ਅੰਦਰ
ਜਿਉਂ ਬੱਚੇ ਦੀ ਬੱਝੀ ਏ
ਅਟੁੱਟ ਗੰਢ੍ਹ
ਮਾਸੂਮੀਅਤ ਨਾਲ
ਜਿਉਂ ਗਰਭ 'ਚ ਵਸਦਾ ਏ
ਰੱਬ ਦਾ ਜੀਅ-ਜੰਤ ਕੋਈ
ਜਿਉਂ ਸਾਉਣ 'ਚ ਵਸਦੇ ਨੇ

ਬੱਦਲ, ਬਿਜਲੀ ਤੇ ਬਾਰਿਸ਼
ਜਿਉਂ ਜ਼ਿੰਦਗੀ ਬੱਝੀ ਏ
ਸਾਹਾਂ ਦੀ ਡੋਰ ਨਾਲ
ਤੂੰ ਅਣਜਾਣ ਨਹੀਂ ਬਿਲਕੁਲ
ਮੇਰੇ 'ਚ ਵੱਸਦੀ ਏਂ ਤੂੰ
ਜਾਣੀ-ਜਾਣ ਜੀਓ
ਮੈਂ ਤੇਰੇ 'ਚ ਵਸਦਾ ਹਾਂ
ਕਿੰਨਾ ਕੁ...!

•

(9 ਅਪ੍ਰੈਲ 2015)



## ਫੋਨ, ਕਿਤਾਬ, ਰਬਾਬ

(1)
ਨਾ ਸ਼ਬਦ ਦੀ ਜਗਿਆਸਾ
ਨਾ ਅਰਥ ਦੀ ਅਭਿਲਾਸ਼ਾ
ਨਾ ਫ਼ਲਸਫ਼ੇ ਦੀ ਤਲਬ
ਨਾ ਬਹਿਸ ਦੀ ਚਿੰਗਾਰੀ
ਨਾ ਸੋਚਣ ਦੀ ਫ਼ੁਰਸਤ
ਨਾ ਸਵਾਲ ਕਰਨ ਦੀ ਜੁਅੱਰਤ
ਭੀੜ ਦੇ ਹੱਥਾਂ ਵਿਚ
ਨਾ ਹੀ ਤਦਬੀਰ ਕੋਈ
ਨਾ ਹੀ ਲੋਕ-ਮੁਕਤੀ ਦਾ ਅਹਿਦ
ਅਸੰਖ ਜਿਸਮਾਂ ਦਾ ਗ਼ੁਸੈਲ ਹਜੂਮ
ਕੁਝ ਮਹੀਨੇ ਟਵੀਟ ਕਰਦਾ ਕਰਦਾ
ਕੁਝ ਮਹੀਨੇ ਫ਼ੇਸ-ਬੁੱਕ 'ਤੇ ਚੜ੍ਹਦਾ
ਜਾ ਰਿਹਾ ਹੈ ਤਹਿਰੀਰੀ ਸਕੂਐਰ
ਪੁੱਜ ਗਿਆ ਹੈ ਤਹਿਰੀਰੀ ਚੌਕ
ਭੀੜ 'ਚ ਤਪ ਰਿਹਾ ਹੈ ਕਾਹਿਰਾ
ਤੇ ਸਗਲਾ ਅਰਬ ਦੇਸ
ਨਾਗ ਦੀ ਸਿਰੀ ਨੱਪ ਦਿੱਤੀ
ਤਾਂ ਸ਼ੇਸ਼ਨਾਗ ਨੇ ਫੈਲਾਏ ਫਨ
ਰਾਤ ਪਸਰੀ, ਉਹ ਮਾਯੂਸ ਹੋ
ਚੁੱਪ ਦੀਆਂ ਕੁੰਦਰਾਂ 'ਚ ਦਫ਼ਨ
ਪਰ ਭਗਤ ਦੇ ਸਰਫ਼ਰੋਸ਼ਾਂ ਦੀ

ਆਉਂਦੀ ਰਹਿੰਦੀ ਹੈ ਆਵਾਜ਼–
ਜਾਗਦੇ ਰਹਿਣਾ ਜਾਗਦੇ ਰਹਿਣਾ
ਪਰ ਰਾਤ ਗਹਿਰੀ, ਕਹਿਰੀ ਤੇ ਲੰਮੀ...
ਜਾਗਦੇ ਰਹਿਣਾ ਜਾਗਦੇ ਰਹਿਣਾ

(2)
ਉਹਨਾਂ ਦੇ ਹੱਥਾਂ 'ਚੋਂ ਕਿਤਾਬ ਸਰਕੀ
ਤਾਂ ਸਮਾਰਟ ਫੋਨ ਵੱਜਣ ਲੱਗੇ
ਸੱਥਾਂ 'ਚ, ਕੈਫ਼ਿਆਂ 'ਚ, ਵਿਦਿਆ ਘਰਾਂ 'ਚ
ਬੋਧ ਦੀ ਚਿਣਗ ਬੁਝਣ ਲੱਗੀ
ਫ਼ੇਸ-ਬੁੱਕ ਤੇ ਟਵਿਟਰ ਬਦਲ ਬਣ ਗਏ
ਸ਼ਬਦਾਂ ਦੀ ਕਰਾਮਾਤ 'ਚੋਂ
ਅਰਥ ਖ਼ਾਰਜ ਹੋ ਗਿਆ
ਦਰਸ਼ਨ ਦੀ ਕਰਤਾਰੀ ਕਾਇਨਾਤ 'ਚੋਂ
ਇਨਸਾਨ ਮਨਫ਼ੀ ਹੋ ਗਿਆ
ਕੀ ਸ਼ਬਦ ਨੂੰ ਪਰਤਾਉਣਾ ਸੰਭਵ ਹੈ?
ਕੀ ਸੋਚਣਾ, ਸਵਾਲ ਕਰਨਾ ਫਿਰ ਆਵੇਗਾ?
ਕੀ ਫ਼ਲਸਫ਼ੇ ਦੀ ਪਿਆਸ ਪਰਤੇਗੀ?
ਕੀ ਸ਼ਬਦ-ਹੀਣ, ਭੀੜ 'ਚ ਧੱਸੇ
ਸੋਸ਼ਲ ਮੀਡੀਆ ਦੇ ਮਹਿਲ ਤਿੜਕਣਗੇ?
(ਸ਼ਾਇਦ) ਨਾਨਕ ਦੇ ਜਨ-ਸ਼ਬਦ 'ਤੇ
ਮਰਦਾਨੇ ਦੀ ਰਬਾਬ ਫਿਰ ਗੂੰਜੇਗੀ...
ਤੇ 'ਪਾਪ ਕੀ ਜੰਞ' ਨੂੰ ਲਲਕਾਰੇਗੀ...
•



## ਕੁੜੀਆਂ

ਬਾਲੜੀ ਉਮਰ 'ਚ
ਬਿਰਖਾਂ 'ਤੇ ਚੜ੍ਹਦੀਆਂ
ਟਾਹਣਾਂ 'ਤੇ ਟੱਪਦੀਆਂ
ਚਿੜੀਆਂ ਵਾਂਗ
ਬਹੁਤ ਚੰਗੀਆਂ
ਲੱਗਦੀਆਂ ਨੇ ਕੁੜੀਆਂ

ਤੋਤਲੀ ਜ਼ਬਾਨ 'ਚ
ਕੂੰਦੀਆਂ ਕੂੰਜਾਂ
ਲਾਲ ਰਿਬਨਾਂ 'ਚ ਸਜੀਆਂ
ਚੀਚ-ਪਰੀਆਂ
ਸਕੂਲਾਂ ਨੂੰ ਪੂਰਾਂ 'ਚ
ਜਾਂਦੀਆਂ ਤੇ ਆਉਂਦੀਆਂ
ਬਹੁਤ ਭਾਉਂਦੀਆਂ ਨੇ ਕੁੜੀਆਂ

ਅਸ਼ਟਾਪੂ ਖੇਡ੍ਹਦੀਆਂ
ਸਾਈਕਲ ਸਿੱਖਦੀਆਂ, ਸਿਖਾਉਂਦੀਆਂ
ਟੈਡੀ ਨਾਲ ਵਿਗੜਦੀਆਂ
ਖਿਡੌਣਿਆਂ 'ਤੇ ਲੜਦੀਆਂ
ਬਹੁਤ ਸਤਾਉਂਦੀਆਂ ਨੇ ਕੁੜੀਆਂ

ਪੀਂਘਾਂ ਝੂਟਦਿਆਂ
ਜਾਂ ਕਿਤਾਬਾਂ ਪੜ੍ਹਦਿਆਂ
ਉੱਖੜ ਜਾਂਦੀਆਂ ਨੇ ਸੁਰਤੀਆਂ
ਹੋ ਜਾਂਦੀਆਂ ਉਦਾਸ

ਉਮਰ ਦੀ ਮਿਰਜ਼ਾ-ਸੀਮਾ ਤੋਂ ਪਾਰ
ਹੋ ਆਉਂਦੀਆਂ ਨੇ ਕੁੜੀਆਂ

ਗੁਲਾਬੀ ਮਹਿਕ ਦੀ ਰੁੱਤੇ
ਸੁਫਨੇ ਬੇਲਗਾਮ ਤਰਦੇ
ਦੇਹੀ 'ਚੋਂ ਰੱਤ ਪਈ ਦਗ਼ਦੀ
ਮਾਵਾਂ ਨੂੰ ਕੁੜੀਆਂ ਘੂਰਨ
ਪਿਓਵਾਂ ਦੀ ਅੱਖ ਤੋਂ ਤਿਲਕਣ
ਅੰਤ ਦਾ ਆਦਿ
ਹੋ ਜਾਂਦੀਆਂ ਨੇ
ਤਦ ਮਾਪਿਆਂ ਨੂੰ ਕੁੜੀਆਂ

ਕਿਉਂ ਨਹੀਂ ਲੱਗਦੀਆਂ ਚਿੜੀਆਂ-
ਚੰਬੇ ਦੀਆਂ ਚਿੜੀਆਂ
ਜੋ ਟਹਿਣਾਂ 'ਤੇ ਚਹਿਕਦੀਆਂ
ਹਵਾਵਾਂ 'ਚ ਰੁਮਕਦੀਆਂ...
ਪਰ ਰੌਸ਼ਨ-ਚਿਰਾਗ਼ ਕੁੜੀਆਂ
ਉਲੀਕੇ ਰਾਹਾਂ ਨੂੰ ਕੱਟਣ
ਆਪਣੇ ਪੰਧਾਂ 'ਤੇ ਮੱਚਣ
ਆਪਣੇ ਹਾਸਿਲ ਨੂੰ ਚੱਖਣ...
ਉਸ ਵੇਲੇ ਬਹੁਤ ਮੈਨੂੰ
ਮਨ-ਭਾਉਂਦੀਆਂ ਨੇ ਕੁੜੀਆਂ
ਵਿਸ ਦੀ ਉਮਰੇ ਜਦ
ਡੰਗ ਵੀ ਮਾਰਨ ਕੁੜੀਆਂ
ਤੇ ਹੋ ਵੀ ਨਿਬੜਨ
ਸ਼ਹਿਦ ਦੀਆਂ ਪੁੜੀਆਂ!

•



## ਬੰਸਰੀ

ਧੌੜੀ ਦੀ ਜੁੱਤੀ 'ਚੋਂ ਮਿੱਟੀ ਝਾੜਦੇ
ਮੇਰੇ ਦਾਦੇ ਆਖਿਆ ਸੀ-
ਬਲਦ ਨੂੰ ਆਰ ਦੀ ਲੋੜ ਨਹੀਂ
ਪਹਿਲਾਂ ਉਸਨੂੰ ਜਾਣੋਂ
ਫਿਰ ਉਸਦੀ ਚਾਲ ਪਛਾਣੋਂ
ਉਸਨੂੰ ਉਸ ਰਫ਼ਤਾਰ ਨਾਲ
ਟੁਰਨ ਦਿਓ, ਦੌੜਨ ਦਿਓ
ਜਿਸ ਤੋਂ ਉਹ ਇਨਕਾਰੀ ਨਾ ਹੋਵੇ
ਨਾ ਆਰਾਂ ਨਾਲ ਪੱਛਿਆ ਜਾਵੇ-
ਬੰਸਰੀ ਦੇ ਸੁਰਾਖ਼ਾਂ 'ਤੇ
ਨੱਚਦੇ ਸੁਬਕ ਹੱਥਾਂ ਦੀ
ਚਾਹਤ ਹੈ ਬਲਦ ਨੂੰ
ਇਹ ਪਹੁਲ ਪੁਸ਼ਤ-ਦਰ-ਪੁਸ਼ਤ
ਗੁੜ੍ਹਤੀ 'ਚ ਘੁਲ਼ੇ ਵਿਰਸੇ ਤੋਂ
ਮਿਲਦੀ ਰਹੀ ਅਸਾਨੂੰ।

ਤਿੱਤਲੀਆਂ ਦੇ ਪਰ੍ਹਾਂ 'ਤੇ ਉਡਦੀ
ਸੁਫ਼ਨਿਆਂ ਦੀ ਉਮਰ ਬੀਤ ਚੁੱਕੀ ਹੈ
ਲੈਅ ਸੁੱਕੇ ਜੰਡ 'ਤੇ ਟੰਗੀ
ਇਕ ਸਦੀ ਦਾ ਸੋਜ਼
ਕੰਡਿਆਲੇ ਪਿੰਡੇ 'ਤੇ ਹੰਢਾ ਰਹੀ ਸੀ
ਤਾਂ ਸ਼ਾਮ ਦੇ ਗਰਭ 'ਚ
ਸਿਤਾਰਿਆਂ ਦਾ ਝਉਲਾ ਪਿਆ
ਰਾਤ ਦੀਆਂ ਪੁਤਲੀਆਂ 'ਚ
ਗੁਲਾਬੀ ਸੁਰ ਛਿੜ ਗਏ

ਤੂੰ ਚਾਨਣ-ਵਿਹੂਣੇ ਵਿਹੜੇ
ਕਿਰਨਾਂ ਦਾ ਗਿੱਧਾ ਬਣ ਉੱਤਰੀ
ਹਰੀ ਘਾਹ 'ਤੇ ਸਵੇਰ-ਸਾਰ
ਚਮਕ ਉੱਠੇ ਤ੍ਰੇਲ-ਤੁਪਕੇ
ਨਿਰਜਿੰਦ ਖ਼ਾਮੋਸ਼ ਸ਼ਬਦ-ਕੋਸ਼
ਇਬਾਰਤ ਤੋਂ ਆਵਾਜ਼ ਹੋ ਗਏ
ਬੇਪਛਾਣ ਅੱਖਾਂ, ਹੋਂਠ ਤੇ ਜਿਸਮ
ਪਛਾਣ ਦੀ ਲੋਰੀ ਰਚ ਗਏ
ਲੋਰੀਆਂ ਦੇ ਵਜਦ 'ਚ
ਪੀਂਘ ਚੜ੍ਹੀ, ਬੇਮਨ ਹੋਏ
ਕਿ ਹਰ ਰੋਜ਼ ਬੰਸਰੀ ਨੇ
ਲੋਰੀ ਨਹੀਂ ਬਣਨਾ
ਹਰ ਪਲ ਸਾਹਾਂ 'ਚ
ਉਹ ਸਤ ਨਹੀਂ ਰਹਿਣਾ
ਲੋਰੀ ਨੇ ਇਕ ਦਿਨ
ਸਾਹਾਂ ਵਾਂਗ ਕਿਰ ਜਾਣਾ
ਸਰੀਰਾਂ ਵਾਂਗ ਭੁਰ ਜਾਣਾ

ਤੂੰ ਖ਼ਬਤ ਦੇ ਵੇਗ 'ਚ
ਸੁਰਾਖ਼ਾਂ ਨੂੰ ਛੇੜਦੀ ਰਹੀ
ਬੰਸਰੀ ਨੂੰ ਪਲੋਸਦੀ ਰਹੀ
ਬੰਸਰੀ ਨੂੰ ਏਨਾ, ਗਰਮ,
ਅਲਮਸਤ ਉਭਾਰਾਂ 'ਚ ਦਬਾਇਆ
ਆਪਣੇ ਵਜੂਦ ਦੇ ਜੰਗ-ਜੂਹੇ
ਉਸਨੂੰ ਏਨਾ ਅਤਿ ਸਮਾਇਆ
ਕਿ ਸਾਹ ਕਿਰਦੇ ਰਹੇ
ਖ਼ਬਤ ਦੇ ਜਿਸਮ ਖੁਰਦੇ ਰਹੇ



ਤੂੰ ਸਿੱਟਾ-ਫਲ ਤੋਂ ਅਵੇਸਲੀ
ਊਂਘਦੀ ਰਹੀ ਖ਼ਲਾਅ ਦੇ ਸਹਾਰੇ
ਤੇ ਬੰਸਰੀ ਖ਼ਾਮੋਸ਼ ਹੋ ਗਈ...
ਰਾਧਾ! ਬੰਸਰੀ ਨੂੰ ਵੀ ਲੋੜ ਹੈ
ਤੇ ਸ਼ਾਮ ਨੂੰ ਵੀ ਲੋੜ ਹੈ
ਆਪਣੀ ਨਿੱਜੀ ਸਪੇਸ ਦੀ

ਇਸ ਤੋਂ ਪਹਿਲਾਂ
ਬਲਦ ਆਪਣੀ ਚਾਲ ਚਲਦਾ
ਬੰਸਰੀ ਆਪਣਾ ਰਿਦਮ ਫੜ੍ਹਦੀ
ਅਸੀਂ ਆਰਾਂ ਨਾਲ ਲੈਸ ਹੋਏ
ਜਿਸਮ ਸੁਰਾਖ਼ਾਂ ਨਾਲ ਵਿੰਨ੍ਹੇ
ਲੈਅ ਤੇ ਸਾਹ ਏਨੇ
ਸੁਰ-ਹੀਣ ਹੋ ਨਿਕਲੇ
ਕਿ ਬੰਸਰੀ ਖ਼ਾਮੋਸ਼ ਹੋ ਗਈ...
ਪਰ ਬੰਸਰੀ ਦੀ ਆਪਣੀ
ਨਿੱਜੀ ਸਪੇਸ ਦੀ
ਆਪਣੇ ਮੁਕਤ ਸਾਹਾਂ ਦੀ
ਤਲਾਸ਼ ਜਾਰੀ ਹੈ
ਤੈਥੋਂ ਪਰਲੇ ਪਾਰ
ਤੇਰੀ ਗ਼ੈਰ-ਹਾਜ਼ਰੀ 'ਚ ਹਾਜ਼ਰ
ਪ੍ਰਾਪਤੀ ਜਾਰੀ ਹੈ!
•

## ਖ਼ੁਸ਼-ਆਮਦ

ਆਵਾਂਗਾ, ਜ਼ਰੂਰ
ਕੋਇਲ ਦੀ ਰੁੱਤੇ
ਆਵਾਂਗਾ, ਮੈਂ
ਗੁਲਾਬੀ
ਮੌਸਮ ਦੇ ਬਾਕੂਸ-ਗਲਾਸਾਂ ਵਿਚ
ਉੱਤਰ ਜਾਵਾਂਗਾ
ਸੁੰਨੇ ਆਕਾਸ਼ ਦੇ ਮੱਥੇ
ਰਾਤਾਂ ਸਜਗ ਕਰ
ਜੁਗਨੂੰ ਟਿਮਕਦਾ-
ਹਾਲੇ ਤਾਈਂ, ਸਫ਼ਰ ਨੂੰ
ਪੈਰ ਸੋਂਹਦੇ
ਹਮਸਾਏ ਸਿਰ ਨੂੰ
ਧੜ ਦੀ ਲੋੜ
ਨਹੀਂ
ਲਾਵਾਰਿਸ ਬਾਲ ਨੂੰ
ਤਨ-ਮਨ ਤੜਪਣ ਦਿਉ
ਅੰਨ੍ਹੇ ਸ਼ਾਕਾਹਾਰੀ ਫ਼ਕੀਰ ਨੂੰ
ਗੋਸ਼ਤ ਭੁੰਨਣ ਦਿਉ
ਮਰਘਟ ਨੂੰ
ਅੱਗ-ਧੂੰਏਂ 'ਚ ਝੁਲਸ
ਜ਼ਿੰਦਗੀ ਨੂੰ ਛੂਹਣ ਦਿਉ
ਅੰਦਰਲੇ ਜ਼ਹਿਰੀਲੇ ਸੱਪ ਨੂੰ
ਸੱਟ ਖਾਧਿਆਂ
ਵਿਸ ਘੋਲਣ ਦਿਉ
ਅੰਦਰਲੇ ਆਕਾਰ ਦਾ
ਸੂਰਜ ਉਦੈ ਹੋਣ ਦਿਉ



ਆਦਮੀ ਨੇ ਆਖ਼ਿਰ ਆਪਣੇ
ਸਵੈ-ਸੱਚ ਨੂੰ ਪਛਾਣਨਾ ਹੈ
ਆਪਣੇ ਤੋਂ ਆਪਣੇ ਤਾਈਂ
ਇਕ ਜ਼ਹਿਰ ਪੀਣਾ ਹੈ
ਅੰਤਰੀਵ ਦੇ ਸਮੁੰਦਰੋਂ
ਉਦੈ ਹੋ
ਲਹਿਰ ਲਹਿਰ
ਅਡੋਲ ਕਿਨਾਰਿਆਂ ਨੂੰ
ਚੁੰਮਣਾ ਹੈ
ਅੰਦਰ ਤੋਂ ਬਾਹਰ
ਬਾਹਰ ਤੋਂ ਅੰਦਰ
ਚੜ੍ਹਦੇ ਲਹਿੰਦੇ
ਰਹਿਣਾ ਹੈ-
ਆਤਮ-ਪਛਾਣ ਦੀ, ਇੰਞ ਹੀ
ਅੱਖ ਪਾਉਣਾ ਹੈ-

ਆਵਾਂਗਾ ਜ਼ਰੂਰ
ਲਹਿਰ ਲਹਿਰ
ਅੰਦਰ ਤੋਂ ਬਾਹਰ
ਬਾਹਰ ਤੋਂ ਅੰਦਰ
ਚੜ੍ਹਦਾ ਲਹਿੰਦਾ
ਸਵੈ-ਸੱਚ ਦੀ ਕਵਿਤਾ 'ਚ
ਭਿੱਜਾ ਭਿੱਜਾ
ਅੰਦਰ : ਬਾਹਰ
ਅੰਬਰ : ਧਰਤੀ
ਜਲ-ਥਲ : ਜਲ-ਥਲ!
•

## ਰੁੱਖ

ਘਰਾਂ 'ਚੋਂ ਦੀਵੇ ਦੀ ਲੋਅ ਜਦ ਬੁਝ ਜਾਂਦੀ
ਦਰਾਂ 'ਤੇ ਦਸਤਕ ਦਿੰਦੇ ਹੱਥ ਕਿਰ ਜਾਂਦੇ
ਸਹਿਮ ਦੀ ਆਰੀ 'ਤੇ ਰੁੱਖ ਪੱਛ ਹੁੰਦੇ
ਤਮ੍ਹਾਂ ਦੇ ਦਰਿਆ 'ਚ ਸਾਹ ਖੁਰ ਜਾਂਦੇ
ਫਿਰ ਲਾਸ਼ ਜਿਹੀ ਇਕ ਪੋਲੇ ਪੱਬੀਂ ਤੁਰ ਪੈਂਦੀ
ਚਾਨਣ ਦੀ ਘਸਮੈਲੀ ਹਿੱਕ 'ਤੇ ਠਰਦੀ, ਜੰਮੀ
ਭੰਨ੍ਹੀ, ਝੰਬੀ, ਲੱਖਾਂ ਵਾਰੀ ਟੁਕੜਾ ਟੁਕੜਾ ਹੋਈ

ਜੋ ਕਦੇ ਉਹ ਰੁੱਖ ਦਾ ਰੁੱਖ ਸੀ
ਹੱਥੀਂ ਛਾਵਾਂ ਕਰਦਾ, ਪੌਣ ਵੰਡੇਂਦਾ
ਅੱਜ ਉਹ ਆਪਣੇ ਹਿਰਦੇ ਦਾ ਰੁੱਗ ਭਰ ਕੇ
ਉਸਨੂੰ ਇਕ ਸੂਲੀ 'ਚ ਘੜ ਕੇ
ਆਪ ਰਚਾਈ ਸੂਲੀ 'ਤੇ ਚੜ੍ਹ ਵੰਞਿਆ
ਉਹ ਕਦੇ ਜੋ ਲੰਮ-ਸਲੰਮਾ ਰੁੱਖ ਹੁੰਦਾ ਸੀ
ਅੱਜ ਉਹ ਬੰਦਾ ਆਪਣੀ ਹੀ ਪਰਛਾਈਂ ਹੋ ਗਿਆ
ਜੋ ਸਿਆਹ ਦੇਹੀ ਤੋਂ ਬਹੁਤ ਲੰਮੇਰੀ, ਗਹਿਰ ਘਣੇਰੀ!

•



## ਖ਼ਵਾਬ

ਘੋਰ ਉਦਾਸੀ ਲੁੱਟਿਆ ਪੁੱਟਿਆ ਵਿਆਕੁਲ ਮਨ ਹੈ।
ਕਿਸ ਧਰਮੀ ਨੇ ਏਸ ਨਗਰ ਨੂੰ ਲਾਈ ਸੰਨ੍ਹ ਹੈ।

ਕੂੰਜਾਂ ਮੋਈਆਂ, ਕਿਸ ਪਿੰਡ ਉਪਰ ਬਿਜਲੀ ਕੜਕੀ,
ਅੱਗ ਵਿਚ ਬਲ਼ਦਾ ਕੌਣ ਸਦੀ ਦਾ ਕਿਹੜਾ ਸੰਨ ਹੈ।

ਤੋਤਾ ਉਚਰੇ ਸਿੰਘਾਸਣ 'ਤੇ ਬੁੱਧ-ਸੁੱਧ ਗੁੰਮ ਹੈ,
ਇਸ ਭਾਸ਼ਣ ਦੀ ਨਾ ਕੋਈ ਅੱਖ ਤੇ ਨਾ ਹੀ ਕੰਨ ਹੈ।

ਜਿੰਦ ਨਿਮਾਣੀ ਸਿਵਿਆਂ ਅੰਦਰ ਲਟ ਲਟ ਬਲਦੀ,
ਨਾੜਾਂ ਥਾਣੀਂ ਵਿਚਰ ਰਿਹਾ ਯਖ਼ ਠਰਿਆ ਮਨ ਹੈ।

ਘੁੱਗ ਵਸੇਂਦੇ ਸ਼ਹਿਰ ਦੀਆਂ ਸਭ ਗਲੀਆਂ ਸੁੰਨੀਆਂ,
ਜਾਗ ਰਿਹਾ ਰਤ-ਭਿੱਜਾ ਕਿਸ ਫ਼ਜ਼ਰ ਦਾ ਤਨ ਹੈ?

ਰੂਹ ਪਿਆਸੀ ਜ਼ਹਿਰ ਪਿਆਲੇ ਨਿੱਤ ਨਿੱਤ ਪੀਂਦੀ,
ਖ਼ਾਬਾਂ ਦਾ ਸੁਕਰਾਤ ਸਿਰਜਦੀ, ਹੋਈ ਕਫ਼ਨ ਹੈ?

ਕਾਇਨਾਤ ਦੇ ਨੈਣੀਂ ਮਿਟ ਜਾਏਗੀ ਪਸਰੀ ਧੁੰਦ,
ਰਾਤਾਂ ਫਿਰ ਰੁਸ਼ਨਾਏਗਾ ਜੋ ਚੜ੍ਹਦਾ ਚੰਨ ਹੈ!

•

## ਸੈਂਟਾ[1]

ਮਾਂ, ਹਰ ਵਰ੍ਹੇ ਵਾਂਗ
ਅੱਜ ਫਿਰ ਕ੍ਰਿਸਮਿਸ ਹੈ
ਅੱਜ ਤੂੰ ਫਿਰ ਲੈ ਆਈ ਹੈਂ
ਮੈਨੂੰ ਤੇ ਮੇਰੀ ਬੱਚੀ ਨੂੰ
ਸੇਕਸ ਫ਼ਿਫ਼ਥ ਐਵਿਨਿਊ[2] ਦੇ
ਵਿੰਡੋ-ਡਿਸਪਲੇਅ ਵੇਖਣ ਲਈ
ਹਰ ਕ੍ਰਿਸਮਿਸ ਵਾਂਗ
ਚਿੱਟੇ ਬਾਲਾਂ ਦੀਆਂ ਨੀਲੀਆਂ ਅੱਖਾਂ '
ਕਿਲਕਾਰੀ ਦੀ ਮਦਮਸਤੀ ਹੈ
ਤੇ ਮੇਰੀ ਧੀਅ ਰੀਨੇਅ ਕੁੰਡਲਾਏ ਵਾਲਾਂ ਨੂੰ
ਦੰਦਾਂ 'ਚ ਦਬਾਉਂਦੀ ਝਾਕ ਰਹੀ ਹੈ
ਕਦੇ ਉਨ੍ਹਾਂ ਬੱਚਿਆਂ ਵੱਲ
ਜਿਨ੍ਹਾਂ ਨੂੰ ਲੋਰੀਆਂ ਦੀ ਨੀਂਦ ਨਸੀਬ ਹੈ
ਕਦੇ ਚਿੱਟੇ ਸੈਂਟਾ ਕਲਾਜ਼ ਵੱਲ
ਜੋ ਸਲੇ 'ਤੇ ਸਵਾਰ ਰੈਂਡੀਅਰ ਹਿੱਕਦਾ
ਉੱਚੇ ਅਸਮਾਨੀਂ ਉੱਡ ਰਿਹਾ ਹੈ
ਚਿੱਟੇ ਬੱਚਿਆਂ ਨੂੰ ਦੇਂਦਾ ਹੈ ਕਿਤੇ
ਟੋਏਜ਼-ਆਰ-ਅਸ[3] ਦੇ ਕੀਮਤੀ ਖਿਡੌਣੇ
ਕਿਤੇ ਵੰਡ ਰਿਹਾ ਹੈ ਭਾਂਤ ਭਾਂਤ ਦੇ ਚਾਕਲੇਟ
ਕਿਤੇ ਵੰਨ-ਸੁਵੰਨੀਆਂ ਇਲੈਕਟ੍ਰਾਨਿਕ ਖੇਡਾਂ
ਤੇ ਕਿਤੇ ਡਿਜ਼ਾਈਨਰ ਜੀਨਾਂ, ਜੈਕਟਾਂ ਤੇ ਸਵੈੱਟਰ।

ਜਦੋਂ ਵੀ ਘਿਰਦਾ ਹੈ ਸੈਂਟਾ
ਆਪਣੀ ਉਡਣ-ਯਾਤਰਾ ਦੇ ਦਰਮਿਆਨ



ਤੇ ਮਿਥਿਹਾਸ ਤੇ ਪ੍ਰਤੀਨਾਇਕ ਕਰਦੇ ਹਨ ਵਾਰ
ਕਿਉਂ ਛੋਟੀਆਂ ਪਰੀਆਂ ਲਈ ਰੰਗ
ਚੁਰਾਇਆ ਜਾਂਦਾ ਹੈ ਸਾਡੇ ਕਾਲੇ ਚਿਹਰਿਆਂ ਤੋਂ
ਚਿੱਟਾ ਰੰਗ ਕਿਉਂ ਬਣਦਾ ਹੈ ਹਰ ਵਾਰ
ਇਕ ਰੱਬਤਾ ਦਾ ਪ੍ਰਤੀਕ
ਅਸੀਂ ਹਰ ਵਰ੍ਹੇ ਹੀ ਆਉਂਦੇ ਹਾਂ
ਵਿੰਡੋ-ਡਿਸਪਲੇਅ 'ਤੇ ਝਾਕਣ
ਇਕ ਸ਼ਰੇਆਮ ਚਿੱਟਾ ਅਮੈਰਿਕਨ-ਡਰੀਮ
ਜੋ ਸਾਡੇ ਰੰਗ ਨਾਲੋਂ ਵੀ ਘਣਾ ਕਾਲ਼ਾ ਹੈ ਸ਼ਾਇਦ
ਇਸੇ ਲਈ ਤਾਂ ਸਾਡੇ ਅਕਸ ਮਿਟ ਰਹੇ ਹਨ
ਡੁੱਬਦੇ ਸੂਰਜ ਵਾਂਗ ਸਾਡੀਆਂ ਅੱਖਾਂ ਅੰਦਰ।
ਹੁਣ ਮੁੜ ਤਾਂ ਜਾਵਾਂਗੇ
ਬਰੁਕਲਿਨ ਵਿਖੇ ਬੁਸ਼ਵਿਕ[4] ਦੀ ਬਸਤੀ
ਜਿੱਥੇ ਡਰਾਈਵ-ਬਾਈ-ਸ਼ੂਟਿੰਗ ਦੇ ਸੰਨਾਟੇ ਹੇਠ
ਕਬਰਾਂ ਤੋਂ ਜ਼ਿੰਦਗੀ ਮੰਗਦੇ ਹਾਂ
ਅਤੇ ਅਫ਼ਰੀਕੀ ਸੁਫ਼ਨਿਆਂ ਨੂੰ
ਅਧਰੰਗ ਹੋਇਆ ਵੇਖ
ਕੁਝ ਸਦੀਆਂ ਖ਼ੁਦਕੁਸ਼ੀ ਕਰ ਚੁੱਕੀਆਂ ਹਨ
ਪਰ ਇੰਞ ਲੱਗਦਾ ਹੈ, ਮੇਰੀਏ ਮਾਏਂ
ਵਿੰਡੋ-ਡਿਸਪਲੇਅ ਅਸੀਂ ਨਹੀਂ ਵੇਖਦੇ
ਵਿੰਡੋ-ਡਿਸਪਲੇਅ ਸਾਨੂੰ ਘੂਰਦਾ ਹੈ
ਚਿੱਟਾ ਸੈਂਟਾ ਸਾਡੇ ਕਾਲ਼ੇ ਮੱਥਿਆ 'ਚ
ਤਕਦੀਰ ਖੁਣਦਾ ਹੈ
ਲੱਗ ਰਿਹਾ ਹੈ, ਇਉਂ ਆਖਦਾ ਹੈ-
ਮੇਰੇ ਜੰਮਣ ਦੇ ਇਰਦ-ਗਿਰਦ
ਕਿਨਾਰਾਕਸ਼ੀ ਕਰ ਕਿੰਞ
ਟੁਰ ਗਿਆ ਸੀ ਤੇਰਾ ਕਾਲ਼ਾ ਮਰਦ

ਕਿੰਵ ਟਿਭ ਗਿਆ ਸੀ ਮੇਰਾ ਦੋਸਤ
ਮੇਰੇ ਪੇਟ ’ਚ ਸੁੱਟ ਕੇ
ਆਪਣੀ ਮਰਦਾਨਗੀ ਦਾ ਹੰਕਾਰ
ਸ਼ੁਬਹ ਹੈ ਮੈਨੂੰ, ਮੇਰੀਏ ਮਾਏਂ
ਕਿ ਐਸੀ ਹੀ ਤਰਾਸ਼ੀ ਜਾਏਗੀ ਹੱਥਾਂ ਦੀ ਲਕੀਰ ਮੇਰੀ ਬੇਟੀ ਦੀ
ਇਹ ਚਿੱਟਾ ਸੈਂਟਾ ਕਲਾਜ਼, ਕਾਲ਼ਾ
ਕਦ ਤਕ ਵਿਓਂਤਦਾ ਰਹੇਗਾ, ਮੇਰੀ ਮਾਂ ?
ਅਤੇ ਅਮੈਰਿਕਨ-ਡਰੀਮ ਕੰਬਦਾ ਰਹੇਗਾ
ਤਾਰ ’ਤੇ ਤੁਪਕੇ ਵਾਂਗ ਹਮੇਸ਼ਾ ਦੀ ਤਰ੍ਹਾਂ !

•

1. ਸੈਂਟਾ: ਚਿੱਟ-ਦਾਹੜੀਆ, ਭਰਵਾਂ ਲਾਲ ਕੱਪੜਿਆਂ ’ਚ ਸਜਿਆ, ਲੋਕ-ਕਥਾ ਦਾ ਬਾਬਾ।
2. ਸੇਕਸ ਫ਼ਿਫ਼ਥ ਐਵਨਿਊ (Saks Fifth Avenue): ਨਿਊਯਾਰਕ ਮਹਾਂਨਗਰ ਦੇ ਮੈਨਹਾਟਨ ਬੋਰੋ ਦਾ ਡਿਪਾਰਟਮੈਂਟ ਸਟੋਰ। (ਪੰਜ ਬਹੁ-ਕੀਮਤੀ ਸਟੋਰਾਂ ਵਿਚੋਂ ਇਕ)
3. ਟੋਏਜ਼-ਆਰ-ਅਸ: ਖਿਡੌਣਿਆਂ ਅਤੇ ਬੱਚਿਆਂ ਦੇ ਸਾਜ਼ੋ-ਸਾਮਾਨ ਦਾ ਸਟੋਰ।
4. ਬੁਸ਼ਵਿਕ: ਨਿਊਯਾਰਕ ਮਹਾਂਨਗਰ ਦੇ ਬਰੁਕਲਿਨ ਬੋਰੋ ਦਾ ਇਕ ਮੁਹੱਲਾ।



## ਦੰਭ

(1)
ਤੂੰ ਕਿਸ ਪ੍ਰੀਭਾਸ਼ਾ ’ਚ ਮਿਲੇਂਗਾ ?
ਕਿਸ ਭਾਸ਼ਾ ਦੀ ਚਮੜੀ ਪਹਿਨੇਂਗਾ ?
ਕਿਸ ਗਟਰ ਦੀ ਨਾੜੀ ’ਚ
ਲਹੂ ਬਣ ਵਗੇਂਗਾ ?
ਕਿਸ ਛੱਪੜ ਵੱਲ ਵਧੇਂਗਾ
ਸਮੁੰਦਰ ਹੋਣ ਲਈ ?
ਹੁਣੇ ਹੀ, ਇਸ ਵਕਤ
ਇਕ ਲਿਪਸਟਿਕ-ਨੁਮਾ ਰੇਲ-ਗੱਡੀ
ਜਗ-ਬੁਝ ਪੁਤਲੀਆਂ ਘੁੰਮਾਉਂਦੀ
ਸੋਨ-ਪਟੜੀ ’ਤੇ ਚਿਪਕੀ
ਸੋਨ-ਪਲਾਂ ’ਚ ਸਿਮਟੀ
ਪੁਤਲੀਆਂ ਘੁੰਮਾਉਂਦੀ ਹੈ ਬਸ
ਨੀਓਨ-ਬੱਤੀਆਂ ’ਚ ਡੁੱਬੀ-
ਸਫ਼ਰ ਜਕੜੇ ਨੇ
ਵਕਤ ਦੀਆਂ ਜ਼ੰਜੀਰਾਂ ’ਚ

(2)
ਤੂੰ ਘਰ ਵੀ ਮਿਲੇਂਗਾ, ਬਾਹਰ ਵੀ
ਪਲੇਟਫ਼ਾਰਮ ’ਤੇ ਉਤਰਨ ਵੇਲੇ
ਵੀ ਮਿਲੇਗਾ ਤੈਨੂੰ
ਖ਼ਾਲੀ ਖ਼ਾਲੀ
ਤੂੰ ਚੀਚ-ਵਹੁਟੀ
ਖੜ੍ਹੀ ਖਲੋਤੀ
ਰਹਿ ਜਾਵੇਂਗੀ ਉਡੀਕ ’ਚ

ਇਕ ਖ਼ਾਲੀ ਪਲੇਟਫ਼ਾਰਮ
ਉਡੀਕਦੇ ਪੋਟਿਆਂ 'ਤੇ
ਕਿੰਨਾ ਚਿਰ ਨਚਾਏਗੀ
ਇਕ ਉਮਰ ਜਿੱਡੀ ਲੰਮੀ ਰਾਤ ?

(3)
ਤੈਨੂੰ ਵੀ, ਮੈਨੂੰ ਵੀ
ਮਿਲੇਗਾ
ਮਿਲੇਗਾ ਉਥੇ
ਜਿੱਥੇ ਹਮ-ਬਿਸਤਰ ਹੋਵਾਂਗੇ ਅਸੀਂ
ਤੇਰੇ ਜਿਸਮ 'ਤੇ ਸਰਕਣਗੇ
ਹੋਰ ਮਰਦਾਂ ਦੇ ਹੱਥ
ਅੰਗਾਂ ਨੂੰ ਟੋਹਣਗੇ
ਪਿਆਰਨਗੇ ਗ਼ੈਰ-ਹਾਜ਼ਿਰ ਹੱਥ
ਮੈਂ ਵੀ ਆਪਣੀ ਲਾਸ਼ ਹੇਠ
ਉਸ ਹੋਰ ਦੀ ਦੇਹੀ ਪਾਵਾਂਗਾ
ਜੋ ਮੇਰੀਆਂ ਅੱਖਾਂ ਥੀਂ ਉਤਰ
ਮੇਰੇ ਲਹੂ 'ਚ ਦੌੜਦਾ ਹੈ
ਸਾਹਾਂ 'ਤੇ ਅੱਗ ਧਰਦਾ ਹੈ

(4)
ਤੇਰੀ ਜੁਅੱਰਤ ਤੇਰਾ ਅਕਸ
ਕੀ ਸ਼ਰੀਕ ਦੀ ਚੁਗਲੀ ਵਾਂਗ
ਆਦਮ ਚਿਹਰੇ ਦੀ
ਪਿੱਠ 'ਤੇ ਉਕਰਿਆ ਮਿਲੇਗਾ ?
ਜੋ ਇਨਸਾਨ ਦੀ ਖੱਲ ਪਹਿਨ



ਲੋਅ ਲਗਦੇ ਪੰਜਾਬ ਮਿਲਾਵੇ
ਰਾਤ-ਬਰਾਤੇ
ਕੰਵਾਰੀ ਕੰਜਕ ਅੱਗ ਦਾ
ਮਹਾਂ-ਹਵਨ ਰਚਾਵੇ
ਚਾਨਣੀ ਦੂਸ਼ਿਤ ਕਰੇ
ਅਪੰਗਤਿਆਂ ਨੂੰ ਸੰਗਤ ਕਹੇ
ਮੁਨਕਰ ਹੋ ਕੇ ਰਾਹੀਆਂ ਨੂੰ
ਅਸੰਗਤ ਕਹੇ
ਸ਼ੀਸ਼ੇ ਸਾਹਵੇਂ ਕਿਉਂ ਪਰ
ਆਪਣੇ ਹੀ ਅਕਸ ਤੋਂ ਡਰੇ ?

(5)
ਤੂੰ ਉਥੇ ਵੀ ਮਿਲੇਂਗਾ
ਜਿੱਥੇ ਖਚਰ-ਵਿਦਿਆ ਦੇ ਓਹਲੇ
ਅੰਬਰ ਦੇ ਰਾਮ-ਨਾਮ 'ਤੇ
ਜਾਂ ਵਾਦਾਂ ਦੇ ਕੋਹਰਾਮ 'ਚ
ਇਨਸਾਨੀ ਆਕਾਰ
ਪੋਟੇ ਪੋਟੇ ਵੰਡਿਆ ਜਾਵੇ
ਵਿਖੰਡਿਤ ਸ਼ਖ਼ਸ, ਆਪਣਾ
ਤਿੜਕੇ ਸ਼ੀਸ਼ੇ 'ਚ
ਪ੍ਰਤੀਬਿੰਬ ਨਾ ਪਛਾਣੇ
ਆਪਣੇ ਆਪੇ ਤੋਂ
ਮੁਨਕਰ ਖ਼ੁਦਦਾਰੀ ਹੋਵੇ
ਦਰੁਸਤ ਜਿਸਮ ਅੰਦਰ
ਬੇਪਛਾਣ ਸਾਨ੍ਹ ਬੜ੍ਹਕੇ।

(6)
ਦਮ ਘੁੱਟਦਾ ਹੈ
ਕੌਣ ਤੇਰੇ ਕੋਲ
ਏਨਾ ਚਿਰ ਸਾਹ-ਹੀਣ ਜੀਵੇਗਾ
ਕੀ ਮੈਂ ਜਾ ਰਿਹਾਂ ਉਸ ਥਾਂ
ਜਿੱਥੇ ਫ਼ਾਰਸ਼ ਰੋਡ 'ਤੇ
ਲਾਸ਼ਾਂ ਦਾ ਭਾਰ ਨਹੀਂ ਢੋਂਦੇ
ਜਿੱਥੇ ਪਰਤ-ਦਰ-ਪਰਤ
ਜਿਸਮਾਂ ਦੇ ਤਹਿਖ਼ਾਨੇ
ਜਿੱਥੇ ਭੁੱਖ ਤੋਂ ਸਿਵਾਅ
ਕੋਈ ਦੰਭ ਨਹੀਂ ਹੈ
ਜਿੱਥੇ ਰੋਟੀ ਤੋਂ ਸਿਵਾਅ
ਕੋਈ ਅੱਗ ਨਹੀਂ ਹੈ
ਜੋ ਅੱਗ ਵਰਗਾ ਕੁਝ ਆਖਣ
ਕਰ ਜਾਂਦੇ ਨੇ
ਅੱਗ ਦੀਆਂ ਲਾਟਾਂ
ਜਰ ਜਾਂਦੇ ਨੇ
ਉਹ ਕੋਠੇ ਨੂੰ
ਕੋਠਾ ਹੀ ਆਖਦੇ ਨੇ
ਤੇ ਆਦਮੀ ਨੂੰ ਆਦਮੀ
ਪਰ ਅਸਲੀਅਤ ਹੋਰ ਹੈ (ਸ਼ਾਇਦ) :
ਮੁਸੱਲਸੱਲ ਜਦੋਜਹਿਦ ਹੈ ਇਹ-
ਅਸੀਂ ਤੈਥੋਂ ਵੀ ਮੁਕਤ ਹੋਣੈ
ਤੇ ਆਪਣੇ ਆਪ ਤੋਂ ਵੀ!
•
(5 ਮਾਰਚ 1987)



## ਸੁਰਖ਼ੀਆਂ: ਪੰਜਾਬ

(1)
ਖ਼ੂਨ 'ਚ ਭਿੱਜੀ
ਰੋਜ਼ ਚੁਰੱਸਤੇ 'ਚ
ਆਉਂਦੀ ਹੈ ਅਖ਼ਬਾਰ
ਰੋਜ਼ ਮੱਥੇ 'ਚ
ਚੀਖ਼ਦੀ ਹੈ ਅਖ਼ਬਾਰ
ਸੁਰਖ਼ੀਆਂ 'ਚੋਂ
ਆਪਣੇ ਹੀ ਤਾਜ਼ਾ
ਖ਼ੂਨ ਦੀ ਗੰਧ ਆਉਂਦੀ ਹੈ
ਆਪਣਾ ਹੀ ਮਾਸ
ਨੋਚਦੀ ਹੈ
ਆਂਦਰਾਂ 'ਚ ਊਧਮ
ਮਚਾਉਂਦੀ ਹੈ
ਹੱਡੀਆਂ 'ਚ ਕੜਵੱਲ ਪਾਉਂਦੀ ਹੈ
ਉਦੋਂ ਤਕ ਮਚਦੀ ਹੈ
ਸਿਵਿਆਂ 'ਚ ਧੂਣੀ
ਜਦੋਂ ਤਾਈਂ
ਹਰਫ਼ ਨਹੀਂ ਛੰਡਦੇ
ਜਦੋਂ ਤਾਈਂ ਜਿਸਮ
ਸੁਰਖ਼ੀ ਨਹੀਂ ਬਣਦੇ
ਜਦੋਂ ਤਾਈਂ ਹਾਦਸੇ
ਅਖ਼ਬਾਰ ਨਹੀਂ ਬਣਦੇ!

(2)
ਆਏਗਾ ਫ਼ਾਇਰ-ਬ੍ਰਿਗੇਡ
ਜਦੋਂ ਜਿਸਮ ਠਰ ਚੁੱਕੇ ਹੋਣਗੇ
ਆਉਣਗੇ ਮਾਨਵ

ਜਦੋਂ ਨਗਰ ਮਰ ਗਏ ਹੋਣਗੇ
ਬੈਠਣਗੇ ਕਮਿਸ਼ਨ
ਪੈਰਾਂ ਨਾਲ ਇਬਾਰਤ ਲਿਖਣਗੇ
ਰਿਪੋਰਟਾਂ ਦੇ ਬੰਡਲ ਫਿਰ
ਅਖ਼ਬਾਰਾਂ ਦੇ ਹਾਸ਼ੀਏ ਬਣਨਗੇ
ਆਪਣੇ ਹੀ ਜਿਸਮ 'ਚੋਂ ਡੁੱਲ੍ਹੇ
ਖ਼ੂਨ ਦੇ ਧੱਬੇ
ਵੀ ਮਿਟ ਚੁੱਕੇ ਹੋਣਗੇ
ਅਖ਼ਬਾਰਾਂ ਤੋਂ- ਦੀਵਾਰਾਂ ਤੋਂ
ਜਾਂ ਇਨਸਾਨੀ ਮਜ਼ਾਰਾਂ ਤੋਂ।

(3)
ਰਾਤ ਦੀ ਨਪੁੰਸਕਤਾ 'ਚ ਡੁੱਬੀ
ਸੰਪਾਦਕ ਦੀ ਕਲਮ
ਆਪਣੇ ਹੀ ਜਿਸਮ 'ਚ ਧੱਸਿਆ
ਚਿੰਤਕ ਦਾ ਮੱਥਾ
ਰੱਤ 'ਚ ਬਉਰੀ ਭਟਕ ਰਹੀ
ਇਤਿਹਾਸ ਦੀ ਅੱਖ
ਕੀ ਜਾਗੇਗੀ?
ਜਗਾਏਗੀ...?
ਤਦ ਸੁਰਖ਼ੀਆਂ 'ਚੋਂ
ਆਪਣੇ ਹੀ ਤਾਜ਼ਾ ਖ਼ੂਨ ਦੀ
ਗੰਧ ਨਹੀਂ ਆਏਗੀ
ਤਦ ਜਿਸਮ 'ਚ ਖੁੱਭੀ ਅੱਖ
ਖ਼ੂਨ ਦਾ ਰੰਗ
ਪਹਿਚਾਣ ਪਾਏਗੀ!
•
(8 ਜੁਲਾਈ 1987)



## ਨੂਰ

ਕਈ ਵੇਰਾਂ
ਮੌਤ ਨਾਲੋਂ ਬਦਤਰ
ਹੋ ਜਾਂਦੀ ਹੈ ਜ਼ਿੰਦਗੀ
ਜਿਊਂਦੇ ਜੀਅ ਹੀ, ਲਾਸ਼
ਚੁੱਕਣੀ ਪੈਂਦੀ ਹੈ, ਆਪਣੀ

ਛਾਂ ਛੁਪ ਜਾਂਦੀ ਹੈ ਕਿਧਰੇ
ਰੁੱਖਾਂ ਦੀ ਓਹਲ ਮੱਲ
ਧੁੱਪ ਹੋ ਜਾਂਦੀ ਹੈ ਅਸਤ
ਸੂਰਜ ਦੇ ਗਰਭ 'ਚ
ਧਰਤ ਕਿਰ ਜਾਂਦੀ ਹੈ ਰੇਤ ਬਣ
ਅੰਬਰ ਦੀ ਅੱਖ 'ਚੋਂ
ਪੌਣ ਵੀ ਸੌਂ ਜਾਂਦੀ ਹੈ
ਬ੍ਰਹਿਮੰਡ ਦੇ ਗਲ਼ੇ ਲੱਗ
ਕੋਈ ਚਿਰਾਗ਼-ਘਰ
ਦਿਸਦਾ ਨਹੀਂ ਦੂਰ ਤੱਕ
ਸਿਰਫ਼ ਨੂਰ ਹੀ ਬਚਦੈ
ਬੰਦ ਬੰਦ ਕਟਾ ਕੇ
ਬੀਆਬਾਨ ਰਾਤਾਂ ਦੀ ਜ਼ਦ 'ਚ
ਚਾਨਣੇ ਸ਼ਬਦਾਂ ਦੀ ਬਿਰਖ
ਆਤੰਕਿਤ ਫ਼ਿਜ਼ਾਵਾਂ 'ਚ ਹੈ ਗੂੰਜਦਾ।

ਪਰ ਕਈ ਵੇਰਾਂ
ਮੌਤ ਹੀ ਬੇਹਤਰ ਹੈ
ਨੂਰ-ਵਿਹੂਣੀ ਜ਼ਿੰਦਗੀ ਤੋਂ
ਸ਼ਬਦ ਹੋ ਜਾਂਦੇ ਨੂਰ
ਚਾਨਣੀ ਦਾ ਡੀਕ ਗੰਗਾ-ਜਲ
ਜ਼ਿੰਦਗੀ ਹੋ ਜਾਂਦੀ ਹਾਸਿਲ
ਮੌਤ ਦੀ ਆਗੋਸ਼ 'ਚ...!
•



## ਘੜਾ

ਭਿੱਜੀ ਰੇਤ 'ਤੇ
ਘੜਵੰਜੀ
ਉੱਪਰ
ਖ਼ਾਲਮ-ਖ਼ਾਲੀ ਘੜਾ
ਟਿਕਿਆ ਪਿਆ
ਕੋਲ ਹੀ
ਪਾਣੀ ਦੀ ਨਦੀ
ਸ਼ੂਕਦੀ

ਘੜਾ ਬੋਲਿਆ-
ਪੀ ਜਾਵਾਂਗਾ ਮੈਂ
ਸੰਪੂਰਨ
ਨਦੀ ਦਾ ਪਾਣੀ
ਸਦੀਆਂ ਤੋਂ
ਮੇਰੀ ਤਰੇਹ ਪਿਆਸੀ
ਝਨ੍ਹਾ ਕਿਨਾਰੇ ਭਟਕੀ
ਸੋਹਣੀ ਦਾ ਕੀ
ਰੇਤ ਦਾ ਘਰ
ਉਸਾਰੇ
ਢਾਹੇ
ਫਿਰ ਉਸਾਰੇ-
ਪੀ ਜਾਵਾਂਗਾ ਮੈਂ
ਕੁੱਲ
ਨਦੀ ਦਾ ਪਾਣੀ!
•

# ਚਾਕੂ

ਔੜ ਮਾਰੀ
ਧਰਤ ਦੇ
ਅੱਧ ਵਿਚਾਲੇ
ਹਰਾ ਕਚੂਚ
ਇਕ ਬਿਰਖ ਖਲੋਤਾ
ਰਾਤ ਦੀ ਵੱਖੀਓਂ
ਉਭਰਿਆ
ਇਕ ਚਾਕੂ ਲਿਸ਼ਕਦਾ
ਸਰਕਰਦਾ

ਬਿਰਖ ਦੀ ਹਿੱਕ 'ਚ
ਖੁੱਭਦਾ
ਉਹ ਗਰਜਿਆ–
ਵੇਖਿਆ ਨੀ ਲੋਕਾ
ਹੋਏਗੀ ਜ਼ਰੂਰ
ਵਰਖਾ
ਇਸ ਔੜ ਰੁੱਤੇ
ਮਿਰਜ਼ਿਆਂ ਦੀ ਰੱਤ ਦੀ
ਸਾਹਿਬਾਂ ਦੀ ਪੱਤ ਦੀ!

•



# ਲਾਠੀ

(1)
ਜਦੋਂ ਇਕੀਵੀਂ ਸਦੀ
ਅੰਗੜਾਈਆਂ ਲੈ ਰਹੀ ਹੈ
ਤੇ ਇਨਸਾਨ ਨੂੰ ਅਜਨਬੀਅਤ ਦੀ
ਮਕਤਲ 'ਚੋਂ, ਹਾਲੇ ਤਾਈਂ
ਵਿਹਲ ਨਹੀਂ ਹੈ ਭੋਰਾ
ਤੂੰ ਅਠਾਰਾਂ ਦੀ ਦਹਿਲੀਜ਼ ਟੱਪ ਕੇ
ਜ਼ਿੰਦਗੀ ਦੀ ਕਹਿਕਸ਼ਾਂ ਤੇ ਕਸ਼ਮਕਸ਼
ਦੇ ਦਰਮਿਆਨ ਹੈ ਪੈਰ ਧਰਿਆ
ਇਹ ਵੇਲਾ ਇਕੋ ਸਾਹ 'ਚ
ਤੇਰੇ ਤੇ ਮੇਰੇ ਮੋਢਿਆਂ 'ਤੇ
ਭਾਰ ਰੱਖਣ ਦੀ ਸਾਜ਼ਿਸ਼ 'ਚ ਸ਼ਰੀਕ ਏ
ਤੇਰੇ ਨੈਣਾਂ 'ਚ ਉਡ ਰਹੇ ਨੇ
ਪਰਵਾਜ਼ ਦੇ ਮੋਕਲੇ ਅੰਬਰ
ਪਰ ਮੈਂ, ਬਾਪ ਜੋ ਹੋਇਆ (ਤੇਰਾ)
ਜਿਸਦੇ ਬਾਪ ਨੂੰ
ਆਪਣੇ ਬਾਪ ਦੇ ਬਾਪ ਤੋਂ
ਵਿਰਸੇ 'ਚ ਮਿਲੀ ਪੁਰਾਤਨ ਲਾਠੀ
ਦਾਬਾ ਪਿਆ ਤਾਂ ਝੱਲਾਂਗਾ ਕੀ?
ਝੱਲ–ਵਲੱਲੀਆਂ ਹੀ ਮਾਰਾਂਗਾ ਕੀ?
ਪੁਰਖਿਆਂ ਦੀ ਲਾਠੀ 'ਚ ਉਤਰ ਜਾਵਾਂਗਾ
ਲਾਠੀ ਹੀ ਬਣ ਖੜ੍ਹ ਜਾਵਾਂਗਾ

(2)
ਤੇਰੇ ਸੋਹਲ ਗਿੱਟਿਆਂ 'ਤੇ
ਛਣਕਦੀ ਪਾਜ਼ੇਬ ਦੇ ਕੋਲ
ਲਾਠੀ ਦੀ ਟਾਪ ਮਾਰ ਖੜ੍ਹ ਜਾਵਾਂਗਾ
ਜਿਵੇਂ ਮੇਰੇ ਬਾਪ ਦੇ ਬਾਪ ਤੋਂ ਪਹਿਲਾਂ
ਉਸਦੇ ਬਾਪ ਦਾ ਬਾਪ ਖੜ੍ਹਦਾ ਸੀ
ਰੁਕ ਜਾਵੇਗਾ ਛਣਕਾਟਾ,
ਟੁੱਟ ਜਾਵੇਗਾ ਹਾਸਾ
ਤੂੰ ਘਬਰਾਏਂਗੀ ਨਹੀਂ, ਪਰੇਸ਼ਾਨ ਹੋਵੇਂਗੀ
ਕਿ ਇਹੀ ਬਾਪ ਹੈ ਜੋ ਤੋਤਲੀ ਜੀਭ 'ਤੇ
ਲੋਰੀਆਂ ਜਿਹੇ ਸ਼ਬਦ ਧਰਦਾ ਸੀ
ਸੁਬਕ ਹੱਥਾਂ ਨੂੰ ਪੋਲੇ ਜਿਹੇ ਫੜ੍ਹ
ਟੁਰਨਾ ਸਿਖਾਉਂਦਾ ਸੀ
ਅੱਜ ਉਹ ਕਿਵੇਂ ਅਚਾਨਕ
ਲਾਠੀ ਦਾ ਵਜੂਦ ਹੋ ਗਿਆ
ਅੱਜ ਉਹ ਕਿਵੇਂ, ਭਿਆਨਕ
ਮੇਰੇ ਅੰਬਰ ਦੀ ਤਕਦੀਰ ਹੋ ਗਿਆ
ਮੇਰੇ ਬਾਬਲਾ, ਮੇਰਾ ਅੰਬਰ
ਤੇਰੀ ਲਾਠੀ ਤੋਂ ਛੋਟਾ ਹੋ ਗਿਆ



(3)
ਨਹੀਂ, ਨਹੀਂ, ਮੈਂ ਭੰਨ-ਤੋੜ
ਚੁਰੱਸਤੇ 'ਚ ਸੁੱਟੀ ਨਹੀਂ ਲਾਠੀ ਅਜੇ
ਹੇ ਜ਼ੀਅਸ, ਮੈਂ ਤਾਂ ਚੁਰਾਈ ਹੈ ਲਾਠੀ
ਤੇ ਕਰ ਦਿੱਤੀ ਹੈ ਸਪੁਰਦ
ਸਾਡੇ ਸਮਿਆਂ ਨੇ, ਇਤਿਹਾਸਿਤ ਲਾਠੀ
ਆਉਣ ਵਾਲੇ ਕੱਲ੍ਹ ਨੂੰ
ਮੈਥੋਂ ਹਿੰਦ ਵਾਂਗ ਜੀਵਿਆ
ਨਹੀਂ ਜਾਂਦਾ ਸੀ ਹੋਰ
ਮਿਥਿਹਾਸ ਦੀ ਬਾਂਝ ਕੁੱਖ ਅੰਦਰ
ਸੋ, ਰੁੱਖ ਵਿਚੋਂ ਹੋ ਉਦੈ
ਅੰਬਰ ਦੇ ਖੁੱਲ੍ਹੇ ਵਿਹੜੇ
ਨੱਚਦੀ, ਖਰੂਦੀ ਪੌਣ ਸੰਗ
ਸਪੁਰਦਗੀ ਦੇ ਜਸ਼ਨ 'ਤੇ
ਮੁਕਤ-ਸਾਹ ਲੈਂਦਾ ਹਾਂ ਮੈਂ
ਇਤਿਹਾਸ 'ਚ ਸਾਹ ਲੈਂਦਿਆਂ
ਇਤਿਹਾਸ ਲਿਖ ਰਿਹਾ ਹਾਂ
ਜਾਂ ਇਤਿਹਾਸ ਹੋ ਰਿਹਾ ਹਾਂ...।

•

## ਮੈਂ...

ਮੈਂ ਹਰ ਔਰਤ ਨਾਲ ਸੌਂਦਾ ਹਾਂ
ਉਹ ਮਾਂ ਹੈ, ਭੈਣ ਹੈ, ਧੀ ਹੈ, ਦੋਸਤ ਹੈ ਮੇਰੀ
ਮੈਂ ਹਰ ਔਰਤ ਦੇ ਗਰਭ 'ਚ
ਉਤਰਨਾ ਚਾਹੁੰਦਾ ਹਾਂ
ਮੈਂ ਹਰ ਔਰਤ ਦੇ ਗਰਭ 'ਚ ਲਹਿੰਦਾ ਹਾਂ
ਹਰ ਔਰਤ ਦੇ ਮੱਥੇ 'ਚ ਮਾਂ ਹੈ
ਹਰ ਮਾਂ ਦੀ ਛਾਤੀ 'ਚ
ਬੱਚਾ ਧੜਕਦਾ ਹੈ
ਮੈਂ ਮਾਂ ਦੇ ਪੇਟ 'ਚ ਪਲਮਦਾ ਹਾਂ
ਤੇ ਜ਼ਿੰਦਗੀ ਦੀ ਪਹਿਲੀ ਚੀਖ਼ ਮਾਰ
ਉਦੈ ਹੁੰਦਾ ਹਾਂ
ਮੈਂ ਕਾਇਨਾਤ ਦਾ ਸੁਪਨਾ ਹਾਂ
ਸੰਸਕ੍ਰਿਤੀ ਦੀ ਕੂਲੀ ਨੁਹਾਰ
ਉਹ ਮਾਂ ਹੈ, ਭੈਣ ਹੈ, ਧੀ ਹੈ, ਦੋਸਤ ਹੈ ਮੇਰੀ

ਉਹ ਕੌਣ ਹੈ ਜੋਗੀ
ਕਿੱਥੇ ਹੈ ਉਹ ਮਨ ਦਾ ਭੋਗੀ
ਜਿਸ ਨੇ ਕੁੱਲ ਸ੍ਰਿਸ਼ਟੀ ਸਾਜੀ
ਕਲਪਨਾ ਦੇ ਚਹੁੰ ਕੂਟ 'ਚ ਵਾਸਾ ਉਸਦਾ
ਤਸੱਵਰ ਹੈ ਤਾਂ ਸਿਰਜਕ ਹਾਂ
ਤਸੱਵਰ ਹੀ ਤਾਂ ਹੈ ਜਾਂ ਮੈਂ ਹਾਂ
ਬਸ, ਮੈਂ
ਕਲਪਨਾ ਦਾ ਅਨਮੋਲ ਬਿੰਦੂ
ਚਹੁੰ ਕੂਟਾਂ 'ਚ ਵਾਸਾ ਜਿਸ ਦਾ...
ਰਚ ਰਿਹਾ ਜੋ ਜਗਤ ਤਮਾਸ਼ਾ...!
•
(27 ਜਨਵਰੀ 1997)



## ਬੇਜ਼ੁਬਾਨ

ਆਵਾਜ਼ ਹੈ ਨਿਰਜੀਵ
ਸੰਨਾਟਾ ਹੈ ਫੈਲਿਆ
ਤਾਬੜ ਤੋੜ
ਬਰਸ ਰਹੀ ਅੱਖਾਂ 'ਚ ਪੱਤਝੜ
ਧੁਰ ਅੰਦਰ ਹੈ ਉਭਰੀ ਸੁੰਨਸਾਨ ਰਾਤ
ਸ਼ਬਦ ਅਪਾਹਿਜ ਹੋ ਗਏ
ਅਰਥ ਗੂੰਗੇ
ਹੋਠ ਯਖ਼ ਸਰਦ ਸਿਰਫ਼ ਹਿੱਲਦੇ ਨੇ
ਆਦਮੀ ਹੋ ਜਾਂਦਾ ਹੈ ਬੇਜ਼ੁਬਾਨ
ਜਦੋਂ ਭਿੰਨ-ਮੱਤੀਆਂ ਤੋਂ ਕੰਬਦੀ ਹੈ ਰਾਜਨੀਤੀ
ਪਤਿਤ ਦਮਨਕਾਰੀ ਕਰਦੇ ਮੱਤ-ਭੇਦਾਂ ਦਾ ਸ਼ਿਕਾਰ
ਸੱਤਾ ਦੀ ਉਪੱਦਰੀ ਗਿੱਧ 'ਤੇ ਹੋ ਸਵਾਰ
ਜ਼ਿੰਦਾ ਜੀਭਾਂ 'ਤੇ ਧਰ ਤੇਜ਼ ਕਟਾਰ
ਖੋਹ ਲੈਂਦੇ ਉਸਦੀ ਜ਼ਬਾਨ...।
•
(1 ਜਨਵਰੀ 1995)

## ਖ਼ਿਆਲ

ਕੰਢੇ ਉੱਪਰ ਸੱਖਣੇ ਸੱਖਣੇ
ਲਹਿਰਾਂ ਨੂੰ ਸਭ ਨਾਪ ਰਹੇ
ਲਟ ਲਟ ਮਚਦਾ ਤਾਰੂ ਹੀ ਕੋਈ
ਸਾਗਰ ਦੀ ਥਾਹ ਲੈਂਦਾ ਹੈ।



## ਪੰਜਾਬ–1984

ਸ਼ਾਮ ਦੇ ਘੁਸਮੁਸੇ 'ਚ
ਅੰਬਰ ਦੀ ਹਿੱਕ 'ਤੇ ਜਦ
ਚੰਨ ਦੀ ਇਕ ਟਿੱਕੀ ਉਭਰੀ
ਦੋ ਕਦਮ ਤੁਰੇ
ਫ਼ਿਜ਼ਾ ਦੇ ਰਹੱਸ ਨੂੰ ਮਾਣਦੇ
ਫ਼ਾਰਮ ਦੇ ਅਲੂੰਏਂ ਕਮਾਦ ਦੀ ਸਰਸਰਾਹਟ
ਸਿਲਵਰ ਓਕ 'ਚ ਸਜਿਆ
ਅਟਵਾਲਾਂ ਦਾ ਸਟੋਰ
ਸੇਂਟ ਜੋਸੇਫ਼ 'ਚ ਈਸਾ ਮਸੀਹ ਦਾ ਬੁੱਤ
ਸੜਕ 'ਤੇ ਚਲਦਾ ਨਗਰ ਦਾ ਹਜੂਮ
ਮੋਢਿਆਂ 'ਤੇ ਸੁੱਟੀ ਚਾਦਰ ਦਾ ਸਾਥ
ਜ਼ਿੰਦਗੀ ਹੋਰ ਕੀ ਭਾਲੇ
ਇਕੱਲਤਾ ਦੀ ਭੀੜ 'ਚੋਂ ?

ਪਰਤਣ ਵੇਲੇ
ਹਵਾ ਰੁੱਖੀ ਸੀ
ਮੌਸਮ ਬਦਲ ਗਿਆ ਸੀ
ਟਾਹਣੀਆਂ ਤੋਂ ਪੱਤੇ ਝੜ ਰਹੇ ਸਨ
ਸਿਲਵਰ ਓਕ ਪਾਗਲ ਹਵਾ ਦਾ ਵੇਗ
ਤਿਖੇਰਾ ਕਰ ਰਹੇ ਸਨ
ਮਸੀਹਾ ਸੂਲੀ 'ਤੇ ਲਟਕ ਰਿਹਾ ਸੀ
ਨਾ ਕਮਾਦ ਸੀ ਨਾ ਖੇਤ
ਕੌਣ ਖਾ ਗਿਆ ਸੀ ਫ਼ਾਰਮ ?
ਸਾਰੀ ਫ਼ਿਜ਼ਾ 'ਤੇ ਛਾ ਗਈ ਸੀ ਬਸ

ਧੁੰਦ ਦੀ ਚਾਦਰ
ਸ਼ਹਿਰਾਂ 'ਚ ਪਿੰਡ ਅਸਤ ਹੋ ਗਏ
ਪਿੰਡਾਂ 'ਚ ਨਗਰ ਠਰ ਗਏ
ਓ ਮੇਰੇ ਬਾਂਕੇ ਪੰਜਾਬ!
ਕੌਣ ਤੇਰੇ ਰਾਹਾਂ ਦੇ ਬੁੱਲ੍ਹ ਸਿਉਂ ਗਿਆ?
ਕੌਣ ਤੇਰੇ ਖੇਤਾਂ ਦੀ ਰੌਣਕ ਖਾ ਗਿਆ?
ਕੌਣ ਤੇਰੀਆਂ ਅੱਖਾਂ ਨੂੰ ਸੰਨ੍ਹ ਲਾ ਗਿਆ
ਕੌਣ ਤੇਰੇ ਪਾਣੀਆਂ ਨੂੰ ਜ਼ਹਿਰ ਦੇ ਗਿਆ
ਓ ਮੇਰੇ ਬਾਂਕੇ ਪੰਜਾਬ!
ਤੇਰੇ ਰੱਤੇ ਪਾਣੀਆਂ 'ਚ
ਆਪਣਾ ਆਪਣਾ ਚਿਹਰਾ ਤਾਂ ਦਿਸਦਾ ਨਹੀਂ
ਧੜਾਂ ਦਾ ਕੀ ਕਰੀਏ?
•
(16 ਦਸੰਬਰ 1985)



## ਸ਼ੇਰ

(1)
ਸ਼ੇਰ ਦਹਾੜਦਾ ਹੈ
ਸੱਤਾ ਦੇ ਜੰਗਲ 'ਚੋਂ ਆਇਆ
ਸਾਨੂੰ ਹੌਲੀ ਹੌਲੀ ਚੱਬ ਜਾਣਾ ਲੋਚਦਾ
ਭੁੱਖੀਆਂ ਭੁੱਖੀਆਂ ਨਜ਼ਰਾਂ ਨਾਲ ਘੂਰਦਾ
ਆਖ਼ਰਕਾਰ ਸ਼ਿਕਾਰ ਨੂੰ ਨੱਪਦਾ
ਬੋਟੀ ਬੋਟੀ ਨੋਚ ਲੈਂਦਾ ਓਸ ਦੀ।
ਸਵੇਰ-ਸਾਰ ਉਹ ਸਾਡੇ ਸੰਗ ਹੁੰਦਾ
ਇਕੋ ਹੀ ਨਹਿਰ ਦਾ ਪਾਣੀ ਪੀਂਦਾ
ਸਭ ਨਾਲ ਕਲੋਲ ਕਰਦਾ
ਬੜੀਆਂ ਨਰਮ ਤੇ ਸਿੰਜਲ
ਨਿਗਾਹਾਂ ਸਾਡੇ 'ਤੇ ਫੇਰਦਾ
ਅਸੀਂ ਸ਼ੁੱਭ ਸਵੇਰ ਨੂੰ 'ਸਵਾਗਤ' ਕਹਿੰਦੇ
ਤਰਲਤਾ ਦੀ ਮੂਰਤ ਨੂੰ ਸਜਦਾ ਕਰਦੇ
ਢਲੇ ਦਿਨ ਤਕ
ਭੁੱਖ ਦੀ ਅੱਗ ਨਾਪਦੇ
ਇਕ ਜੱਦੋ-ਜਹਿਦ 'ਚ ਜੁੱਟ ਜਾਂਦੇ
ਤ੍ਰਿਕਾਲਾਂ ਪੈਂਦੇ ਸਾਰ ਹੀ
ਉਹ ਅੱਖਾਂ ਫੇਰ ਲੈਂਦਾ
ਨੀਝ ਭਰੀਆਂ ਭੇਤੀ ਅੱਖਾਂ ਨਾਲ
ਸਾਨੂੰ ਇਕ ਭਿਆਨਕਤਾ 'ਚ ਤੱਕਦਾ
ਅਸੀਂ ਉਸਦੀ, ਅੱਖਾਂ ਓਹਲੇ ਛੁਪੀ
ਵਹਿਸ਼ਤ ਦਾ ਦੀਦਾਰ ਕਰਦੇ
ਹਿਰਨ ਹੋ ਜਾਂਦੇ

ਬੇਤਹਾਸ਼ਾ ਦੌੜਦੇ ਜਾਂਦੇ
ਪਰ ਉਹ ਹਵਾ ਹੋ ਜਾਂਦਾ
ਸਾਡੇ 'ਚੋਂ ਕਿਸੇ ਇਕ ਨੂੰ
ਦਬੋਚ ਲੈਂਦਾ
ਬੋਟੀ ਬੋਟੀ ਨੋਚ ਲੈਂਦਾ
ਫਿਰ ਆਪਣੀ ਤ੍ਰਿਪਤੀ ਦੀ ਸੀਮਾ ਤੋਂ ਪਾਰ
ਸੱਤਾ ਦੇ ਜੰਗਲ 'ਚ ਲੋਪ ਹੋ ਜਾਂਦਾ
ਅਸੀਂ ਸੁਬ੍ਰਕ ਸੁਪਨਿਆਂ ਦੇ ਦਰੋਂ
ਉਧਾਰੀ ਜ਼ਿੰਦਗੀ ਮੰਗਦੇ
ਕੌੜੇ ਸੱਚ ਨੂੰ
ਇਕ ਅਣਚਾਹਿਆ ਬੱਚਾ ਸਮਝ
ਗਿਰਾ ਛੱਡਦੇ
ਇਹ ਸੋਚਦੇ
ਕਿ ਹੁਣ ਸ਼ੇਰ ਸੌਂ ਰਿਹਾ
ਦਹਾੜੇਗਾ ਨਹੀਂ
ਤੇ ਸਵੇਰ ਹੁੰਦਿਆਂ
ਫਿਰ ਮਿਲੇਗਾ ਸਾਨੂੰ ਵਾਰ ਵਾਰ
ਇਕੋ ਹੀ ਨਹਿਰ 'ਤੇ
ਸਾਡੇ ਸੰਗ ਪਾਣੀ ਪੀਂਦਾ
ਸਭ ਨਾਲ ਕਲੋਲ ਕਰਦਾ...।



(2)
ਸ਼ੇਰ ਦਹਾੜਦਾ ਹੈ
ਸ਼ੇਰ ਯੁਗਾਂ ਤੋਂ ਦਹਾੜਦਾ ਰਿਹਾ
ਸ਼ੇਰ ਯੁਗਾਂ ਤੋਂ ਹੀ ਨਿਚੋੜਦਾ ਰਿਹਾ
ਸਾਡੇ ਹੱਡਾਂ ਦਾ ਖ਼ੂਨ
ਸਾਡੇ ਜਾਨ-ਪ੍ਰਾਣ
ਸਾਡੀ ਬੋਟੀ ਬੋਟੀ ਨਚੋਦਾ ਰਿਹਾ ਹੈ ਸ਼ੇਰ
ਕਿੰਨਾ ਚਿਰ ਹਿਰਨਾਂ ਭੱਜੇਂਗਾ
ਕਿੰਨਾ ਚਿਰ ਬਾਰਾਂ-ਸਿੰਗਿਆ ਦੌੜੇਂਗਾ
ਕਦ ਤੱਕ ਜ਼ੈਬਰੇ ਲੁਕਣਗੇ
ਕਦ ਤਕ ਸਹਿਮੇ ਹੋਏ ਪਲ ਜੀਣਗੇ ?
ਆਓ ਖੰਡਿਤ ਸਵੈ ਨੂੰ ਇਕੱਠਾ ਕਰੀਏ
ਸ਼ੇਰ ਦੇ ਦੰਦ ਉਤਾਰੀਏ
ਤੇ ਜੰਗਲ ਦੇ ਸ਼ੋਅਕੇਸ 'ਚ ਸਜਾਈਏ
ਤਾਂ ਕਿ ਫ਼ਿਜ਼ਾ 'ਚ ਗੂੰਜਦੀ ਰਹੇ ਹਵਾ
ਦਿਸਹੱਦੇ ਤਕ ਉਡਦੀਆਂ ਰਹਿਣ ਕੂੰਜਾਂ
ਆਉਣ ਵਾਲੇ ਸਮਿਆਂ ਦਾ ਰੰਗ
ਹੋ ਜਾਏ ਜਾਮਣੀ...!
•
(20 ਸਤੰਬਰ 1988)

## ਦੌੜ

ਮੈਂ ਤੇਰੇ ਤੋਂ ਨਹੀਂ
ਆਪਣੇ ਆਪ ਤੋਂ
ਦੌੜਦਾ ਰਿਹਾ ਹਾਂ
ਬਹੁਤ ਦੂਰ
ਆਪਣੇ ਆਪ ਤੋਂ...।

•

(9 ਅਪ੍ਰੈਲ 1993)



## ਮੰਝਧਾਰ

ਭਰ ਬਰਸਾਤਾਂ, ਬਿਜਲੀ ਕੜਕੇ।
ਗੋਰੀ ਧੁੱਪ ਨੂੰ ਅੰਬਰ ਤਰਸੇ।

ਗਾਥਾ ਸਾਡੀ ਉਚਰ ਰਹੇ ਨੇ।
ਤੇਰੀ ਪੁਸਤਕ ਦੇ ਚੰਦ ਵਰਕੇ।

ਬਿਨ ਹੱਥਾਂ ਤੋਂ ਖੜ੍ਹਾ ਕਿਨਾਰੇ।
ਲੰਘਣਾ ਲੋਚੇ ਸਾਗਰ ਤਰ ਕੇ।

ਕੰਧਾਂ ਕਮਰੇ ਕੰਬ ਜਾਂਦੇ ਨੇ।
ਘਰ ਦਾ ਜਦ ਦਰਵਾਜ਼ਾ ਖੜਕੇ।

ਤਾਰੇ ਟੁੱਟੇ, ਚਾਨਣ ਮੋਇਆ,
ਚੰਨ ਰਾਤ ਦੇ ਵਿਹੜੇ ਸਿਸਕੇ।

ਮਹਿਕਾਂ ਦੀ ਇਹ ਰੁੱਤ ਹੈ ਕੈਸੀ,
ਆਈਆਂ ’ਵਾਵਾਂ ਜ਼ਹਿਰਾਂ ਭਰਕੇ।

ਬੇੜੀ ਅਤੇ ਮੱਲਾਹ ਦਾ ਰਿਸ਼ਤਾ,
ਸਮਝੇ ਉਹ ਮੰਝਧਾਰ ’ਚ ਪੈ ਕੇ।

•

## ਫ਼ਾਸਲਾ

ਦਰਾਰ ਆਈ (ਜਦੋਂ)
ਸ਼ਬਦ ਗੁੰਗੇ ਹੋ ਗਏ
ਅਰਥ ਬੋਲੇ
ਸੁਰਖ਼ ਅੱਖਾਂ 'ਚ ਉਤਰਿਆ
ਅੰਨ੍ਹਾ ਹਨ੍ਹੇਰਾ
ਫ਼ਾਸਲਾ ਬਹੁਤਾ ਨਹੀਂ ਸੀ
ਤੇਰੇ ਤੇ ਮੇਰੇ ਵਿਚਕਾਰ
ਤੇਰੇ ਤੇ ਮੇਰੇ ਘਰ ਅੰਦਰ
ਆਪਣੇ ਆਪਣੇ ਘਰ ਅੰਦਰ
ਅਸੀਂ ਅਜਨਬੀ ਹੋ ਗਏ
ਕੀ ਦਰੋ-ਦੀਵਾਰ ਤੋਂ
ਜਾਂ ਆਪਣੇ ਆਪ ਤੋਂ...?
•
(8 ਜੂਨ 2008)



## ਗੁਫ਼ਤਗੂ

(1)
ਵੈਨਕੂਵਰ ਤੋਂ ਭਰਜਾਈ ਦਾ
ਆਇਆ ਹੈ ਫੋਨ
ਬਹੁਤ ਖ਼ਫ਼ ਰਹੀ ਹੈ ਉਹ
ਆਖਦੀ ਹੈ-
ਕਾਹਨੂੰ ਦੋ ਪੁੱਤਰ ਜੰਮੇ
ਕੋਈ ਵੀ ਆਖੇ ਨਹੀਂ ਲੱਗਦਾ
ਕਾਸ਼! ਮੇਰੀ ਵੀ ਇਕ ਧੀ ਹੁੰਦੀ
ਭੈਣੇਂ! ਧੀਆਂ ਧਿਆਣੀਆਂ
ਦਿਲ ਦੀਆਂ ਰਾਣੀਆਂ
ਵੱਡਾ ਹੈ ਕਿ ਮਨ-ਮਰਜ਼ੀ ਕਰਦਾ
ਫੀਨੀ ਵੀਅਤਨਾਮਣ ਨਾਲ ਘੁੰਮਦਾ
ਕਹਿੰਦਾ ਸਾਡਾ ਜਨਮ-ਮਰਨ ਦਾ ਸਾਥ
ਜੱਟਾਂ ਦੀਆਂ ਨਾ ਸਹੀ
ਕੀ ਦੇਸੀ ਕੁੜੀਆਂ ਮਰ ਗਈਆਂ?
ਮੈਨੂੰ ਤਾਂ ਲੱਗਦੈ ਭੈਣੇ
ਆਪਣੀ ਨਾਲ਼ੇ ਨਾਲ ਬੰਨ੍ਹੀ ਫਿਰਦੀ
ਇਹ ਚਪਟੀ ਮੇਰੇ ਪੁੱਤ ਨੂੰ।

(2)
ਵੈਨਕੂਵਰ ਵਾਲੀ ਭਾਬੀ ਨੂੰ
ਇਕ ਵਰ੍ਹੇ ਜਿੰਨੀ ਚੁੱਪ ਤੋੜ
ਫੋਨ ਕਰਦੀ ਹਾਂ
ਭਾਈ ਦਾ
ਬੱਚਿਆਂ ਦਾ ਹਾਲ-ਚਾਲ ਪੁੱਛਦੀ ਹਾਂ
ਉਹ ਆਖਦੀ ਹੈ-
ਪਰਨਾਲਾ ਉੱਥੇ ਦਾ ਉੱਥੇ

ਮੈਂ ਕਹਿੰਦੀ ਹਾਂ-
ਜੇਜ਼ੀ ਆਇਆ ਸੀ
ਨਿਕੋਲ ਨੂੰ ਨਾਲ ਲਿਆਇਆ ਸੀ
ਭਾਬੀਏ, ਉਹ ਤਾਂ ਨਿਰੀ-ਪੁਰੀ ਹੀਰ
ਗੱਲਬਾਤ 'ਚ ਚੁਸਤ, ਨਫ਼ੀਸ
ਜੋੜੀ ਤਾਂ ਬਹੁਤ ਹੀ ਫੱਬਦੀ
ਤੈਨੂੰ ਹੋਰ ਦੱਸਦੀ ਹਾਂ



ਮੈਂ ਇਸਨੂੰ ਵਿਚਾਰਿਆ ਹੈ ਖ਼ੂਬ
ਤੈਨੂੰ ਯਾਦ ਹੋਏਗਾ ਥੋੜ੍ਹਾ ਬਹੁਤ
ਜਦੋਂ ਅਸੀਂ ਪੰਜਾਬ ਹੁੰਦੇ ਸਾਂ
ਇਕ ਖ਼ਾਸ ਕਿਸਮ ਦੀਆਂ ਸਬਜ਼ੀਆਂ
ਇਕ ਖ਼ਾਸ ਕਿਸ ਦੇ ਫਲ
ਇਕ ਖ਼ਾਸ ਨਸਲ ਦੇ ਮੁੰਡੇ
ਮਾਪਿਆਂ ਦੀ ਤੰਗ ਛੱਤ ਦੇ ਹੇਠ
ਚੁਣ ਲਵੋ, ਖਾ ਲਵੋ ਤੇ ਵਰ ਲਵੋ
ਭੈਣੇ! ਏਥੇ ਵੇਖ ਭਾਂਤ-ਭਾਂਤ ਦੀਆਂ
ਸਬਜ਼ੀਆਂ ਤੇ ਫਲ
ਵੱਖ ਵੱਖ ਨਸਲ ਦੇ ਲੋਕ
ਕਦੇ ਸੁਣਿਆ ਸੀ ਬਰੌਕਲੀ[1] ਦਾ ਨਾਮ
ਖਾਧੀ ਸੀ ਕਦੇ ਕੇਲ[2] ਕੁੜੇ

---

1. ਬਰੌਕਲੀ ਲਗਪਗ ਫੁੱਲ ਗੋਭੀ ਵਰਗੀ ਹੁੰਦੀ ਹੈ, ਪਰ ਪੂਰੀ ਦੀ ਪੂਰੀ ਗੂੜ੍ਹੀ ਹਰੀ।
2. ਕੇਲ, ਗੋਭੀ ਸਰੋਂ ਵਰਗਾ ਪੌਦਾ

ਇੰਵ ਹੀ ਵੰਨ-ਸੁਵੰਨੀਆਂ
ਕੁੜੀਆਂ-ਮੁੰਡੇ
ਜਿਉਂ ਪੰਛੀ ਰੰਗ-ਬਰੰਗੇ
ਬੱਚਿਆਂ ਲਈ ਚੁਣਨ ਦਾ ਦਾਇਰਾ
ਦਿਸਹੱਦੇ ਤਕ ਹੈ ਖੁੱਲ੍ਹਾ-ਡੁੱਲ੍ਹਾ
ਉਨ੍ਹਾਂ ਲਈ ਬੰਦ ਦਰਵਾਜ਼ਾ ਖੋਲ੍ਹ
ਤੇ ਸੁਰਖ਼ ਪਾਣੀਆਂ 'ਚ ਡੁੱਬਕਣ ਦੇ...।

•

(30 ਮਈ 2016)



# ਸਮੁੰਦਰੀ ਹਵਾ
(Sea Breeze)

**ਚੰਦਰ** ਦੇ ਨਾਂ
ਜੋ ਕਲਮ ਦੀ **ਰੇਖਾ** ਬਣ
**ਪੂਨਮ** ਦੀ ਰਾਤੇ
ਸ਼ਬਦਾਂ 'ਚ ਚਾਨਣੀ ਘੋਲੇ...

ਬੰਦ ਗਲੀ ਦੇ ਮੋੜ ’ਤੇ
ਕੌਣ ਇਸ਼ਾਰਾ ਕਰ ਗਿਆ
ਤੰਗ-ਦਿਲੀ ਦੇ ਦੌਰ ਵਿਚ
ਦਿਲ ਆਪਣਾ ਮੈਂ ਦਿਆਂਗਾ



## ਦਾਵਾਨਲ ਦੇ ਰੰਗ....

ਮਨੁੱਖ ਭੋਗਦਾ ਹੈ, ਹੰਢਾਉਂਦਾ ਹੈ, ਜਰਦਾ ਹੈ- ਸੱਤਰੰਗੀ ਪੀਂਘ ਜਿਹੇ ਪਲ, ਘਟਨਾਵਾਂ, ਹਾਦਸੇ। ਮਨੁੱਖ ਪੀੜ ’ਚ ਕੁਰਲਾਉਂਦਾ ਹੈ, ਵਜਦ ’ਚ ਨੱਚਦਾ ਹੈ, ਚਾਨਣ ’ਚ ਰੁਮਾਂਚਿਤ ਹੋ ਮਚਲਦਾ ਹੈ, ਹਨ੍ਹੇਰੇ ਦੀ ਇਕੱਲ ’ਚ ਅੰਤਾਂ ਦਾ ਉਦਾਸ ਹੁੰਦਾ ਹੈ। ਸਮੁੰਦਰ ਦੇ ਕਿਨਾਰੇ ਖੜ੍ਹਾ ਮਨੁੱਖ ਰੇਤ ਹੋ ਜਾਂਦਾ ਹੈ ਅਤੇ ਰੇਤ ਉੱਤੇ ਚਲਦਾ ਚਲਦਾ, ਭਰਿਆ ਭਰਿਆ, ਸ਼ੂਕਦਾ ਸਮੁੰਦਰ ਹੋ ਲਹਿਰ ਲਹਿਰ ਮੱਚਦਾ ਹੈ। ਮਨੁੱਖ ਦੀ ਹੋਣੀ ਦੇ ਕਿੰਨੇ ਰੰਗ ਨੇ ਜੋ ਉਹ ਆਪਣੀ ਚਮੜੀ ਦੇ ਆਰ-ਪਾਰ ਮਹਿਸੂਸਦਾ ਹੈ, ਚਾਹੇ ਉਹ ਰੰਗ ਨਿੱਜ ਦੇ ਖਿਤਜ ’ਚੋਂ ਜਨਮੇਂ ਹੋਣ ਜਾਂ ਸਮਕਾਲੀ ਸੋਚ ਦੇ ਸੰਦਰਭ ’ਚੋਂ ਜਾਂ ਫਿਰ ਤਰੈ-ਕਾਲਕ ਗਰਭ-ਪੀੜ ਦੇ ਸੱਚੇ ਹਾਸਿਲ। ਇਸ ਅਹਿਸਾਸ ਨੂੰ, ਇਸ ਅਹਿਸਾਸ ਦੇ ਸੰਤਾਪ ਨੂੰ ਹੰਢਾਉਣਾ, ਸੱਚ ਦੀ ਹੋਣੀ ਦਾ ਸਾਹਾਂ ’ਚ, ਨਾੜਾਂ ’ਚ ਕੀੜੀ ਵਾਂਗ ਰੀਂਘਦੇ ਰਹਿਣਾ ਹੀ ਮਨੁੱਖ ਦੇ ਮੱਥੇ ਨੂੰ ਟੁੰਬਦਾ ਹੈ, ਝੰਜੋੜਦਾ ਹੈ, ਲੋਅ ਦੀ ਚੁਆਤੀ ਲਾਉਂਦਾ ਹੈ, ਜੋ ਬੋਲਦੇ ਹੋਏ ਸ਼ਬਦ ਬਣ ਕਲਮ ਦੀ ਸਿਆਹੀ ’ਚੋਂ ਵਗ ਤੁਰਦੇ ਹਨ, ਚਿਤਰਕਾਰ ਦੇ ਬੁਰਸ਼ ’ਚੋਂ ਰੰਗਾਂ ਦੀ ਭਾਸ਼ਾ ’ਚ ਝਰ ਝਰ ਵਗਦੇ ਹਨ, ਸੱਤ ਸੁਰਾਂ ਦੇ ਸਾਗਰ ’ਚੋਂ ਦੀਪਕ ਰਾਗ ਸਿਰਜਦੇ ਜ਼ਿੰਦਗੀ ਦੀ ਹੂਕ, ਕਸਕ, ਪੀੜ, ਦਰਦੋ-ਗ਼ਮ ਨਾਲ ਇਕਮਿਕ ਹੋ ਜਾਂਦੇ ਹਨ।

ਸੰਗੀਤ ਤੇ ਨਾਚ ਨੇਮ-ਬੱਧ ਰਿਆਜ਼ ਮੰਗਦਾ ਹੈ, ਚਿਤਰਕਾਰੀ ਦਾ ਦੂਜਾ ਨਾਂ ਹੈ ਨਿਰੰਤਰ ਸੰਵੇਦਨਸ਼ੀਲਤਾ, ਪਰ ਨਜ਼ਮ ਤਾਂ ਕਲਪਨਾ ਦੇ ਸੱਤ ਸਾਗਰਾਂ ’ਚ ਤੈਰ ਕੇ ਲੰਘਣ ਦਾ ਤਸੱਵਰ ਹੈ, ਇਕ ਕਰਮਸ਼ੀਲ ਪੀੜ। ਬੇਸ਼ਕ ਚਿਤਰਕਾਰੀ ਕਿਸੇ ਹੱਦ ਤਕ ਮੂਕ ਕਵਿਤਾ ਜਾਂ ਰੰਗਾਂ ਦੀ ਨਜ਼ਮ ਆਖੀ ਜਾ ਸਕਦੀ ਹੈ- ਸੂਖਮ ਤੰਦਾਂ ਦੀ ਪਕੜ, ਜੋ ਸਿਰਫ਼ ਮਹਿਸੂਸ ਹੋ ਸਕੇ।

ਜੇ ਗੱਲ ਅਜੋਕੀ ਨਜ਼ਮ ਦੀ ਕਰੀਏ ਤਾਂ ਮੇਰੀ ਜਾਚੇ ਇਹ ਮਹਿਜ਼ ਜਜ਼ਬਾਤੀ ਪਰਪੰਚ ਜਾਂ ਉਪ-ਭਾਵੁਕਤਾ ਦੀ ਠੱਗੀ-ਠੋਰੀ ਨਹੀਂ, ਜੋ ਘਟੀਆ ਤੇ ਨੀਵੀਂ ਮਾਨਸਿਕਤਾ ਦੀ ਵਪਾਰੀ ਬਣੇ, ਇਹ ਤਾਂ ਚਮੜੀ ’ਚ ਹੰਢਾਏ ਜਾਂ ਮਹਿਸੂਸੇ, ਭਾਵਨਾਵਾਂ ’ਚ ਛੋਹੇ, ਬੌਧਿਕਤਾ ਦੇ ਧਰਾਤਲ ’ਤੇ ਵਿਚਾਰਾਂ ਦਾ ਸੋਚਾਂ ਦਾ ਅਦਾਨ-ਪ੍ਰਦਾਨ ਹੈ।

ਅੱਜ ਦੀ ਨਜ਼ਮ ਤੁਹਾਡੇ ਮੱਥੇ ਨੂੰ ਟੁਣਕਦੀ ਅਲਖ ਜਗਾਉਂਦੀ ਹੈ: ਗੂੜ੍ਹੀ ਨੀਂਦ ’ਚੋਂ ਅੱਖਾਂ ਖੋਲ੍ਹਣ ਦਾ ਪ੍ਰਾਸੈੱਸ। ਤੁਸੀਂ ਜਾਗੋਗੇ ਤਾਂ ਜ਼ਿੰਦਗੀ ਹੈ, ਨਹੀਂ ਤਾਂ ਮਿੱਟੀ ਦਾ ਸਾਰ ਹੈ ਸਭ।

ਅੱਜ ਨਜ਼ਮ ਮੁਗ਼ਲਵੀ ਸ਼ਾਨ ਦੀ ਰਖੇਲ ਨਹੀਂ ਹੈ। ਮੱਥੇ ਦੀ ਮਣੀ ਹੈ, ਜੋ ਜਗੇ ਤਾਂ ਹਨ੍ਹੇਰੇ ਰੁਸ਼ਨਾਉਂਦੀ ਹੈ; ਹਨ੍ਹੇਰੇ ਚੀਰਦੀ ਨਜ਼ਰ ਆਉਂਦੀ ਹੈ ਨਜ਼ਮ।

ਨਜ਼ਮ ਇਕ ਅਹਿਸਾਸ ਦੀ ਨਦੀ ਹੈ, ਜੋ ਵਗਦੀ ਹੈ ਤਾਂ ਜ਼ਿੰਦਗੀ ਛਲਕਦੀ ਹੈ; ਸਾਹਾਂ 'ਚ ਰਗਾਂ 'ਚ ਰਕਤ ਪਰਵਾਜ਼ ਕਰਦਾ ਨਜ਼ਰ ਆਉਂਦਾ ਹੈ।

ਯਾਰੜੇ ਦੇ ਸੱਥਰ 'ਤੇ ਲੇਟੀ ਚੇਤਨਾ 'ਚੋਂ ਹੀ ਜ਼ਿੰਦਗੀ ਦੇ ਦਰਦ ਦਾ, ਚੀਖ਼ ਦਾ, ਰੋਹ ਦਾ ਸ਼ੁਅਲਾ ਜਨਮਦਾ ਹੈ, ਜੋ ਅਹਿਸਾਸਾਂ 'ਚ ਲਟ ਲਟ ਬਲ ਨਜ਼ਮ 'ਚ ਪੰਘਰ ਤੁਰਦਾ ਹੈ, ਆਖ਼ਰ ਸੱਤਾ ਦਾ ਖ਼ੁਦੀ ਗ਼ਰੂਰ ਤੇ ਕਬਰਸਤਾਨੀ ਸ਼ਕਤੀ ਦੀ ਭਿਆਨਕਤਾ ਨੂੰ ਪੋਰੀ ਪੋਰੀ ਚਿਤਰਦਾ ਹੈ, ਝੁੰਜਲਾ ਸੁੱਟਦਾ ਹੈ...।

ਨਜ਼ਮ ਤਾਂ ਨੀਲੇ ਫ਼ਲਕ 'ਚ ਘੁੱਗੀਆਂ ਦੀ ਉਡਾਰੀ ਹੈ, ਜੋ ਫ਼ਨਾਹ ਹੋਣ ਤੋਂ ਪਰ੍ਹੇ ਦੇ ਅਮਨ-ਮਈ ਸਫ਼ਰ ਦਾ ਸੰਕੇਤ ਹੈ, ਇਕ ਕਾਵਿਕ ਜਲਵਾ ਹੈ, ਮਾਨਵੀ ਸੁਪਨਾ ਹੈ।

ਜ਼ਿੰਦਗੀ ਦੀ ਹਰ ਤਨਜ਼, ਹਰ ਰੰਗ ਨੂੰ ਛੋਂਹਦੀ ਹੈ ਨਜ਼ਮ। ਜਿਸ ਤਨਜ਼, ਜਿਸ ਰੰਗ 'ਚ ਕੋਈ ਸਾਰਥਕ ਆਕਾਰ ਜਨਮ ਲੈਂਦਾ ਹੈ ਤੇ ਧੁਰ ਆਤਮਾ ਨੂੰ ਟਕੋਰਦਾ ਹੈ। ਇਨ੍ਹਾਂ ਰੰਗਾਂ ਦੀ ਅਭਿਵਿਅਕਤੀ 'ਚ ਜੰਗਲ ਜੰਗਲ ਭਟਕਣਾ ਪੈਂਦਾ ਹੈ, ਦਾਵਾਨਲ ਦੇ ਰੰਗਾਂ 'ਚ ਨਿੱਜ ਨੂੰ ਮੱਚਣਾ ਪੈਂਦਾ ਹੈ।

ਸੁਬੋਧ ਤੇ ਸੰਜੀਦਾ ਮਿੱਤਰੋ, ਜ਼ਿੰਦਗੀ ਦੇ ਇਨ੍ਹਾਂ ਰੰਗਾਂ 'ਚੋਂ ਹੀ ਆਪਣੇ ਰੰਗ ਦੀ ਕਾਤਰ ਲੈ ਕੇ ਮੁਖ਼ਾਤਿਬ ਹਾਂ, ਜੋ ਮੇਰੀਆਂ ਹੱਥਲੀਆਂ ਨਜ਼ਮਾਂ ਹਨ, ਪਿਛਲੇ ਛੇ ਵਰ੍ਹਿਆਂ ਦੀ ਟੁੱਟ-ਭੱਜ 'ਚੋਂ ਉੱਭਰੇ ਸੂਰਪ।

ਸ਼ੁਕਰਗੁਜ਼ਾਰ ਹਾਂ, ਪ੍ਰਮਿੰਦਰਜੀਤ ਦਾ, ਜਸਵੰਤ ਦੀਦ ਦਾ, ਪ੍ਰੇਮ ਪ੍ਰਕਾਸ਼, ਪਰੇਮ ਚੱਠਾ ਤੇ ਸੁਰਜੀਤ ਕੌਰ ਦਾ, ਜਿਨ੍ਹਾਂ ਨੇ ਜਦੋਂ ਲੋੜ ਪਈ ਮੇਰੀਆਂ ਨਜ਼ਮਾਂ ਨੂੰ ਸ਼ਰਣਾਗਤ ਕੀਤਾ, ਆਤਮ-ਬਲ ਦੀ ਚੁਆਤੀ ਲਾਈ ਤੇ ਜੁਗਨੂੰਆਂ ਦੀ ਜੂਨ ਹੰਢਾਉਣੀ ਸਿਖਾਈ।

24.8.1986

**ਦਲਜੀਤ ਮੋਖਾ**



# ਜਾਗਦੇ ਆਪੇ ਦੀ ਸ਼ਾਇਰੀ

ਇਕ ਮੁੱਦਤ ਪਹਿਲਾਂ ਮੈਨੂੰ ਦਲਜੀਤ ਮੋਖਾ ਮਿਲਿਆ ਸੀ। ਉਹ ਦਿਨ ਤੱਤੇ ਬੋਲਾਂ ਤੇ ਤੱਤੇ ਸ਼ਬਦਾਂ ਦੀ ਸ਼ਾਇਰੀ ਦੇ ਦਿਨ ਸਨ। ਇਸ ਪਿੱਛੋਂ ਸ਼ਾਇਰੀ ਨੇ ਵੀ ਵਕਤ ਦੀ ਨਜ਼ਾਕਤ ਅਨੁਸਾਰ ਆਪਣਾ ਮੁਹਾਂਦਰਾ ਬਦਲ ਲਿਆ ਤੇ ਮੋਖਾ ਤੇ ਉਸ ਦੀ ਸ਼ਾਇਰੀ ਵੀ ਮੇਰੇ ਲਈ ਅਜਨਬੀ ਹੋ ਗਏ। ...ਤੇ ਇਕ ਮੁੱਦਤ ਬਾਦ ਮੋਖਾ ਮੇਰੇ ਰੂਬਰੂ ਹੈ। ਮੋਖਾ ਤੇ ਉਸ ਦੀ ਸ਼ਾਇਰੀ ਦੋਹਾਂ ਨਾਲ ਮੇਰਾ ਮੋਹ ਵਾਲਾ ਰਿਸ਼ਤਾ ਹੈ।

ਮੈਂ ਦੋਹਾਂ ਦੀ ਆਮਦ 'ਤੇ ਬੜਾ ਖ਼ੁਸ਼ ਹਾਂ।

ਮੈਨੂੰ ਖ਼ੁਸ਼ੀ ਹੈ ਕਿ ਦਲਜੀਤ ਨੇ ਆਪਣੀ ਸ਼ਾਇਰੀ ਦੇ ਬੀਜ ਰੂਪ ਨੂੰ ਆਪਣੀਆਂ ਵੀਰਾਨ ਸੋਚਾਂ, ਆਪਣੇ ਹੰਢਾਏ ਤਰਜ਼ੇ-ਜ਼ਿੰਦਗੀ ਦੇ, ਕੱਲਰੇ ਦਿਨਾਂ ਵਿਚ ਵੀ ਮਰਨ ਨਹੀਂ ਦਿੱਤਾ। ਉਹ ਬੜੇ ਵਰ੍ਹੇ ਆਪਣੀ ਸ਼ਾਇਰੀ ਨੂੰ ਆਪਣੀ ਰੂਹ ਦੀਆਂ ਤਲਖ਼ੀਆਂ ਸਮੇਤ ਲੋਰੀਆਂ ਦੇ ਕੇ ਸੁਆਉਂਦਾ ਰਿਹਾ।

ਤੇ ਹੁਣ ਉਹੋ ਸ਼ਾਇਰੀ ਲੋਰੀ ਦੀ ਅਵਸਥਾ 'ਚੋਂ ਜਾਗ ਕੇ ਸੋਮਨ ਹੋਈ ਹੈ ਤੇ ਆਪਣੀ ਪਹਿਚਾਣ ਦੇ ਨਕਸ਼ ਉਜਾਗਰ ਕਰ ਰਹੀ ਹੈ। ਉਸ ਦੀ ਸ਼ਾਇਰੀ ਨੂੰ ਮੈਂ ਬੜੇ ਹੀ ਅਪਣੱਤ ਵਾਲੇ ਅਹਿਸਾਸਾਂ ਦੇ ਨਾਲ ਨਾਲ ਅਜੋਕੀ ਮਾਨਸਿਕਤਾ ਦੇ ਹਮਰਾਹ ਹੋ ਕੇ ਵੀ ਪੜ੍ਹਿਆ, ਮਾਣਿਆ ਤੇ ਅਨੁਭਵ ਕੀਤਾ ਹੈ। ਮੈਂ ਇਨ੍ਹਾਂ ਨਜ਼ਮਾਂ ਨੂੰ ਅਸਲੋਂ ਨਵੇਂ ਸ਼ਾਇਰ ਦੀਆਂ ਪਲੇਠੀਆਂ ਨਜ਼ਮਾਂ ਹਰਗਿਜ਼ ਨਹੀਂ ਕਹਿ ਸਕਦਾ। ਦਲਜੀਤ ਆਪਣੀ ਰਚਨਾਤਮਿਕਤਾ ਦੇ ਖ਼ਾਮੋਸ਼ ਵਰ੍ਹਿਆਂ ਵਿਚ ਸ਼ਾਇਰੀ ਰਚਦਾ ਤਾਂ ਨਹੀਂ ਰਿਹਾ, ਪਰ ਸ਼ਾਇਰੀ ਨੂੰ ਆਪਣੇ ਲਹੂ ਵਿਚ ਖ਼ੌਰੂ ਪਾਉਂਦੀ ਜ਼ਰੂਰ ਮਹਿਸੂਸ ਕਰਦਾ ਰਿਹਾ ਹੈ।

'ਸਮੁੰਦਰੀ ਹਵਾ' ਵਿਚਲੀ ਸ਼ਾਇਰੀ ਦਾ ਗੂੜ੍ਹਾ ਰੰਗ ਮੇਰੇ ਉਪਰੋਕਤ ਕਥਨ ਦੀ ਗਵਾਹੀ ਹੈ। ਗਵਾਹੀ ਦੇ ਰੂਪ ਵਿਚ ਨਜ਼ਮਾਂ ਦੇ ਹਵਾਲੇ ਦੇਣਾ ਚੰਗਾ ਨਹੀਂ ਲੱਗੇਗਾ। ਆਪਣਾ ਨਿੱਜ ਵਿਖਾਉਂਦੀ ਸ਼ਾਇਰੀ ਪਾਠਕਾਂ ਨੂੰ ਬੇਗਾਨੀ ਨਹੀਂ ਲੱਗਦੀ।

ਦਲਜੀਤ ਆਪਣੀਆਂ ਕਈ ਨਜ਼ਮਾਂ ਵਿਚ ਅਤੀਤ ਦੇ ਘਸਮੈਲ਼ੇ ਰੰਗਾਂ ਤੋਂ ਮੁਕਤ ਤਾਂ ਨਹੀਂ, ਪਰ ਵਰਤਮਾਨ ਦਾ ਮੁਹਾਂਦਰਾ ਉਸ ਦੀਆਂ ਨਜ਼ਮਾਂ ਵਿਚ ਬੜੀ ਸ਼ਿੱਦਤ ਨਾਲ ਰੂਪਮਾਨ ਹੋਇਆ ਹੈ। ਉਸਦੀ ਪਿੱਛਲਝਾਤ ਵਿਚ ਹੇਰਵਾ ਤਾਂ ਹੈ, ਪਰ ਵਿਚਾਰਗੀ ਨਹੀਂ।

ਮੀਲ-ਪੱਥਰ ਦੀ ਸਥਾਪਤੀ ਨਾਲੋਂ ਨਿੱਕੀਆਂ ਨਿੱਕੀਆਂ ਪੈੜਾਂ ਸਿਰਜਦਾ ਸਫ਼ਰ ਜਾਗਦੇ ਆਪੇ ਦਾ ਪ੍ਰਤੀਕ ਹੈ। ਮੇਰੀ ਇੱਛਾ ਹੈ ਕਿ ਦਲਜੀਤ ਜਾਗਦੇ ਆਪੇ ਵਰਗੀ ਨਜ਼ਮ ਦੇ ਸਫ਼ਰ 'ਤੇ ਤੁਰਿਆ ਰਹੇ। ਕਾਫ਼ਲੇ ਵਾਲ਼ੇ ਉਸਦੀ ਉਡੀਕ ਵਿਚ ਹਨ।

**ਪ੍ਰਮਿੰਦਰਜੀਤ**

# ਸਮੁੰਦਰੀ ਹਵਾ
(Sea Breeze)



## ਮੱਕਾ

ਮਹਿਬੂਬ ਦੇ ਬੰਦ ਹੋਠਾਂ 'ਤੇ
ਅਬੋਲੇ ਪਰਤ ਆਵਣ 'ਚ
ਸ਼ਬਦ ਮੁੱਕ ਨਹੀਂ ਜਾਂਦੇ
ਅਰਥ ਮੂਕ ਨਹੀਂ ਹੁੰਦੇ
ਬੰਦ ਬੂਹਿਆਂ ਦੀ ਦਹਿਲੀਜ਼ ਤੋਂ
ਬੇਰੰਗ ਪਰਤ ਆਵਣ 'ਚ
ਸਾਹਾਂ 'ਚ ਰਕਤ ਨਹੀਂ ਰੁਕਦਾ
ਰਕਤ ਦੀ ਚਾਲ ਨਹੀਂ ਜੰਮਦੀ
ਸਿਰਫ਼ ਜੰਮਦੀ ਹੈ
ਅਹਿਸਾਸਾਂ ਦੀ ਇਕ ਜਗਦੀ ਰਾਤ...
ਹੱਡਾਂ ਨੂੰ ਠਾਰਦੀ ਇਕ ਰਾਤ ਉੱਤਰੇ
ਆਤਮਾ ਨਿਚੋੜਦੀ ਇਕ ਰਾਤ ਪਸਰੇ,
ਜਦ ਇਹ ਪਿਘਲਦੀ ਹੈ
ਸਾਡੇ ਜ਼ਿਹਨ 'ਚ ਇਕ
ਅੱਗ ਦਾ ਮੱਕਾ ਜਣਦੀ ਹੈ
ਮੱਕੇ ਦੀ ਇਬਾਦਤ 'ਚ
ਅਸੀਂ ਮੱਕਾ ਨਹੀਂ ਹੁੰਦੇ
ਮੱਕੇ ਸਿਰਜਦੇ ਹਾਂ
ਕਈ ਹੋਰ ਮੱਕੇ
ਨਿਰੰਤਰ ਸਿਰਜਣਾ ਦੇ ਮੱਕੇ
ਚਮੜੀ ਦੀ ਅਗਨ 'ਚ
ਮੱਥੇ ਦੀ ਮਣੀ 'ਚੋਂ...
ਕਿ ਸਿਰਜਣਾ ਹੀ ਬਖ਼ਸ਼ਦੀ ਹੈ
ਮੱਕਿਆ ਨੂੰ ਜ਼ਿੰਦਗੀ...
•

# ਅੱਜ: ਇਕ ਆਕਾਰ

ਤੇਰਾ ਜਿਸਮ ਪਾਰਦਰਸ਼ੀ
ਚੌਰਸ ਸ਼ੀਸ਼ੇ ਦਾ
ਇਕ ਘੜਿਆ ਸਮੁੰਦਰ
ਜਿਸ ਅੰਦਰ
ਖੜੋਤ 'ਚ ਵਹਿੰਦੀਆਂ
ਜਲ ਤਰੰਗ ਛੱਡਦੀਆਂ
ਸੋਨੇ ਦੀਆਂ ਮੱਛੀਆਂ
ਨੁਮਾਇਸ਼ ਦੇ ਹੀਰੇ
ਸ਼ੀਸ਼ੇ 'ਚ ਬੰਦ
ਪਾਣੀ ਤੋਂ ਮੰਗਦੀਆਂ

ਇਕ ਅਜਨਬੀ ਲੋਅ
ਕਦੇ ਜਗਦੀ ਕਦੇ ਬੁਝਦੀ
ਸਤਹ ਤੋਂ ਤਹਿ ਤਕ
ਭਟਕ ਰਹੀ ਭਾਲਦੀ
ਸ਼ਕੁੰਤਲਾ ਦੇ ਅਤੀਤ ਦੀ
ਦੁਸ਼ਯੰਤ: ਅੰਗੂਠੀ
ਜੋ ਵਰਤਮਾਨ ਦੇ ਕਿਸੇ
ਅੰਨ੍ਹੇ ਪਾਣੀਆਂ 'ਚ ਗਵਾਚੀ



ਉਸ ਨੇ ਕਿਹਾ–ਆ
ਸ਼ੋਅ–ਕੇਸਾਂ ਦੇ
ਰੌਸ਼ਨਾਏ ਪਾਣੀਆਂ 'ਚ
ਰੁੜ ਜਾਈਏ
ਖ਼ਾਰੇ ਸਾਗਰਾਂ ਦੀ
ਅਸੀਮ ਥਾਹ
ਸੁੱਚੇ ਮੋਤੀਆਂ ਦੀ
ਰਹੱਸਮਈ ਝਾਲ ਤੋਂ
ਅਸਾਂ ਕੀ ਲੈਣਾ,
ਏਨਾ ਆਖ ਕੇ
ਖ਼ਾਮੋਸ਼ੀ ਜਾਚ ਕੇ
ਪਾਰਦਰਸ਼ੀ ਜਿਸਮ
ਸਤਹ 'ਤੇ ਤਿਲਕਦਾ
ਸ਼ੀਸ਼ੇ ਦੇ ਬੰਦ ਸਮੁੰਦਰ ਵਿਚ
ਨੁਮਾਇਸ਼ੀ ਹੀਰੇ ਜੋੜਦਾ
ਇਕ ਸ਼ੀਸ਼ਾ ਹੋ ਗਿਆ
ਜੋ ਮਹਿਜ਼ ਸਵੈ ਦਾ ਪਰਛਾਵਾਂ
ਇਕ ਸਵੈ ਦੀ ਤਿੜਕਣ
ਜਿਸ ਦੀ ਗ੍ਰਿਫ਼ਤ 'ਚ ਓਸ ਦਾ ਆਕਾਰ
ਜਿਸ ਦੀ ਗ੍ਰਿਫ਼ਤ 'ਚ ਅੱਜ ਦਾ ਆਕਾਰ।
•

## ਹੁਲਾਰਾ

ਪਰਲੋ ਦੀ ਜਿਸ ਘੜੀ
ਕਫ਼ਨ ਮੇਰੇ 'ਤੇ
ਚਿੱਟੇ ਕਬੂਤਰ ਉਡਾਏ ਜਾਣ
ਜਦੋਂ ਫ਼ਾਨੀ ਦੁਨੀਆ ਤੋਂ ਵਿਦਾ ਹੁੰਦੇ
ਅਣਪਛਾਣੀ ਦੁਨੀਆ ਦੇ ਦਰਵਾਜ਼ੇ ਖੁੱਲ੍ਹਣ
ਮੈਂ ਆਪਣੇ ਲੁਕਾਏ, ਸਾਂਭੇ ਹੋਏ
ਸੁਪਨਿਆਂ ਦੀ ਜਾਇਦਾਦ ਸੌਂਪਦਾ ਤੈਨੂੰ
ਬੁੜ-ਬੁੜਾਵਾਂਗਾ ਨਹੀਂ, ਝਿਜਕਾਂਗਾ ਨਹੀਂ-
ਕਿ ਮੈਂ ਸ਼ੈਦਾਈ ਸਾਂ ਤਿੱਤਲੀਆਂ ਦਾ
ਬਾਗ਼ਾਂ 'ਚ ਉਡਦੀਆਂ ਵੇਖਦਾ ਰਹਿੰਦਾ
ਉਨ੍ਹਾਂ ਦੇ ਸੋਨ ਪਰਾਂ ਨੂੰ
ਫੜ੍ਹ ਫੜ੍ਹ ਛੱਡਦਾ ਰਹਿੰਦਾ
ਤੇਰਾ ਨਾ ਮੁੱਕਣ ਵਾਲੇ ਬਿੰਦੂ ਤਕ ਪਿੱਛਾ ਕਰਦਾ-
ਕਿ ਜਦ ਮੈਂ ਵਰਜਿਤ ਫਲਾਂ ਦਾ ਨਾਂ ਨਹੀਂ ਸੀ ਸੁਣਿਆ
ਇਕ ਅਣਭੋਲ ਆਤਮਾ ਦਾ
ਦਿਨ ਦੀਵੀਂ
ਬੇਰੀ ਦੇ ਕੰਡਿਆਂ 'ਚ ਕਤਲ ਹੋਇਆ ਸੀ
ਸੁਆਹ ਹੋਇਆ
ਮੈਂ ਆਪਣੀ ਹੀ ਸੁਆਹ 'ਚੋਂ ਜੰਮਿਆ ਫਿਰ
ਤੇਰੇ ਹੀ ਪੌਣ-ਗੀਤ ਦੀ ਬਦਲੋਟੀ 'ਚ
ਜਿਸ ਨੇ ਧੋਤੇ ਹੋਏ ਪਹਾੜਾਂ ਦੀ ਗੱਲ ਆਖੀ
ਪਿਘਲੀ ਹੋਈ ਬਰਫ਼ ਦੀ ਨਦੀ ਦੱਸੀ-
ਕਿ ਜੋ ਵੀ ਮੈਂ ਪਾਇਆ ਹੈ
ਉਹ ਸਭ ਤੇਰਾ ਹੈ



ਮੇਰੀ ਦਿਲੋ-ਜਾਨ
ਤੇਰੇ ਹੀ ਵਜੂਦ ਦਾ ਇਕ ਸਾਇਆ ਹੈ
ਜੋ ਸ਼ਬਦਾਂ 'ਚ ਝਰ ਝਰ ਵਗੇ
ਸ਼ਬਦ ਲਗਾਤਾਰ ਤਲਾਸ਼ 'ਚ ਭਟਕਦੇ
ਆਪਣਾ ਅਰਥ ਭਾਲਦੇ
ਆਪਣੀ ਠਹਿਰੀ ਤੇ ਅਣਗੌਲੀ ਜ਼ਿੰਦਗੀ ਦਾ-
ਕਿ ਹਾਰੇ ਤੇ ਖੁੰਝੇ ਹੋਏ ਵਰ੍ਹਿਆਂ ਦਾ ਭਾਰ
ਜੋ ਮੈਂ ਆਪਣੇ ਮੋਢਿਆਂ 'ਤੇ ਚੁੱਕੀ ਫਿਰਿਆਂ
ਉਹ ਤੇਰੇ ਹੀ ਨਰਮ ਪੋਟਿਆਂ ਨੇ ਸਹਿਲਾਇਆ-
ਜਿਉਂ ਹੀ ਮੈਂ ਬਾਲ ਚੀਖ਼ ਤੋਂ ਆਖ਼ਰੀ ਨੀਂਦ ਦਾ
ਪੰਘੂੜੇ 'ਚ ਹੁਲਾਰਾ ਲੈ ਰਿਹਾਂ
ਮੈਂ ਆਪਣਾ ਸੰਪੂਰਨ ਸਵੈ ਢੇਰੀ ਕਰ ਰਿਹਾਂ
ਬਹੁਤ ਵੱਡੀ ਪਰ ਨਗੂਣੀ ਮੁਸ਼ੱਕਤ ਦਾ ਫਲ
ਉਸ ਦੀ ਯਾਦ 'ਚ ਢੇਰੀ ਕਰ ਰਿਹਾਂ
ਜੋ ਕਦੇ ਵੀ ਆਪਣੇ
ਸਵੈ ਸੰਖ ਤੋਂ ਬਾਹਰ ਨਹੀਂ ਨਿਕਲਿਆ
ਕਿ ਸਿੱਪ ਦੀ ਜੂਨੇ ਜੋ ਨਜ਼ਮ ਬਣ ਮਿਲਿਆ।

•

## ਸਮੁੰਦਰ ਨੂੰ ਵਾਪਸੀ

(1)
ਅਸੀਂ ਲੁਕ-ਛੁਪ ਮਿਲਦੇ ਰਹੇ
ਸਾਹ-ਸਤ ਤੋਂ ਵਾਂਝੇ
ਧੜਾਂ 'ਤੇ ਉੱਗੀਆਂ
ਉਂਗਲਾਂ ਤੋਂ ਘਬਰਾਏ
ਅਸੀਂ ਆਉਣ ਵਾਲ਼ੇ
ਰੁੱਖਾਂ ਦੇ ਬੀਜ ਬਣੇ
ਰਾਤ ਦੇ ਕਫ਼ਨ 'ਚ
ਦਫ਼ਨ ਹੋ ਗਏ
ਭੈਅ-ਭੀਤ ਬੀਜ 'ਚੋਂ
ਉੱਗਦਾ ਤਾਂ ਹੈ ਰੁੱਖ-
ਨਿਰਪੱਤਰਾ, ਖੜਸੁੱਕ,
ਇਹ ਆਪਣੀਆਂ ਮਰੀਅਲ ਤੇ ਨੰਗੀਆਂ
ਬਾਹਾਂ ਉਲਾਰਦਾ ਹੈ
ਸੁੰਗੜੇ ਹੋਏ ਅਸਮਾਨ 'ਚ
ਤਾਂਡਵ ਮੁਦਰਾ 'ਚ ਭਸਮ ਹੁੰਦਾ।

(2)
ਅਸੀਂ ਲੁਕ-ਛੁਪ ਮਿਲਦੇ ਰਹੇ
ਤੂੰ ਸੋਚਿਆ-
'ਦਰਵਾਜ਼ਾ ਬੰਦ ਹੈ
ਇਹ ਘਰ ਨਹੀਂ ਖੰਡਰ ਹੈ
ਪ੍ਰੇਤਾਂ ਦਾ ਵਾਸਾ ਜਿੱਥੇ
ਨਾ ਕੋਈ ਖਿੜਕੀ ਦਿਸੇ
ਨਾ ਹੀ ਚਾਬੀ ਇਸ ਘਰ ਦੀ'
ਤੂੰ ਮਕੜੀ ਵਾਂਗ ਰੀਂਘਦੀ, ਖ਼ੌਫ਼ਜ਼ਦਾ,



ਪੁਰਾਤਨ ਕੰਧ 'ਤੇ ਚੜ੍ਹ ਪਾਰ ਹੋ ਗਈ।

(3)
ਅਸੀਂ ਮਿਲਾਂਗੇ ਨਹੀਂ ਫਿਰ ਕਦੇ
ਲੁਕ-ਛੁਪ ਵੀ ਨਹੀਂ-
ਜਦੋਂ ਆਖ਼ਰੀ ਵਾਰ ਭਿੜੇ ਸਾਂ
ਹੋਟਲ ਦੀ ਮੱਧਮ ਰੌਸ਼ਨੀ 'ਚ
ਵੀਡੀਓ-ਸ਼ੋਰ ਦੇ ਦਰਮਿਆਨ
ਤੂੰ ਯਖ਼ ਠੰਢੀ ਬੀਮਾਰ ਸੀ
ਕੋਲਡ ਕਾਫ਼ੀ ਪੀਂਦੇ ਹੋਏ
ਸਾਡੀਆਂ ਪੁਤਲੀਆਂ 'ਚ
ਪਹਾੜਾਂ ਦੀ ਰਾਤ ਉੱਤਰ ਆਈ।

(4)
ਹੁਣ ਮੈਂ ਪਰਤਣਾ
ਹੈ ਪਰਤਣਾ ਸਮੁੰਦਰ ਕਿਨਾਰੇ
ਨੰਗੇ ਪੈਰ ਗੁਜ਼ਰਨਾ
ਹੈ ਗੁਜ਼ਰਨਾ ਸਮੁੰਦਰੀ ਬੂਟੀਆਂ ਥਾਣੀਂ
ਜਲ ਪਰਵਾਹ ਕਰਨੀ ਹੈ
ਆਤੰਕਿਤ ਬੀਜ ਦੀ ਭਸਮ
ਜਿਥੇ ਚਿਰ-ਕਾਲ ਤੋਂ ਉਡੀਕਦੀ ਹੈ
ਸਮੁੰਦਰ 'ਚ ਮਚਲਦੀ, ਲਹਿਰਾਉਂਦੀ
ਧੁੱਪਾਂ 'ਚ ਦਮਕਦੀ
ਸਾਗਰ-ਪਰੀ
ਜੋ ਲਹਿਰਾਂ ਦੇ ਕੰਠ 'ਤੇ
ਸ਼ਬਦਾਂ ਦੀ ਅੱਗ ਧਰਦੀ ਪਈ...।
•

# ਉੱਤਰਿਆ ਹੋਇਆ ਦਰਿਆ

(1)
ਸਾਵਣ ਰੁੱਤੇ, ਬੱਦਲ ਭਰਿਆ ਨਾ ਛਲਕਿਆ
ਦਰਿਆ ਪਿਆਸ 'ਚ ਲਰਜ਼ਦਾ ਉੱਤਰਦਾ ਰਿਹਾ
ਗਰਜ-ਹੀਣ ਬਾਂਝ ਘਟਾਵਾਂ
ਨੀਲੇ ਅੰਬਰ 'ਚ ਹਲਕਾਈਆਂ
ਨਿੱਕੇ ਬਾਲ ਇਸ ਖ਼ੁਸ਼ਕ ਰੁੱਤੇ
ਸੋਕੇ ਦੇ ਸੁਪਨੇ ਅੱਖਾਂ 'ਚ ਸਜਾਈ
ਨਿਰਬੋਲ, ਖ਼ੌਫ਼-ਜ਼ਦਾ ਬੈਠੇ।

(2)
ਦੋਆਬ ਦੇ ਹੀਰੇ, ਐ ਬਿਆਸ
ਤੇਰੇ ਚਮਕਦੇ ਪਾਣੀ ਕਿੱਥੇ ਨੇ?
ਤੇਰੀ ਚਿੱਟੀ ਤੇ ਕੁਆਰੀ ਰੇਤ ਕਿੱਥੇ ਵੇ?
ਮੈਂ ਸੁੰਘ ਰਿਹਾਂ ਆਦਮ ਦਾ ਖ਼ੂਨ
ਵੇਖ ਰਿਹਾਂ ਆਦਮ ਦੀ ਪੈੜ-
ਕਿਸ ਨੇ ਉਧਾਲੇ ਤੇਰੇ ਪਾਕ ਪਾਣੀ
ਕਿਸੇ ਨੇ ਤੇਰੇ ਕੰਵਾਰ ਦੀ ਪੱਤ ਲੁੱਟੀ?
ਕਿਸ ਨੇ ਤੈਨੂੰ ਕਤਰਾ ਕਤਰਾ ਕੀਤਾ?

(3)
ਦਰਿਆ ਏਥੇ ਹੀ ਸ਼ੂਕਿਆ ਕਰਦਾ ਸੀ
ਖ਼ਾਲ ਏਥੇ ਹੀ ਖੇਤਾਂ ਨੂੰ ਸਿੰਜਦੇ ਸਨ
ਮੱਛੀਆਂ ਛੋਂਹਦੀਆਂ ਸਨ ਸੂਰਜ-ਰੰਗਾ ਗੀਤ



ਤੇਰੇ ਲਈ, ਸਿਰਫ਼ ਤੇਰੇ ਲਈ-
ਮੋਈਆਂ ਮੱਛੀਆਂ ਦੀ ਬੂਅ
ਫੈਲੀ ਹੈ ਦੂਰ ਤਕ
ਦਰਿਆ ਉੱਤਰਿਆ ਹੈ ਕਦੋਂ ਦਾ
ਦਰਿਆ ਆਪਣੇ ਕੰਢਿਆਂ ਤੋਂ ਦੂਰ
ਬਹੁਤ ਹੀ ਦੂਰ
ਨਜ਼ਰ ਦੇ ਇਸ ਪਾਰ
ਨਜ਼ਰ ਦੇ ਉਸ ਪਾਰ!
•

## ਹਵਾ ਤੇ ਪੋਸਟਰ

ਖ਼ਾਲੀ ਅੰਬਰ ਦੀ ਵਹਿਸ਼ਤ 'ਚ
ਆਪਣੇ ਹੀ ਸਾਏ ਸੰਗ ਲਿਪਟ ਕੇ
ਬਹੁਤ ਵਾਰ ਰੋਂਦੀ ਰਹੀ ਹਵਾ
ਰਾਤ ਦੇ ਜੁਰਮਾਂ ਨੂੰ
ਚਾਨਣੀ 'ਚ ਮਲ ਮਲ
ਧੋਂਦੀ ਰਹੀ ਹਵਾ।

ਚੁਰੱਸਤੇ 'ਚ ਟੰਗੇ ਪੋਸਟਰ ਨੂੰ ਪੁੱਛੋ
ਕਿੰਨੀ ਲੰਮੀ ਹੈ ਰਾਤ ਦੀ ਭਿਆਨਕਤਾ ?
ਕਿੰਨੀ ਸੁੰਨੀ ਹੈ ਸੁਬ੍ਹਾ ਦੀ ਉਡੀਕ ?
ਕਿੰਨਾ ਚਿਰ ਜੰਮਿਆ ਰਹੇਗਾ ਉਹ
ਇਕ ਨੁਕਤੇ 'ਤੇ ਟਿਕਿਆ ਬਰਫ਼ ਦਾ ਤੋਦਾ ?
ਕਦੋਂ ਪਿਘਲੇਗਾ ਇਸ ਦਾ ਵਜੂਦ
ਕਦੋਂ ਵਗ ਤੁਰੇਗਾ ਸੱਖਣਤਾ 'ਚ ਦਰਿਆ
ਕਦੋਂ ਇਹ ਕੈਦ ਦੀ ਘੜੀ ਮੁੱਕੇਗੀ ?

ਹਵਾ ਹੈ ਬੇਜ਼ਾਰ
ਆਪਣੀ ਹੀ ਰੁੱਖ ਸੰਗ
ਬੱਝਣਾ ਨਹੀਂ ਚਾਹੁੰਦੀ ਉਹ
ਬੇਤਹਾਸ਼ਾ ਉੱਡ ਰਹੀ ਖ਼ਲਾਅ 'ਚ
ਅੰਬਰ ਤਨਹਾਈ 'ਚ ਭਿੱਜੀ
ਇਕ ਠਾਹਰ ਭਾਲਦੀ ਹੋਈ
ਬਲਦੇ ਚੁੱਲ੍ਹੇ ਦੁਆਲੇ ਜੁੜੇ ਹੋਏ
ਬਾਲ-ਵਰੇਸੇ ਪਲ
ਜਾਂ ਰੰਗ-ਰਸ ਦੇ ਜਨੂੰਨ 'ਚ
ਚੋਰੀ ਦੇ ਸਹਿਮੇ ਅੰਦਾਜ਼ 'ਚ ਹੰਢਾਏ
ਗਵਾਂਢੀ ਦੀਆਂ ਜਾਮਣਾਂ ਤੋੜਣ ਦੇ ਛਿਣ
ਪਰ



ਕਿਹੜੀ ਅੱਗ ਹੈ ਆਪਣੀ ?
ਕਿਹੜਾ ਚੁੱਲ੍ਹਾ ਆਪਣਾ ?
ਕਿਹੜਾ ਚੁੱਲ੍ਹਾ ਤਪਦਾ ?
ਕਿਹੜੇ ਦਿਨ 'ਚ ਰੰਗ ਹੈ ?
ਕਿਸ ਅੰਬਰ 'ਚ ਰਸ ਹੈ ?
ਕਿਹੜਾ ਘਰ
ਕਿਹੜਾ ਦਰ ਹੈ ਆਪਣਾ ?

ਹਵਾ ਨੂੰ ਮਤ ਰੋਕੋ
ਹਵਾ ਰਹੇਗੀ ਭਟਕਦੀ ਖ਼ਲਾਵਾਂ 'ਚ
ਖ਼ਾਲੀ ਅੰਬਰ ਦੀ ਤਨਹਾਈ 'ਚ ਭਿੱਜੀ
ਹੁਣ ਹਵਾ ਲੱਭੇਗੀ ਨਹੀਂ ਕੋਈ ਠਾਹਰ
ਹਵਾ ਹਮੇਸ਼ਾ ਹੀ ਰਹੇਗੀ ਬੇਜ਼ਾਰ
ਇਕ ਆਲਮ 'ਚ ਤੜਪਦੀ
ਇਕ ਆਲਮ ਨੂੰ ਸਿਰਜਦੀ।

ਚੁਰੱਸਤੇ 'ਚ ਟੰਗਿਆ ਪੋਸਟਰ
ਹਮੇਸ਼ਾ ਹੀ ਸਦਾਏਗਾ ਪੋਸਟਰ-
ਸਿਰਫ਼ ਚਿਹਰੇ ਹੀ ਬਦਲਦੇ ਰਹਿਣਗੇ
ਸਿਰਫ਼ ਮੁਹਰੇ ਹੀ ਬਦਲਦੇ ਰਹਿਣਗੇ-
ਖੰਭਾ
ਸੜਕ
ਚੁਰੱਸਤਾ ਤਾਂ ਉਹੀ ਰਹੇਗਾ
ਆਖ਼ਰ ਆਪਣੀ ਥਾਂ ਤੋਂ
ਕੁਝ ਵੀ ਹਿਲੇਗਾ ਨਹੀਂ,
ਪਰ ਹਵਾ ਹਮੇਸ਼ਾ ਹੀ ਰਹੇਗੀ ਬੇਜ਼ਾਰ
ਇਕ ਆਲਮ 'ਚ ਤੜਪਦੀ
ਇਕ ਆਲਮ ਨੂੰ ਸਿਰਜਦੀ...
•

## ਮੈਂ ਤਾਂ ਸੋਚਿਆ ਸੀ

ਮੈਂ ਤਾਂ ਸੋਚਿਆ ਸੀ
ਤੂੰ ਕਿਸੇ ਸਾਗਰ ਦੀਆਂ
ਲਹਿਰਾਂ ਦਾ ਗੀਤ ਹੋਏਂਗੀ
ਜਾਂ ਦਿਨ ਢਲਦੇ ਹੀ
ਮਾਹੀਗੀਰਾਂ ਦੀ ਬਸਤੀ 'ਚੋਂ ਉੱਠਦੀ
ਧੂੰਏਂ 'ਚ ਰਲੀ
ਇਕ ਅਲੌਕਿਕ ਖ਼ੁਸ਼ਬੂ;

ਮੈਂ ਤਾਂ ਸੋਚਿਆ ਸੀ
ਤੂੰ ਭਰਪੂਰ ਬਰਸਾਤ ਦੇ ਦਿਨਾਂ 'ਚ
ਮੌਲਦੀ ਸੁਨਹਿਰੀ ਧੁੱਪ ਹੋਏਂਗੀ
ਜਾਂ ਦਿਸਹੱਦੇ 'ਤੇ ਟਹਿਕਦੀ ਸਤਰੰਗੀ ਪੀਂਘ;

ਮੈਂ ਤਾਂ ਸੋਚਿਆ ਸੀ
ਮੇਰੇ ਤਸੱਵਰ ਦੀ ਟਹਿਣੀ 'ਤੇ
ਤੂੰ ਪੰਛੀ ਬਣ ਚਹਿਕੇਂਗੀ
ਪਰਵਾਜ਼ ਦੇ ਅੰਬਰ ਬਖ਼ਸ਼ੇਂਗੀ;

ਮੈਂ ਤਾਂ ਸੋਚਿਆ ਸੀ
ਤੂੰ ਬੇਲਿਆਂ ਦੀ ਹੀਰ ਹੋਏਂਗੀ
ਰਾਂਝੇ ਨੂੰ ਚੂਰੀ ਲੁਕ ਲੁਕ ਦੇਂਵਦੀ;
ਮੈਂ ਤਾਂ ਬਹੁਤ ਵਾਰ ਸੋਚਿਆ ਸੀ
ਤੂੰ ਮੇਰੀ ਕਥਾ ਦਾ ਪਾਤਰ ਹੋਏਂਗੀ
ਮੇਰੇ ਸਾਹ, ਮੇਰੇ ਖ਼ੂਨ ਦੇ



ਜ਼ਾਤੀ ਇਤਿਹਾਸ 'ਚ ਧੜਕਦੀ ਇਬਾਰਤ
ਪਰ ਤੂੰ ਵਰਕਾ ਵਰਕਾ
ਮੇਰੀ ਕਿਤਾਬ 'ਚੋਂ ਉੱਡ ਨਿਕਲੀ
ਸਾਹ-ਹੀਣ
ਰਕਤ-ਵਿਹੂਣਾ
ਖ਼ਾਲੀ ਪਿੰਜਰ
ਮੁੜ ਮੁੜ ਲੋਚਦਾ
ਹਾਲੇ ਵੀ ਸੋਚਦਾ
ਮੈਂ ਤਾਂ ਬਹੁਤ ਵਾਰ ਸੋਚਿਆ ਸੀ
ਤੂੰ ਮੇਰੀ ਕਥਾ ਦਾ ਪਾਤਰ ਹੋਏਂਗੀ
ਮੇਰੇ ਸਾਹਾਂ ਦਾ ਹਾਸਿਲ
•

## ਹੁਣ ਜਾਂ ਕਦੇ ਨਹੀਂ

ਆਖ, ਆਖ ਤੂੰ ਮੇਰੀ ਨਹੀਂ ਹੈਂ
ਮੈਂ ਰੇਤ ਦਾ ਵਾਵਰੋਲਾ ਬਣ
ਨੈਣਾਂ ਦੇ ਮਾਰੂਥਲਾਂ 'ਚੋਂ ਗੁਜ਼ਰ ਜਾਵਾਂਗਾ
ਆਖ, ਆਖ ਤੂੰ ਮੇਰੀ ਨਹੀਂ ਹੈਂ–
ਰਾਧਾ ਨੇ ਜ਼ਖ਼ਮੀਂ ਚੁੱਪ ਸਾਧੀ ਏ
ਦਰਿਆ ਜੰਮੀਆਂ ਝੀਲਾਂ 'ਚ ਗ਼ਰਕੇ ਨੇ
ਕਾਨਹਾ ਦੀ ਬਰਫ਼ਾਂ ਝੰਬੀ ਬੰਸਰੀ
ਯਖ਼ ਸੀਤ ਗੁੰਮ–ਸੁੰਮ ਹੈ;

ਆਖ ਕਿ ਤੂੰ ਮੇਰੀ ਨਹੀਂ ਹੈਂ
ਇੰਝ ਆਖੇਂ ਜਿਵੇਂ ਤਰੇਲੇ ਘਾਹ 'ਤੇ
ਰੇਂਗਦੇ ਸੱਪ ਵਾਂਗ
ਇਕ ਸੁਬ੍ਹਾ ਢੁੱਟੀ ਹੈ
ਜੋ ਚੋਟ ਖਾਣ ਤੋਂ ਬਾਅਦ
ਤੜਪਦੀ ਵਿਸ ਘੋਲਦੀ
ਦਮ ਤੋੜੇਗੀ।

ਤੂੰ ਆਖਦੀ ਏਂ
ਤੂੰ ਮੇਰੀ ਨਹੀਂ
ਸੂਰਜ ਹੈ ਤੇਰਾ ਗਰਾਂ
ਵਾਹੋ–ਦਾਹੀ ਦੌੜਦਾ ਹੋਇਆ



ਬਲਦੇ ਸੂਰਜ ਦੀ ਅੱਖ 'ਚ
ਅੱਖ ਪਾ ਕੇ ਵੇਖਿਆ ਅੱਜ ਮੈਂ
ਹਜ਼ਾਰਾਂ ਹੀ ਕਿਰਨਾਂ
ਵਣਾਂ ਨੂੰ ਚਮਕਾਉਂਦੀਆਂ ਉਮਡ ਆਈਆਂ
ਸੂਹੀਆਂ ਕਿਰਨਾਂ ਨੇ ਮੱਥਾ ਚੁੰਮਿਆ–
ਸੱਜ–ਵਿਆਹੀ ਸ਼ਾਮ ਉੱਤਰੀ ਹੈ ਮੇਰੇ ਵਿਹੜੇ
ਸ਼ਾਮ ਹਲਕੀ ਬੂੰਦਾ–ਬਾਂਦੀ 'ਚ ਭਿੱਜੀ ਹੋਈ ਨੁੱਚੜੇ
ਧੋਤੇ ਹੋਏ ਅੰਬਰ 'ਚ ਸੂਰਜ ਸ਼ਾਂਤ ਹੈ
ਤੂੰ ਆਖ, ਤੂੰ ਮੇਰੀ ਹੈਂ
ਹੁਣੇ ਹੀ ਆਖ
ਨਹੀਂ ਤਾਂ ਫਿਰ ਕਦੇ ਨਹੀਂ!
•

## ਤੂੰ ਅਛੋਹ ਨਾ ਜਾਵੀਂ

ਐ ਦਰਿਆ ਦੀ ਛੱਲੇ !
ਤੂੰ ਅਛੋਹ ਨਾ ਜਾਵੀਂ
ਆਪਣੇ ਭਿੱਜੇ ਜਿਸਮ ਸੰਗ
ਮੇਰੇ ਕੰਢਿਆਂ ਨੂੰ ਚੁੰਮਦੀ ਜਾਵੀਂ–
ਕਿ ਤੇਰੇ ਦਿਲ ਦੀ ਇਮਾਰਤ 'ਚ
ਮੈਂ ਇੱਟ–ਦਰ–ਇੱਟ ਚਿਣਿਆ ਹਾਂ
ਜੋ ਕੰਬਦੀ ਹਵਾ 'ਚ ਸਿਰਜੀ ਹੈ
ਮੇਰੀ ਦੇਹੀ 'ਚ ਝੁਣਝੁਣੀ ਛਿੜਦੀ ਹੈ
'ਮੈਂ ਜਮ੍ਹਾਂ ਤੂੰ' ਦਾ ਗੋਝ
ਮੈਂ ਖੋਲ੍ਹ ਨਹੀਂ ਸਕਦਾ...

ਕਿ ਤੇਰੀਆਂ ਕੰਬਦੀਆਂ ਉਂਗਲਾਂ
ਤੇਰੀਆਂ ਲਾਲ–ਸੁਰਖ਼ ਅੱਖਾਂ
ਪਾਉਂਦੇ ਨੇ ਕਹਾਣੀ
ਕੱਟੀ ਹੈ ਇਕ ਜਾਗਦੀ ਰਾਤ
ਜੋ ਦੂਰ ਟਿਮਕਦੇ ਤਾਰੇ ਦੇ
ਜਿਸਮ 'ਚੋਂ ਚੀਖ਼ਦੀ ਗੁਜ਼ਰੀ
ਉਦੋਂ ਤੇਰੇ ਸਭ ਦਰਵਾਜ਼ੇ ਖੁੱਲ੍ਹੇ...

ਕਿ ਤੇਰੇ ਸੁਰਗ ਨੂੰ ਲੱਭਦਾ
ਸੁਪਨਿਆਂ ਦੇ ਚਕਲੇ 'ਚ ਰਿਹਾ ਰੋਂਦਾ
ਜੰਗਲਾਂ 'ਚ ਰਿਹਾ ਭਟਕਦਾ
ਆਪਣੇ ਹੀ ਹੱਥਾਂ 'ਤੇ ਖੁਰ ਰੱਖ ਕੇ



ਜੰਗਲੀ ਘੋੜਿਆਂ ਸੰਗ ਰਿਹਾ ਛਟਪਟਾਉਂਦਾ
ਛੱਤਾਂ ਤੋਂ ਪਾਰ ਦੇ ਸ਼ਬਦ ਰਿਹਾ ਕੱਤਦਾ...

ਕਿ ਤੇਰੇ ਫਰਕਦੇ ਹੋਂਠ
ਨਾ ਕਰ ਦੇਵਣ ਜ਼ਿਬ੍ਹਾ
ਇਕ ਬਾਲ ਦੀ ਜਨਮ–ਚੀਖ਼
ਤੂੰ ਆਪਣੀ ਰਹੱਸਮਈ ਚੁੱਪ ਨੂੰ
ਸ਼ਬਦ ਅਰਪਣ ਕਰ
ਆਪਣਾ ਬੰਦ ਵਜੂਦ ਰੁਸ਼ਨਾ
ਪਰਤ–ਦਰ–ਪਰਤ ਹਰ ਕਮਰਾ ਖੋਲ੍ਹ...
ਤੂੰ ਅਛੋਹ ਨਾ ਛੱਡ ਜਾਵੀਂ
ਤੂੰ ਅਛੋਹ ਛੱਡ ਨਾ ਜਾਵੀਂ
ਐ ਦਰਿਆ ਦੀ ਛੱਲੇ !
•

## ਆਖ਼ਰੀ ਪੈਗ਼ਾਮ

ਐ ਬਰਾਸ਼ ਦੇ ਫੁੱਲ!
ਤੇਰੀ ਹੀ ਰੰਗਤ 'ਚ
ਗੁਲਨਾਰ ਹੋਈ ਆਥਣ-ਪਹਿਰੇ
ਸੰਘਣੇ ਦਿਓਦਾਰਾਂ 'ਤੇ
ਉਕਰ ਆਇਆ ਹਾਂ
ਤੇਰਾ ਨਾਮ
ਤੇਰੇ ਨਾਮ
ਪੈਗ਼ਾਮ
ਆਖ਼ਰੀ!
ਚੈਲ ਦੀ ਵਾਦੀ 'ਚ
ਠਰੀ ਹੋਈ ਪੌਣ ਦੀ
ਇਕ ਕੰਨਸੋਅ ਜਿਹੀ
ਆਏਗੀ ਤੇਰੇ ਕੋਲ
ਪਰ ਤੂੰ ਆਪਣੀ ਹੀ ਰੰਗਤ 'ਚ
ਰਹੇਂਗਾ ਝੂਮਦਾ
ਉਸ ਜ਼ਮੀਨ ਤੋਂ ਵੀ ਬੇਨਿਆਜ਼
ਜਿਸ ਨੇ ਜਨਮਿਆ ਤੈਨੂੰ
ਜਿਸ ਵਿਚ ਪਣਪਿਆ ਨਿੱਤ ਦਿਨ,
ਮੇਰੀ ਉਦਾਸੀ 'ਚ ਫਿਰ
ਸ਼ੂਕਦੀ ਹੋਈ
ਠੰਢੀ ਹਵਾ ਰਹਿ ਜਾਏਗੀ
ਜੋ ਬੰਦ ਕਮਰੇ ਦੋ ਪਲ



ਹੋਰ ਠਹਿਰੇ ਹੋਏ ਕਰ ਜਾਏਗੀ
ਮੇਰੀਆਂ ਅੱਖਾਂ 'ਚ
ਚੂਰਾ-ਚਾਂਦਨੀ ਦੇ ਪਹਾੜਾਂ ਦੀ
ਯਖ਼ ਠੰਢੀ ਬਰਫ਼
ਉਤਰ ਆਏਗੀ
ਦੂਰ ਬਹੁਤ ਦੂਰ
ਪਹਾੜਾਂ ਦੀਆਂ ਬੁਲੰਦੀਆਂ ਤੱਕ
ਬਰਫ਼ ਫੈਲਦੀ ਜਾਏਗੀ
ਪਹਾੜ-ਦਰ-ਪਹਾੜ
ਢਕਦੀ ਜਾਏਗੀ
ਹਰ ਸ਼ਾਮ, ਹਰ ਸਹਿਰ!
•

## ਸਵੈ-ਕਥਨ

ਤੇਰੇ ਸ਼ਹਿਰ 'ਚ
ਮੈਮਨ ਦੇਵ ਹੈ ਪੂਜਿਆ ਜਾਂਦਾ
ਇਹ ਕੌਡੇ ਰਾਖ਼ਸ਼ ਦਾ ਭਾਈ
ਹੈ ਖੁੱਲ੍ਹਾ ਛੱਡਿਆ

ਕਿਸ ਬੂਹੇ ਜਾਂ ਖਿੜਕੀ
ਮੈਂ ਤੇਰੇ ਦੀਦਾਰ ਪਾਵਾਂ ?
ਮੇਰੀ ਧਰਤ ਵੀ ਸੜਕ-ਹੀਣ
ਤੇਰੇ ਜੰਗਲ ਵੀ ਪੱਥ-ਵਿਹੂਣੇ
ਮੈਂ ਕਿਸ ਪਹੁੰਚ ਮਾਰਗ ਤੋਂ ਆਵਾਂ ?
ਅਣਗਿਣਤ, ਆਵਾਜ਼ਾਂ, ਬੇਸਮਝ ਜ਼ੁਬਾਨਾਂ
ਸਿਰ-ਮੁਕਤ ਗੋਸ਼ਤ
ਕਬਰਸਤਾਨਾਂ 'ਚ ਗੁਜ਼ਰਨ ਦੇ ਪਲ
ਮੇਰੇ ਗਲ਼ੇ 'ਤੇ ਨਾਚ ਨੱਚਦੇ-
ਮਰੇ ਹੋਏ ਸੁਪਨਿਆਂ ਦੀ ਮਾਂ
ਅੱਖਾਂ 'ਚੋਂ ਵਗਦੀ
ਅਸੀਂ ਅੱਖ-ਹੀਣ ਤੁਰਦੇ ਹਾਂ
ਅਖੌਤੀ ਅਣਚਾਹੇ ਜੁਗਨੂੰਆਂ ਨੂੰ ਮਸਲਣ !

ਫ਼ਟੀਚਰ ਲੀਡਰੀ ਦੇ ਮਾਈਕ 'ਤੇ
ਅਨੇਕਾਂ ਕੰਨ ਜੁੜਦੇ ਨੇ
ਅਨੇਕਾਂ ਹੱਥ ਭਿੜਦੇ ਨੇ-
ਚਾਹੇ ਹੋਵੇ ਆਜ਼ਾਦ ਆਵਾਜ਼
ਚਾਹੇ ਡੰਡਿਆਂ ਦਾ ਰਾਜ
ਅਸੀਂ ਸ਼ਬਦ-ਹੀਣ ਸ਼ੋਰ 'ਚ
ਆਪਣੀ ਹੋਂਦ ਗਵਾ ਬਹਿੰਦੇ ਹਾਂ।



ਮੈਂ ਕਿਵੇ ਦੀਦਾਰ ਕਰਾਂ ਤੇਰੇ
ਕਿਸ ਬੂਹੇ ਕਿਸ ਖਿੜਕੀ ਆਵਾਂ-
ਮੈਂ ਆ ਨਹੀਂ ਸਕਦਾ
ਮੈਂ ਸੁਣ ਰਿਹਾਂ ਦੱਬੀਆਂ ਆਵਾਜ਼ਾਂ
ਦਿਲਾਂ 'ਚ ਹੀ ਦਮ ਤੋੜ ਰਹੀਆਂ
ਮੈਂ ਸੁਣ ਰਿਹਾਂ
ਬੁੱਚੜਖ਼ਾਨੇ ਦੀ ਕੱਟ-ਵੱਢ
ਮੈਂ ਵੇਖ ਰਿਹਾਂ
ਫ਼ਟੀਚਰ ਲੀਡਰੀ ਦੇ ਹੱਥ 'ਚ
ਤੀਲਾਂ ਦੀ ਡੱਬੀ
ਸਰੀਏ ਦਾ ਸਿਰਾ
ਪੈਟਰੋਲ ਦੀ ਕੈਨ
ਤੇ ਸਿਰ-ਮੁਕਤ ਲਾਸ਼ਾਂ ਦਾ ਹਜੂਮ-
ਨਾਰਦ ਅਜਾਈਂ ਨਹੀਂ ਮੋਇਆ
ਉਹ ਸਾਡੇ 'ਚ ਜ਼ਿੰਦਾ ਹਮੇਸ਼ਾ।

ਮੇਰੀ ਆਵਾਜ਼ ਰੁਕੀ ਨਹੀਂ
ਕਤਲ ਹੋਈ ਰੁੱਤ 'ਚ
ਸਿਰਫ਼ ਖ਼ੁਸ਼ਕ ਹੋ ਗਈ ਹੈ
ਤੇ ਸੂਰਜ ਤੋਂ ਮਹਿਰੂਮ
ਕਾਲ ਕੋਠੜੀ 'ਚ ਲੰਮੀ ਕੈਦ ਕੱਟਦੀ
ਪਓੜੀ ਭਾਲਣ 'ਚ ਹੈ ਯਤਨਸ਼ੀਲ !

•

## ਮਰੀਚ-ਸ਼ਤਰੰਜ

ਚਲਦਾ ਹਾਂ ਜਦੋਂ ਵੀ
ਮੈਂ ਆਪਣੇ ਨਾਲ ਨਹੀਂ ਹੁੰਦਾ
ਚਲਦੇ ਦੇ ਨਾਲ ਮੇਰੇ
ਟੁਕੜੇ ਹੋਇਆ ਸੂਰਜ
ਘੁੰਮਦਾ ਹੋਇਆ ਖ਼ਲਾਅ
ਰੁਦਨ ਕਰਦੀ ਹਵਾ
ਜਾਂ ਤੁਰਦੇ ਹਨ ਨਾਲ਼ ਮੇਰੇ
ਬਨਵਾਸ ਦੀ ਚਿਤਾ 'ਚ ਬਲ਼ਦੇ
ਸਰਦ ਰਾਤ ਦੇ ਹਾਉਕੇ
ਜਲੇ ਹੋਏ ਚੰਦ ਦਾ ਆਕਾਰ
ਟੁੱਟਦੇ, ਗਿਰਦੇ
ਮਿੱਟੀ ਹੁੰਦੇ ਤਾਰੇ।

ਰੁਕਦਾ ਹਾਂ ਜਦੋਂ ਵੀ
ਮੈਂ ਆਪਣੇ ਦਰਪਣ 'ਚ ਘਿਰ ਜਾਵਾਂ
ਜਿੱਥੇ ਮੈਂ ਹੋਵਾਂ
ਜਾਂ ਤੇਰੇ ਵਜੂਦ ਦਾ ਸਾਇਆ
ਉਸ ਘੜੀ ਉਸ ਪਹਿਰ
ਇਕ ਸਵਾਲ ਆਏ-
ਕੀ ਰੂਹ ਦੇ ਪਰਿੰਦੇ ਨੂੰ
ਪੁੱਛਿਆ ਹੈ ਕਦੀ
ਕਿਉਂ ਹਰ ਰੋਜ਼ ਪਰਿੰਦੇ
ਆਪਣੇ ਆਪਣੇ ਆਲ੍ਹਣੇ ਤੱਜਦੇ
ਦਿਨ ਭਰ ਖਿੱਲਰ ਖਿੱਲਰ ਉੱਡਦੇ
ਖ਼ਾਲੀ ਖ਼ਲਾਵਾਂ 'ਚੋਂ
ਘਰਾਂ ਦੇ ਨਕਸ਼ ਲੱਭਦੇ



ਗਈ ਰਾਤ ਦੇਂਦੇ ਦਸਤਕ
ਆਪਣੇ ਹੀ ਖ਼ੋਲ ਅੰਦਰ
ਪਰਤ ਆਵਣ ਦੀ-
ਜੇ ਪਰਿੰਦਿਆਂ ਨੇ ਭਟਕਣਾ
ਕਿਉਂ ਉਣਦੇ ਨੇ ਆਲ੍ਹਣੇ
ਕਿਉਂ ਚੁਗਦੇ ਨੇ ਚੋਗ
ਤੇ ਆਖ਼ਰਕਾਰ ਭਿਕਸ਼ੂ ਬਣ
ਕਿਉਂ ਭੋਗਦੇ ਨੇ ਜੋਗ
ਇਸ ਮਿੱਟੀ ਦੀ
ਤਾਸੀਰ ਹੈ ਐਸੀ
ਕਿ ਰੁੱਖ ਉੱਗ ਜਾਏ
ਪਰ ਹਵਾ ਨਹੀਂ
ਫੁੱਲ ਖਿੜੇ
ਪਰ ਮਹਿਕ ਨਹੀਂ
ਲਾਅਨ ਪਲਮ ਜਾਏ
ਪਰ ਤਿੱਤਲੀ ਨਹੀਂ-
ਇਹ ਮਿੱਟੀ ਹੈ ਸਰਾਪੀ
ਕੱਟਦੀ ਹੈ ਬਨਵਾਸ
ਇਕ ਸੰਤਾਪ : ਆਤਮ-ਵਿਰਲਾਪ
ਫਿਰ ਵੀ ਮੈਨੂੰ ਰਹਿੰਦਾ ਹੈ
ਕਿਉਂ ਤੇਰਾ ਇੰਤਜ਼ਾਰ
ਜਦੋਂ ਮਰੀਚ-ਸ਼ਤਰੰਜ ਤੋਂ
ਤੈਨੂੰ ਵਿਹਲ ਮਿਲੇਗਾ।
•

## ਇੰਤਜ਼ਾਰ

ਚਹਿਚਹਾਉਂਦੇ ਪੰਛੀ
ਆਲ੍ਹਣਿਆਂ ਨੂੰ ਪਰਤੇ
ਰੁੱਖਾਂ ਦੇ ਹੋਠਾਂ 'ਤੇ
ਹਵਾ ਦੇ ਚੁੰਮਣ ਚਿਪਕੇ
ਮਲਕੜੇ ਜਿਹੇ ਅੰਬਰ 'ਤੇ
ਤਾਰਿਆਂ ਲੱਦੀ ਰਾਤ ਉੱਤਰੀ
ਸਾਰੀ ਹੀ ਕਾਇਨਾਤ
ਚਾਨਣ ਦੀਆਂ ਜ਼ੁਲਫ਼ਾਂ 'ਚ ਕੱਜੀ

ਪਰ ਮੇਰੇ ਕੱਦ ਤੋਂ ਲੰਮਾ
ਮੇਰਾ ਸਾਇਆ ਹੋ ਗਿਆ
ਮੇਰੀ ਉਮਰ ਨਾਲੋਂ ਲੰਮੇ
ਉਡੀਕ ਦੇ ਪਲ ਹੋ ਗਏ
ਤੇਰੀ ਇੰਤਜ਼ਾਰ ਨਾਲੋਂ ਲੰਮੀ
ਇਹ ਰਾਤ ਹੋ ਗਈ
ਮੇਰੀ ਦੇਹ 'ਚ ਉੱਤਰੀ
ਇਹ ਰਾਤ ਨਹੀਂ ਮੁੱਕੇਗੀ
ਮੈਂ ਵਿਸ਼ਵਾਮਿੱਤਰ
ਕਿਸੇ ਕੁਟੀਆ 'ਚ ਕੱਟ ਰਿਹਾਂ
ਮਸਾਣਾ ਦੇ ਅੱਧ-ਜਲੇ
ਅੱਧ-ਬੁਝੇ ਪਲ
ਤੂੰ ਮੇਨਕਾ ਬਣ ਉਤਰੀ ਨਹੀਂ
ਜੋ ਖ਼ਾਲੀਪਣ 'ਚ ਤੜਪਦੀ



ਰਾਤ ਰੁਸ਼ਨਾ ਸਕੇ
ਅਗਨੀ 'ਚ ਦਫ਼ਨ
ਘਟਾਅ ਉਡਾ ਸਕੇ
ਸੰਘਣੇ ਮੁਲਾਇਮ ਘਾਹ 'ਚੋਂ
ਹਵਾ ਬਣ ਗੁਜ਼ਰ ਸਕੇ
ਪਰ ਮੈਂ ਪਲ ਪਲ ਖੁਰ ਰਿਹਾਂ
ਮੈਂ ਪਲ ਪਲ ਘਟ ਰਿਹਾਂ
ਮੇਰਾ ਪਰਛਾਵਾਂ
ਮੈਥੋਂ ਵੀ ਛੋਟਾ ਹੋ ਰਿਹਾ
ਰਾਤ ਭਿਆਨਕ ਤੇ ਸੁੰਨੀ
ਮੇਰੀ ਕੁਟੀਆ 'ਚ ਤੜਪਦੀ।
•

## ਬਨਵਾਸ ਤੋਂ ਬਨਵਾਸ ਤਕ

ਆਓ, ਆਪਣੀ ਆਪਣੀ ਮਿੱਟੀ ਨੂੰ ਵਾਪਸ ਮੁੜੀਏ
ਬਹੁਤ ਚਿਰ ਭੋਗਿਆ ਪਰਾਈ ਮਿੱਟੀ ਦਾ ਅਹਿਸਾਸ
ਬਹੁਤ ਚਿਰ ਕੱਟਿਆ ਪਰਾਏ ਜੰਗਲ 'ਚ ਬਨਵਾਸ।
ਹੁਣ ਨਹੀਂ ਹੰਢਾ ਸਕੇਂਗਾ ਕਦੇ
ਪਰਾਈ ਮਿੱਟੀ 'ਚ ਉੱਗੇ
ਅਜਨਬੀ ਰੁੱਖ ਦੀ ਹੋਂਦ
ਹੋਂਦ 'ਚ ਲਟਕੀ ਹੋਈ ਛਾਂ
ਮਚਲ ਮਾਰ ਕੇ ਸੁੱਤੀ ਹੋਈ ਹਵਾ
ਜੋ ਬੀਜ ਨੂੰ ਗਰਭ 'ਚ ਉਤਾਰ ਕੇ
ਨਾ ਰਚਨਾ ਕਰੇਗੀ
ਨਾ ਫੈਲਾਏਗੀ ਰਚਨਾ ਦਾ ਸਿਲਸਿਲਾ।
ਆਓ ਆਪਣੀ ਆਪਣੀ ਮਿੱਟੀ ਨੂੰ
ਵਾਪਸ ਮੁੜੀਏ
ਇਸ ਮਿੱਟੀ ਨੂੰ
ਆਪਣੀ ਆਪਣੀ ਮੁੱਠੀ ਵਿਚ ਫੜ੍ਹੀਏ
ਫਿਰ ਮਹਿਸੂਸੀਏ–
ਕਿਉਂ ਵੱਖੀਆਂ ਤੋਂ
ਉੱਧੜੇ ਹੋਏ ਕੁੜਤੇ ਵਾਂਗ
ਨਿੱਤ ਚੜ੍ਹਦਾ ਹੈ ਸੂਰਜ ?
ਕਿਉਂ ਕੁੱਲੀ ਦੀ ਛੱਤ ਵਾਂਗ ਪਾਟੀ
ਨਿੱਤ ਉੱਤਰਦੀ ਹੈ ਰਾਤ ?
ਕਿਉਂ ਲੰਗਾਰੇ ਹੋਏ ਚੋਲੇ ਨਿੱਤ ਬਦਲਦਾ ਹੈ ਵਕਤ ?
ਕਿਉਂ ਛੋਹ-ਊਣੇ ਦਿਨ ਤੇ ਰਾਤ
ਮਿਲਦੇ ਨਹੀਂ ਕਦੇ ?
ਕਿਉਂ ਡੁੱਬਦੇ ਹੋਏ ਸੂਰਜ ਤੋਂ ਮਿਲਦੀ ਨਹੀਂ



ਚੜ੍ਹਦੇ ਹੋਏ ਸੂਰਜ ਦੀ ਝਲਕ ?
ਪਰਾਈ ਮਿੱਟੀ 'ਚ ਉੱਗੇ
ਵਰਤੀ ਹੋਈ ਕਮੀਜ਼ ਦੀ ਤਰ੍ਹਾਂ
ਨਿੱਤ ਬਦਲਦੇ ਹਾਂ
ਰੁੱਖਾਂ ਦੇ ਨਾਂ
ਰੁੱਖਾਂ ਦੀ ਛਾਂ
ਨਿੱਤ ਭੋਗਦੇ ਹਾਂ
ਪਰਾਏ ਜੰਗਲ ਦੀ ਜੂਨ।
ਅਸੀਂ ਪਰਾਈ ਮਿੱਟੀ 'ਚ ਏਨਾ ਉਲਝੇ ਰਹੇ,
ਲੱਗਦੈ, ਆਪਣੀ ਹੀ ਮਿੱਟੀ ਹੋ ਗਈ ਪਰਾਈ
ਹੁਣ ਨਾ ਰੁੱਖ ਉੱਗੇਗਾ ਕਦੇ
ਨਾ ਜੰਗਲ ਪਲਮਣ ਦੀ ਆਸ
ਨਾ ਹਵਾ ਦੇਵੇਗੀ ਬੀਜ ਦਾ ਅਹਿਸਾਸ
ਧਰਤੀ ਦਾ ਹੋ ਜਾਣਾ ਬੀਜ ਨਾਸ
ਇਸ ਲਈ, ਅੱਜ ਆਓ ਅਸੀਂ
ਆਪਣੀ ਆਪਣੀ ਮਿੱਟੀ ਨੂੰ ਵਾਪਸ ਮੁੜੀਏ
ਆਪਣੀ ਆਪਣੀ ਮਿੱਟੀ 'ਚ ਉੱਗੀਏ
ਇਕ ਰੁੱਖ ਜਣੀਏਂ
ਇਕ ਹਿੱਸਾ ਛਾਂ, ਇਕ ਹਿੱਸਾ ਹਵਾ ਬਣੀਏ
ਦਿਹੁੰ ਰਾਤ ਦੇ ਵਸਲ ਦੀ ਘੜੀ
ਦਿਸਹੱਦੇ ਤਕ ਗੀਤ ਬਣ ਕੇ ਉੱਡੀਏ
ਆਪਣੇ ਆਪਣੇ ਜੰਗਲ 'ਚ ਬਨਵਾਸ ਕੱਟੀਏ–
ਬਨਵਾਸ ਤੋਂ ਬਨਵਾਸ ਤਕ ਦਾ ਸਫ਼ਰ ਕਰੀਏ!
•

## ਗ਼ੈਰ-ਹਾਜ਼ਰ ਹਰਫ਼

ਇਬਾਰਤ 'ਚੋਂ ਗ਼ੈਰ ਹਾਜ਼ਰ ਹਰਫ਼ਾਂ ਦਾ
ਕੀ ਕਰੀਏ-
ਹਰਫ਼ ਤਾਂ ਉੱਤਰੇ ਸਨ
ਸਮੁੰਦਰ ਦੀ ਗਹਿਰਾਈ ਨੂੰ ਪਲੋਸਦੇ
ਹਰਫ਼ ਸਨ ਕਿ
ਮੱਛੀ ਦੀਆਂ ਨਾਸਾਂ 'ਚੋਂ ਨਿਕਲੇ
ਜਲ-ਤਰੰਗਾਂ ਦੇ ਅਲੌਕਿਕ ਸੁਰ
ਹਰਫ਼ ਜੋ ਗਹਿਰਾਈਆਂ 'ਚ ਉੱਤਰੇ
ਸਿੱਲ੍ਹੇ ਹਨ੍ਹੇਰਿਆਂ 'ਚ ਲਹਿੰਦੇ
ਸਾਗਰ ਦੇ ਸ਼ਬਦ-ਕੋਸ਼ 'ਚ
ਆਪਣੇ ਹੀ ਅਰਥ ਗਵਾ ਬੈਠੇ।

ਇਬਾਰਤ 'ਚੋਂ ਵਿਛੜੇ ਹੋਏ ਹਰਫ਼ਾਂ ਦਾ
ਕੀ ਕਰੀਏ-
ਹਰਫ਼ ਸਨ ਕਿ
ਰੁੱਖਾਂ ਤੋਂ ਵਿਰਵੇ
ਹਵਾ ਦੇ ਬਓਰੇ ਹੋਏ ਵਾਵਰੋਲੇ
ਜੋ ਖ਼ਾਲੀ ਖ਼ਲਾਅ 'ਚ
ਕਿਸੇ ਗੂੰਗੇ ਦਾ ਗੀਤ ਸਨ
ਜਾਂ ਆਦਿ ਕਾਲ ਤੋਂ ਖ਼ਲਾਅ 'ਚ ਭਟਕਦੇ
ਭੀਮ ਦੇ ਹਾਥੀ
ਖ਼ਲਾਅ ਦੇ ਬਨਵਾਸੀ



ਪਰ ਇਹ ਹਰਫ਼
ਨਾ ਕਿਸੇ ਸਮੁੰਦਰ ਦੇ
ਸ਼ਬਦ-ਕੋਸ਼ ਦਾ ਹਿੱਸਾ
ਨਾ ਕਿਸੇ ਪੌਣ ਦਾ ਨਾੜੂ
ਇਹ ਹਰਫ਼ ਤਾਂ
ਜ਼ਖ਼ਮੀਂ ਹੋਏ ਕਰਾਹੁੰਦੇ
ਰਸਤੇ 'ਚ ਢੇਰੀ
ਕਿਸੇ ਪਰਿੰਦੇ ਦੇ
ਸੰਘ 'ਚ ਅਟਕੇ ਹੋਏ ਬੋਲ।
•

## ਰਾਤ ਕਾਫ਼ੀ ਹੈ

ਲੁੱਟੇ ਹੋਏ ਮੁਸਾਫ਼ਿਰ ਨੂੰ
ਚੱਲਣ ਦੀ ਕਾਹਲ ਹੈ ਕਾਹਦੀ ?
ਚਾਨਣ ਦੀ ਤਲਬ ਕਾਹਦੀ ?
ਉਸ ਨੇ ਕੌਣ ਦਿਸ਼ਾ ਨੂੰ ਜਾਣਾ ?
ਕਿਸ ਮੰਜ਼ਿਲ ਨੂੰ ਪਾਣਾ ?

ਉਹ ਭੌਣ 'ਚੋਂ ਨਿਕਲੀ ਕੀੜੀ ਵਾਂਗ
ਪੋਲੇ ਪੋਲੇ ਪੱਬ ਧਰੇਗਾ
ਬੀਆਬਾਨਾਂ 'ਚੋਂ, ਉਜਾੜਾਂ 'ਚੋਂ
ਲੰਘ ਰਿਹਾ ਇਕ ਪਰਛਾਵਾਂ
ਹਨ੍ਹੇਰੀ ਰਾਤ 'ਚ
ਸੱਖਣੇ ਅੰਬਰ 'ਚ ਤਰਦੀਆਂ
ਤਾਰਿਆਂ ਦੀਆਂ ਗਿੱਟੀਆਂ ਗਿਣੇਗਾ ?
ਉਸ ਨੂੰ ਫ਼ਜ਼ਰ ਦੀ ਉਡੀਕ ਕਾਹਦੀ ?
ਲੁੱਟੇ ਹੋਏ ਉਸ ਮੁਸਾਫ਼ਿਰ ਨੇ
ਫ਼ਜ਼ਲ ਤੋਂ ਭਲਾ ਕੀ ਲੈਣਾ ?

ਉਸ ਲਈ ਤਾਂ ਕਾਫ਼ੀ ਹੈ
ਬੀਆਬਾਨਾਂ 'ਚੋਂ, ਉਜਾੜਾਂ 'ਚੋਂ ਗੁਜ਼ਰਨਾ,
ਤਾਰਿਆਂ ਦੀਆਂ ਗਿੱਟੀਆਂ ਗਿਣਨਾ,
ਗਿਣਦੇ ਗਿਣਦੇ ਦਿਸ਼ਾਹੀਣ ਤੁਰੇ ਰਹਿਣਾ
ਉਸ ਲਈ ਤਾਂ
ਜੀਣ ਜੋਗੀ ਰਾਤ ਕਾਫ਼ੀ ਹੈ,
ਉਸ ਨੇ ਫ਼ਜ਼ਲ ਤੋਂ ਭਲਾ ਕੀ ਲੈਣਾ ?
•



## ਚੰਦਰ-ਗੀਤ

ਆ ਜਿੰਦੇ, ਗਲ਼ ਲੱਗ ਕੇ ਰੋਈਏ
ਚੰਦ ਦਾਗ਼ ਚੰਦਰ ਦੇ ਧੋਈਏ...

ਪੱਥਰ ਗੀਟੇ ਗਏ ਗਵਾਚੇ
ਬੀਹੀਆਂ ਦੇ ਸਭ ਹਾਸੇ ਖੋਏ।
ਵਿਹੜੇ ਵਿਚ ਕਿਲਕਾਰੀ ਸਹਿਮੀ
ਰਾਤ ਦੀ ਅੱਖ 'ਚ ਤਾਰੇ ਮੋਏ।

ਸਾਉਣ ਮਹੀਨਾ ਨੀਰ-ਵਿਹੂਣਾ
ਰੋਹੀਆਂ ਦੇ ਸਭ ਜੰਡ ਉਦਾਸ।
ਆਪਣੇ ਹੀ ਸਾਏ ਤੋਂ ਟੁੱਟ ਕੇ
ਕੱਟਣਾ ਏ ਤਨਹਾ ਬਨਵਾਸ।

ਰਾਤ ਹਨ੍ਹੇਰੀ ਠਰਦੀ ਠਰਦੀ
ਜਿੰਦੂ ਦੀ ਅੱਗ ਬਾਲ ਕੇ ਜੁੜੀਏ।
ਲੋਅ ਵਿਚ ਠੰਢੇ ਪਲ ਪੰਘਰੇ ਨੇ
ਇਕ ਪਲ ਜੰਮੀਏ ਇਕ ਪਲ ਖੁਰੀਏ।

ਪੌਣਾਂ ਵਿਚ ਘੁਲ਼ ਗਈਆਂ
ਜੰਗਲ ਵਿਚ ਜੋ ਬਾਤਾਂ ਤੁਰੀਆਂ।
ਰੁੱਖਾਂ ਦੇ ਗਲ਼ ਲੱਗ ਕੇ ਮੋਈਆਂ
ਜੋ ਕੁੜੀਆਂ ਸਨ ਪਰੀਆਂ।

ਫੱਟ ਦਿੱਤੇ ਤੂੰ ਡੂੰਘੇ ਅੜੀਏ
ਜ਼ਖ਼ਮ ਅਜੇ ਵੀ ਅੱਲੇ।
ਸਮਝ ਲਈ ਪਰਿਭਾਸ਼ਾ ਚੁੱਪ ਦੀ
ਸਾਈਂ ਤਖ਼ਤ ਹਜ਼ਾਰੇ ਚੱਲੇ।

ਆ ਜਿੰਦੇ...
•



## ਪਾਕ ਮਿੱਟੀ

ਤੇਰੀ ਮਿੱਟੀ 'ਚ ਮੈਂ
ਸੁਪਨੇ ਬੀਜੇ
ਰਾਤ ਭਰ, ਦਿਨ ਦੀਵੀਂ
ਜਗਰਾਤੇ ਕੱਟਦਾ ਰਿਹਾ
ਕਿ ਪੌਦਾ ਉਗਮੇ ਤੇ ਵਿਗਸੇ
ਨਰਮ, ਮੱਧਮ ਪੌਣ ਨੇ
ਵਸਲ ਦੀ ਰੁੱਤ ਨੂੰ ਸਿਰਜਿਆ...
ਸਵੈ ਦੇ ਬੀਜ
ਮਿੱਟੀ 'ਚ ਅੰਕੁਰ ਬਣੇ।

ਸੁਪਨੇ ਜੋ ਬੀਜੇ ਸਨ
ਸੁਪਨੇ ਹੀ ਰਹੇ
ਅੰਕੁਰਾਂ ਤੋਂ ਵੱਧ ਕੁਝ ਵੀ ਨਹੀਂ
ਤੂੰ ਸੋਚਿਆ- ਇਹ ਸੁਪਨੇ
ਹਨ੍ਹੇਰੀ ਰਾਤ 'ਚ
ਮਹਿਜ਼ ਟਿਮਟਿਮਾਉਂਦੇ ਤਾਰੇ
ਤਾਰੇ ਵੀ ਕਦੇ
ਧਰਤ 'ਤੇ ਉਤਰੇ ਨੇ
ਵਿਹੜੇ 'ਚ ਨੱਚੇ ਨੇ-
ਏਹੀ ਵਜ੍ਹਾ ਹੈ

ਤੂੰ ਤਿਆਗ ਬੈਠੀ ਉਹ ਪਾਕ ਮਿੱਟੀ
ਜਿੱਥੇ ਸੁਪਨੇ ਬੀਜੇ ਸਨ
ਹਰੇ ਕਚੂਰ
ਪੌਦਿਆਂ ਲਈ ਰੀਝੇ ਸਾਂ।

ਗਗਨ ਦੀ ਬੇਰੁਖ਼ੀ ਸਾਜ਼ਿਸ਼ ਹੈ
ਕਿ ਪਾਕ ਮਿੱਟੀ 'ਚ ਦਫ਼ਨ
ਬੀਜਾਂ ਦਾ ਨਾਸ਼ ਜਾਰੀ ਰਹੇ
ਇਹ ਔੜ ਮਾਰ ਮਿੱਟੀ
ਖ਼ੁਸ਼ਕ ਹਵਾਵਾਂ ਦੀ ਮਾਰ ਹੇਠ
ਬੇਅੰਬਰੀ ਪਿਆਸ 'ਚ ਤੜਪੇ।
•



## ਵਿਦਾਇਗੀ ਤੋਂ ਬਾਅਦ

ਉਹ ਤਾਂ ਧੁੱਪ ਸੀ
ਹਵਾ ਸੀ
ਤੇ ਆਵਾਰਾ ਮੌਸਮ ਦਾ ਵਾਵਰੋਲਾ
ਮੈਂ ਤਾਂ ਰੁੱਖ ਸਾਂ
ਛਾਂ ਸਾਂ
ਤੇ ਬੱਦਲਾਂ 'ਚ ਘਿਰੀ ਫ਼ਜ਼ਰ।
ਅਸੀਂ ਜਦ ਪੂਰਬ ਦੀ ਗੁੱਠੇ
ਪਹਾੜ ਜਿੱਡੇ ਉਗਮੇ
ਤਾਂ ਸਾਡੇ ਸਿਰਾਂ ਦਾ ਹਿਮਾਲਿਆ ਕੰਬਿਆ
ਅਸੀਂ ਤਦ ਭੋਰਾ ਭੋਰਾ ਕਿਰੇ
ਤੇ ਕਿਸੇ ਗੁੰਮਨਾਮ ਵਾਦੀ 'ਚ
ਖੰਡਿਤ ਹੋ ਡਿੱਗੇ

ਵਿਦਾਇਗੀ ਤੋਂ ਬਾਅਦ
ਬੇੜੀ ਨਾ ਬਰੇਤਾ
ਨਾ ਕੋਈ ਨਦੀ ਦਾ ਕੰਢਾ
ਨਦੀ ਦਾ ਪਾਣੀ
ਗਰਦਿਸ਼ ਦੇ ਦੌਰ 'ਚ
ਪਹਾੜਾਂ 'ਚ ਭੁਲ ਗਿਆ
ਆਪਣੀ ਹੀ ਪਛਾਣ।

ਆਪਣੇ ਆਪਣੇ
ਦਰਪਣਾਂ 'ਚ ਘਿਰਿਆ
ਬੌਣਾ ਮਾਨਵ ਹੱਸਿਆ
ਮੱਥੇ ਦੀ ਅੱਖ 'ਚ ਉੱਤਰੇ
ਕਬਰਾਂ 'ਚ ਜਗਦੇ ਦੀਵੇ;
ਇਸ ਜਲਣ ਦੀ ਘੜੀ
ਕਬਰ ਦੇ ਆਕਾਸ਼ 'ਤੇ
ਪ੍ਰੇਤੀ ਫ਼ਿਜ਼ਾ 'ਚ
ਦੀਵੇ ਦੀ ਲੋਅ
ਮੱਧਮ ਰਫ਼ਤਾਰ 'ਚ
ਟਿਮਟਿਮਾਉਂਦੇ ਰਾਤ ਭਰ
ਜਿਸ ਅੰਦਰ ਉੱਚੇ ਪਹਾੜ
ਖੰਡਿਤ ਹੋ ਹੋ ਡਿੱਗਦੇ
•



## ਸਾਗਰ ਦਾ ਹਉਕਾ

ਸਮੁੰਦਰ ਦੀ ਧੁੰਨੀ 'ਚ ਗਵਾਚੀ
ਮੈਂ ਆਵਾਰਾ ਛੱਲ ਸਾਂ ਕੋਈ–
ਤੇਰੀਆਂ ਜਗਦੀਆਂ ਅੱਖਾਂ 'ਚ
ਆਪਣੇ ਆਕਾਸ਼ ਤੋਂ ਜੁਦਾ ਹੋਏ
ਸਿਤਾਰੇ ਦੀ ਝਲਕ ਮੈਂ ਪਾਈ
ਤੇਰੀਆਂ ਅੱਖਾਂ 'ਚ ਆਣ ਮੁੱਕੀ
ਮੇਰੀ ਹੋਂਦ ਦੀ ਜਮ੍ਹਾ ਮਨਫ਼ੀ
ਅਤੁੱਟ ਸਾਇਆਂ 'ਚ ਪਹਿਚਾਣ ਦਾ ਸੰਕਟ–
ਤੂੰ ਰੌਸ਼ਨੀ ਦੇ ਧਾਗੇ ਉਣਦੀ ਰਹੀ
ਹਨ੍ਹੇਰੀਆਂ ਕੁੰਦਰਾਂ ਜਗਮਗਾ ਉੱਠੀਆਂ।

ਸਮੁੰਦਰ ਦੀ ਧੁੰਨੀ 'ਚ ਗਵਾਚੀ
ਮੈਂ ਆਵਾਰਾ ਛੱਲ ਸਾਂ ਕੋਈ–
ਤੂੰ ਬਾਲ–ਰੋਣ ਨੂੰ ਸ਼ਬਦ ਬਖ਼ਸ਼ੇ
ਖ਼ਾਮੋਸ਼ ਬੋਲਾਂ ਨੂੰ ਹੋਂਠ ਬਖ਼ਸ਼ੇ
ਤੇਰੀ ਹਾਜ਼ਰੀ 'ਚ ਹਜ਼ਾਰਾਂ ਰੰਗ ਉੱਭਰੇ
ਖ਼ਾਲੀ ਆਸਮਾਨ 'ਚ ਫੈਲਦੇ ਗਏ–
ਇਹ ਸੀ ਸਤਰੰਗਾ ਨਜ਼ਾਰਾ
ਦੂਰ ਉਫ਼ਕ ਵੱਲ ਬੱਦਲਾਂ ਦੀ ਉਡਾਰੀ।

ਸਮੁੰਦਰ ਦੀ ਧੁੰਨੀ 'ਚ ਗਵਾਚੀ
ਮੈਂ ਆਵਾਰਾ ਛੱਲ ਸਾਂ ਕੋਈ–
ਮੈਂ ਸੁਬਕ ਸਵੇਰ ਜਿਹੇ ਇੰਤਜ਼ਾਰ 'ਚ
ਕੰਢੇ ਨਾਲ ਲੱਗ ਖੜੋਈ
ਨਾ ਤੂੰ ਆਇਆ ਗੁਲਦਸਤੇ ਜੇਹਾ
ਨਾ ਤੇਰੀ ਕਿਤੇ ਕੰਨਸੋਈ
ਮੈਂ ਚਾਨਣੀਆਂ ਰਾਤਾਂ 'ਚ
ਸਾਗਰ ਦਾ ਹਉਕਾ ਹੋਈ।
•



## ਸਮੁੰਦਰੀ ਹਵਾ

ਹੁਣ ਮੈਂ ਤੇਰੇ ਮਹਾਂਨਗਰ ਕਦੇ ਨਹੀਂ ਆਉਣਾ
ਜਗਦੀਆਂ–ਬੁਝਦੀਆਂ ਲਹਿਰਾਂ ਦਾ ਦਰ
ਸਮੁੰਦਰ ਦੀ ਨਮਕੀਨ ਹਵਾ ਆਖੇ
ਮੈਂ ਤੇਰੀ ਬਾਰੀ 'ਚੋਂ ਗੀਤ ਬਣ ਕੇ ਨਹੀਂ ਗੁਜ਼ਰਨਾ।
ਬੰਦਰਗਾਹਾਂ ਜਹਾਜ਼ਾਂ ਨੂੰ ਭਲਾ ਕੀ ਉਡੀਕਣ
ਸਮੁੰਦਰ ਤਾਂ ਕਦੋਂ ਦਾ ਝੱਗ ਹੋ ਗਿਆ,
ਮੱਛੀਆਂ ਤਾਂ ਕਦੋ ਦੀਆਂ ਮੋਈਆਂ
ਲਹਿਰਾਂ ਤਾਂ ਰੌਸ਼ਨੀਆਂ 'ਚ ਖੋਈਆਂ
ਉਹ ਭਟਕਦਾ ਸਮੁੰਦਰੀ ਹਵਾ ਦਾ ਬੁੱਲਾ
ਖੁਰੇ ਹੋਏ ਕਿਨਾਰਿਆਂ 'ਤੇ ਖੜ੍ਹਾ
ਰੇਤ ਹੋ ਗਿਆ
ਸਮੁੰਦਰੀ ਝੱਗ ਨੂੰ ਵਲਗਦਾ
ਇਕ ਕਿਨਾਰਾ ਹੋ ਗਿਆ।

ਦੂਰ ਤਕ ਹੈ ਝੱਗ ਹੀ ਝੱਗ
ਜਾਂ ਸਿੱਲ੍ਹੀ ਰੇਤ ਦਾ ਵਜੂਦ
ਮੈਂ ਸਿੱਲ੍ਹੀ ਰੇਤ ਦੇ ਬੋਲ
ਕਿਹੜੀ ਅੱਗ ਨੂੰ ਦੇਵਾਂ ?
ਕਿਹੜੀ ਅੱਗ ਪਰਨਾਵਾਂ ?

ਸਮੁੰਦਰ ਦੀ ਹਵਾ ਪਈ ਆਖੇ–
ਹੁਣ ਮੈਂ ਵਾਪਿਸ ਨਹੀਂ ਜਾਣਾ
ਨਾ ਤੇਰੀ ਬਾਰੀ 'ਚੋਂ ਨਿੱਤ ਗੁਜ਼ਰਨਾ
ਮੈਂ ਤੇਰੇ ਕਮਰੇ ਦੇ
ਕਿਸੇ ਹਨ੍ਹੇਰੇ ਕੋਣੇ 'ਚ
ਚਿਪਕ ਬਹਿਣਾ
ਸਦਾ ਹੀ ਜੁੜੇ ਰਹਿਣਾ
ਕਦੇ ਨਹੀਂ ਜਾਵਾਂਗੀ ਮੈਂ
ਝੱਗ ਹੋਏ ਸਮੁੰਦਰ ਦੇ ਵਤਨ
•



## ਔਰਤ

(1)
ਐ ਸਦੀਆਂ ਦੀ ਸਾਥਣੇਂ!
ਐ ਰਾਤ ਦੇ ਪੰਛੀ!
ਤੇਰੀਆਂ ਖ਼ਾਮੋਸ਼ ਭਵਾਂ ਦੀ ਤੱਕਣੀ 'ਚ
ਕੈਦ ਹੋਵਣ ਜਿਸਮ ਤੇ ਆਤਮਾ
ਮਨੁੱਖ ਭੁੱਲ ਜਾਵਣ
ਬੱਚਿਆਂ ਦੀ ਕਿਲਕਾਰੀ
ਤੇ ਰੱਬ ਦੀ ਇਬਾਦਤ
ਹਾਰੇ ਹੋਏ ਆਸ਼ਕ
ਤੇਰੇ ਹੀ ਦਰ ਦਾ ਸਜਦਾ ਕਰਨ,
ਥੱਕੀ ਹਾਰੀ ਸ਼ਾਮ ਦੇ ਝੁਸਮੁਸੇ
ਪਿਆਸ 'ਚ ਦੀਵਾਨੇ ਤੈਨੂੰ ਦਸਤਕ ਦੇਂਦੇ

(2)
ਅਸੀਂ ਆਪਣੇ ਆਪਣੇ ਰੁੱਖ ਦੀ ਖੁੱਡ 'ਚ
ਪੂਰੀ ਤਰ੍ਹਾਂ ਮਹਿਫ਼ੂਜ਼ ਹਾਂ
ਕਦੇ ਕਦੇ ਕਰਦੇ ਹਾਂ ਠਕ ਠਕ
(ਸਿਰਫ਼ ਕੁੱਤੇ ਹੀ ਆਵਾਰਾਗਰਦ ਨੇ, ਅਸੀਂ
ਨਹੀਂ!)
ਬਾਹਰਵਾਰ ਬਰਸਾਤਾਂ ਤੋਂ ਬੇਖ਼ਬਰ
ਦੂਰ ਦੂਰ ਤਕ ਹਰੇ ਭਰੇ
ਫੈਲ ਰਹੇ ਜੰਗਲ ਤੋਂ ਬੇਖ਼ਬਰ
ਪੂਰੀ ਹਿਫ਼ਾਜ਼ਤ 'ਚ ਹਾਂ, ਸੁਰੱਖਿਅਤ ਹਾਂ
ਬਰਸਾਤ ਤੋਂ, ਤੂਫ਼ਾਨ ਤੋਂ।

(3)
ਦੋ ਬੱਚੇ ਜਣ ਕੇ
ਮਿਸ ਟੇਢੀ ਅਲਫ਼ ਨੰਗੀ
ਤੱਟ 'ਤੇ ਅੱਗ ਵਾਂਗ ਭਬਕੀ
ਆਦਮ-ਜ਼ਾਤ ਲਾਲ ਕੋਇਲਾ ਹੋ ਗਈ
ਹਾਲੀਡੇਅ ਇੰਨ ਵਿਖੇ
ਰਸੋਈਆ ਭੁੰਨ੍ਹ ਰਿਹਾ ਹੈ ਜ਼ਿੰਦਾ ਚੂਜ਼ਾ
ਇਕ ਵੈਸ਼ਨੂੰ, ਅਭਿਨੇਤਰੀ ਦੀ ਲਜ਼ੀਜ਼ ਸ਼ਾਮ ਵਾਸਤੇ
ਆਪਣੇ ਕਮਰੇ 'ਚ ਆਰਾਮ ਫ਼ਰਮਾ ਰਹੀ
ਨਾਲ ਧੋਬੀ ਵੀ ਹੈ ਆਤਮਾ ਨੂੰ ਧੋਣ ਵਾਸਤੇ
ਉਹ ਗ਼ੌਰ ਕਰੇਗੀ ਕਿਸੇ ਫ਼ਿਲਮ ਦੇ ਸੰਵਾਦ
ਤੇ ਰਾਤ ਦਾ ਖਾਣਾ ਖਾਂਦੇ ਹੋਏ
ਅਭਿਨਯ ਦੀਆਂ ਬਾਰੀਕ ਤੰਦਾਂ ਦੀ
ਇਕ ਤਵਾਰੀਖ਼ੀ ਬਹਿਸ ਕਰੇਗੀ।

(4)
ਐ ਔਰਤ
ਤੂੰ ਸਦੀਆਂ ਦੇ ਬੋਝ ਥੱਲੇ ਦੱਬੀ
ਪਿੱਠ ਪਿੱਛੇ ਬਾਲ ਬੰਨ੍ਹ ਕੇ
ਅੱਖਾਂ 'ਚ ਭੁੱਖ ਦਾ ਸੂਰਜ ਲੈ ਕੇ
ਕਦ ਤਕ ਜੰਗਲ ਜੰਗਲ ਭਟਕੇਂਗੀ
ਕਦ ਤਕ ਛਿੱਟੀਆਂ ਤੇ ਟਾਹਣੀਆਂ ਚੁਗੇਂਗੀ
ਕਦ ਤਕ ਚੁੱਲ੍ਹੇ ਦੀ ਅੱਗ ਬਲੇਗੀ
ਕਦ ਤਕ ਠਰਦੀ ਰਹੇਗੀ ਇਹ ਝੌਂਪੜੀ
ਕਦ ਤਕ ਮਰਦੀ ਰਹੇਗੀ ਇਹ ਲੋਰੀ ?
ਕਦ ਤਕ ਤੇਰੀ ਬਾਂਹ
ਪਿੰਡ 'ਚ, ਸ਼ਹਿਰ 'ਚ ਸੁੱਤੀ ਰਹੇਗੀ ?
•



## ਬੇਪੌਣਾ ਪੁਲਾੜ

ਮੈਂ ਹਵਾ ਸੰਗ ਬਾਤ ਕਰਨੀ ਲੋਚਾਂ
ਵਾਵਰੋਲੇ 'ਚ ਉਡ ਜਾਣਾ ਚਾਹਾਂ
ਮੈਂ ਚਾਹਾਂ ਕਿ ਪੁੱਟ ਦਿਆਂ ਖਿੜਕੀ
ਤੇਰੇ ਕਮਰੇ 'ਚੋਂ ਸ਼ੂਕਦਾ ਗੁਜ਼ਰਾਂ
ਪਰ ਮੈਂ ਪੌਣ-ਪੰਛੀ ਨਹੀਂ-
ਹਵਾ ਦਾ ਮਾਰਿਆ ਮੈਂ
ਇਕ ਝੁਕਿਆ ਹੋਇਆ ਬਿਰਖ ਹਾਂ
ਇਕ ਝੰਬੀ ਹੋਈ ਰਾਤ ਹਾਂ
ਕਿਉਂਕਿ ਮੰਦਰ ਦੇ ਦੀਵੇ
ਉੱਧਲ ਚੁੱਕੇ ਨੇ ਬੁੱਲਿਆਂ ਸੰਗ
ਅਦਿੱਖ ਜੁਗਨੂੰਆਂ ਦੀ ਭਾਲ 'ਚ।

ਮੈਂ ਹਵਾ ਸੰਗ ਬਾਤ ਕਰਨੀ ਲੋਚਾਂ
ਪੰਖੇਰੂਆਂ ਸੰਗ ਉਡਣਾ ਚਾਹਾਂ
ਚਾਹਾਂ ਕਿ ਤੇਰੀ ਆਤਮਾ 'ਚ
ਹਵਾ ਦਾ ਬੁੱਲਾ ਬਣ ਕੇ ਗੁਜ਼ਰਾਂ
ਤੈਨੂੰ ਸਾਹ-ਹੀਣ ਛੱਡ ਦਿਆਂ
ਪਰ ਜਹਾਜ਼ੀ ਕਹਿੰਦੇ ਨੇ-
ਝੁਸਮੁਸੇ ਅਸਮਾਨ ਦੇ ਮੱਥੇ 'ਤੇ ਉਕਰਿਆ
ਉਨ੍ਹਾਂ ਪੌਣ-ਕੁੱਤਾ ਵੇਖਿਆ
ਇਕੱਠੇ ਹੋ ਰਹੇ ਬੱਦਲ
ਘਰਾਂ ਨੂੰ ਪਰਤ ਰਹੇ ਪੰਛੀ
ਬੱਚੇ ਉਡਾਉਂਦੇ ਹੋਏ ਪਤੰਗ

ਜਦੋਂ ਮੈਂ ਵੇਖਦਾ ਰਿਹਾ
ਇਕ ਬੇਪੌਂਣੇ ਪੁਲਾੜ ਅੰਦਰ
ਟੁਕੜੇ ਹੋਈ ਸਤਰੰਗੀ ਪੀਂਘ,
ਛਟਦੇ ਹੋਏ ਬੱਦਲ, ਪੰਖ-ਹੀਣ ਪੰਛੀ
ਤੇ ਧਾਗਿਆਂ ਤੋਂ ਟੁੱਟੇ ਪਤੰਗ।

ਮੈਂ ਹਵਾ ਸੰਗ ਬਾਤ ਕਰਨੀ ਲੋਚਾਂ
ਵਾਵਰੋਲਾ ਬਣ ਉਡ ਜਾਣਾ ਚਾਹਾਂ
ਪਰ ਮੈਂ ਬਹੁਤ ਉਡਿਆ ਹਾਂ
ਕਲਪਨਾ ਦੇ ਪੁਲਾੜਾਂ 'ਚ
ਪੌਣ ਦਾ ਮਾਰਿਆ ਜੋ ਮੈਂ
ਸਰਾਪੀ ਜੂਨ ਦਾ ਜਾਇਆ
ਬੇਪੌਂਣੇ ਪੁਲਾੜਾਂ 'ਚ
ਭਟਕ ਰਿਹਾ ਹਾਂ ਹਰ ਛਿਣ।
•



## ਕਿਸ਼ਤੀਆਂ ਦੀ ਉਡੀਕ

ਇਕ ਅਣਜੰਮੇ ਬੱਚੇ ਵਾਂਗ
ਸਾਗਰ ਦੀਆਂ ਛੱਲਾਂ ਆਈਆਂ ਤੇ ਮੋਈਆਂ
ਮੈਂ ਏਨਾ ਰੋਇਆ ਤੇ ਚੀਖ਼ਿਆ
ਕਿ ਮੇਰੀਆਂ ਅੱਖਾਂ ਚੁੰਧਿਆਈਆਂ
ਸਾਗਰ ਹੱਸਿਆ ਤੇ ਲੱਥਿਆ
ਆਪਣੇ ਹੀ ਅੰਦਰਵਾਰ।

ਪਰ ਮੈਂ ਤੂੰ ਹਾਂ
ਮੈਂ ਹਰ ਜਗ੍ਹਾ ਹਾਂ
ਮੈਂ ਤੇਰੇ ਸ਼ੀਸ਼ੇ 'ਚ
ਤੇਰਾ ਪ੍ਰਤੀਬਿੰਬ ਹਾਂ-
ਅਰਧ ਜੰਮਿਆ, ਅਰਧ ਲੁਕਿਆ
ਮਿਟਾ ਦੇ, ਤੋੜ ਦੇ
ਗਾਲ਼ ਦੇ ਵਗਾਹ ਮਾਰ
ਕਿਸੇ ਕੂੜਾਦਾਨ ਅੰਦਰ
ਮੈਂ ਹਾਜ਼ਰ ਹਾਂ
ਅਣਟੁੱਟਿਆ, ਨਿਰੰਤਰ, ਸਹੀ ਸਲਾਮਤ।

ਮੈਂ ਤੂੰ ਹਾਂ
ਮੈਂ ਹਰ ਜਗ੍ਹਾ ਹਾਂ
ਮੈਨੂੰ ਐਥਨਜ਼ ਤੋਂ ਬੁਲਾ
ਭਾਵੇਂ ਬੁਲਾ ਬੈਥਲੀਹੈਲਮ ਤੋਂ
ਮੈਨੂੰ ਅੱਖ-ਪੱਟੀ ਬੰਨ੍ਹ ਕੇ ਲੈ ਜਾ
ਸੰਗਲਾਂ 'ਚ ਜਕੜ ਕੇ
ਮੈਨੂੰ ਰਿਆਧ ਦੇ ਓਸ
ਭਿਆਨਕ ਚੌਕ 'ਤੇ ਲੈ ਜਾ

ਵਹਿਸ਼ਤ 'ਚ ਮੇਰਾ ਸਿਰ ਕਲਮ ਕਰ ਦੇ
ਮੇਰੇ ਟੁਕੜੇ ਟੁਕੜੇ
ਨੋਚ ਲੈ ਤੂੰ ਸ਼ਿਕਰਿਆ
ਪਰ ਮੇਰੀ ਜਿੰਦ ਜਾਨ
ਮੇਰਾ ਚੰਨ ਤਾਂ ਮੋੜ ਦੇ
ਕਿਉਂ ਜੋ ਮੈਨੂੰ ਪੋਂਹਦਾ ਹੈ
ਚੰਨ ਦੀ ਓਟ ਲੈ
ਸਾਗਰ ਨੂੰ ਟੋਹਣਾ
ਛੱਲਾਂ ਸੰਗ ਵਹਿਣਾ
ਪੂਰਨ ਚੰਦਰਮਾ ਦੇ ਜਵਾਰਭਾਟੇ ਸੰਗ
ਉਭਰਦੇ ਜਾਣਾ, ਫੈਲਦੇ ਜਾਣਾ
ਕਿਸੇ ਕਿਨਾਰਾ-ਹੀਣ ਤਲਾਸ਼ 'ਚ।

ਪਰ ਮੈਂ ਏਥੇ ਤੱਟ 'ਤੇ ਬੈਠਾ
ਉਡੀਕਦਾ ਹਾਂ ਪਗਲਾਇਆ ਹੋਇਆ
ਕਿਸੇ ਸਿਬਲ ਵਾਂਗ ਵਰ-ਪ੍ਰਾਪਤ
ਉਡੀਕ 'ਚ ਸੁੰਗੜਦਾ ਮਹਿਜ਼
ਇਕ ਦਾਣਾ ਹੋ ਗਿਆਂ।

ਮੈਂ ਹਾਲੇ ਤਾਈਂ ਵੀ
ਕਿਨਾਰੇ 'ਤੇ ਬੈਠਾ
ਤੱਕ ਰਿਹਾਂ, ਸੁਣ ਰਿਹਾਂ
ਸ਼ੂਕਦੇ, ਚਿੰਘਾੜ੍ਹਦੇ ਤੇ ਖੜਮਸਤ
ਸਾਗਰ ਦਾ ਸ਼ੋਰ
ਤੇ ਉਡੀਕ ਰਿਹਾਂ
ਕਿ ਕਿਸ਼ਤੀਆਂ ਦੀ ਉਡੀਕ ਕਦੋਂ ਮੁੱਕੇਗੀ...?
•



## ਤੇਰੇ ਨਕਸ਼ਾਂ ਦੀ ਚਿਤਰ-ਕਸ਼ੀ

(1)
ਦੋਆਬੇ ਦੇ ਅੰਬਾਂ ਵਿਚੀਂ
ਸੂਰਜ ਫਿਰ ਡੁੱਬ ਰਿਹਾ
ਇਕ ਕੰਜਕ ਕੁਆਰੀ ਦੀ
ਗੁਲਨਾਰ ਰੰਗਤ 'ਚ
ਉਫ਼ਕ ਕੈਦ ਭੋਗਦਾ ਪਿਆ
ਪੰਛੀ ਪਰ ਮਾਰਦੇ ਚਹਿਚਹਾਉਂਦੇ
ਆਪਣੀਆਂ ਉਡੀਕਦੀਆਂ ਨਾਰਾਂ ਕੋਲ
ਪਰਤ ਰਹੇ
ਤੇ ਪਰਤ ਰਿਹਾ
ਮੱਝੀਆਂ ਦਾ ਪਾਲੀ
ਪੀਲੂ ਦਾ ਮਿਰਜ਼ਾ ਗਾਉਂਦਾ
ਬੱਕੀ 'ਤੇ ਝੰਗ ਸਿਆਲੀ ਕੂਚ ਕਰਦਾ।

(2)
ਤਾਜ਼ੇ ਤੇ ਮਹਿਕਦੇ ਹੋਏ
ਅੰਬਾਂ ਦੇ ਬਾਗ਼ਾਂ 'ਚ
ਜਿਉਂ ਹੀ ਰਾਤ ਉੱਤਰੀ ਹੈ
ਅਚਾਨਕ ਹੌਲੀ ਹੌਲੀ ਰੁਮਕਦੇ
ਕੁਝ ਕੁ ਪੀਲੇ ਪੱਤੇ ਗਿਰਦੇ ਨੇ
ਜੋ ਇਕ ਸਹੇ ਨੂੰ ਏਨਾ ਡਰਾਵੇ
ਕਿ ਉਹ ਆਪਣੀ ਜ਼ਿੰਦਗੀ ਮੰਗਦਾ ਭੱਜੇ।

(3)
ਹਰੇ ਕਚੂਚ ਘਾਹ 'ਤੇ
ਤੈਰ ਰਹੀ ਹੈ ਚਾਨਣੀ
ਇਕ ਸਰਸਰਾਉਂਦਾ ਹੋਇਆ ਨਾਗ
ਚਾਨਣੀ ਨੂੰ ਡੱਸਦਾ ਹੈ
ਬ੍ਰਹਿਮੰਡ ਦੇ ਗਲ਼ ਲਿਪਟੀ ਚਾਨਣੀ
ਦਮ ਤੋੜਦੀ ਨੀਲੀ ਪੈ ਗਈ।
•



## ਸੂਰਜ-ਗੀਤ

ਕਿੰਨੇ ਸੂਰਜ ਜੰਗਲ ਜੰਗਲ ਭਟਕੇ
ਕਿੰਨੇ ਸੂਰਜ ਸਹਿਰਾ ਸਹਿਰਾ ਲਟਕੇ
ਢਲ਼ ਗਈ ਉਮਰਾ ਸਿਖ਼ਰ ਦੁਪਹਿਰ
ਅੱਲਾ ਕਹਿਰ, ਓ ਅੱਲਾ ਕਹਿਰ।

ਕਿੰਨੇ ਸੂਰਜ ਦੇਹ 'ਚ ਠਰ ਗਏ
ਕਿੰਨੇ ਸੂਰਜ ਅੱਖ 'ਚੋਂ ਕਿਰ ਗਏ
ਬਰਫ਼ ਪਰੀ ਦਾ ਸੀਤਲ ਪਹਿਰ।
ਅੱਲਾ ਕਹਿਰ...।

ਕਿੰਨੇ ਸੂਰਜ ਥੇਹਾਂ ਅੰਦਰ ਤਪਦੇ
ਕਿੰਨੇ ਸੂਰਜ ਸਿਵਿਆਂ ਅੰਦਰ ਮਚਦੇ
ਅੱਗ ਧੂੰਏਂ 'ਚ ਚਿਣਿਆ ਤੇਰਾ ਸ਼ਹਿਰ
ਅੱਲਾ ਕਹਿਰ...।

ਕਿੰਨੇ ਸੂਰਜ ਪੌਣ 'ਚ ਭੁਰ ਗਏ
ਕਿੰਨੇ ਸੂਰਜ ਨਦੀ ਤੋਂ ਮੁੜ ਗਏ
ਰੱਤ 'ਚ ਡੁੱਬੀ ਅੰਨ੍ਹੀ ਬਓਰੀ ਲਹਿਰ
ਅੱਲਾ ਕਹਿਰ...।

ਕੇਹਾ ਸੂਰਜ ਵਿਹੜੇ ਵਿਹੜੇ ਮੋਇਆ
ਕਿਉਂ ਅੰਬਰ 'ਚੋਂ ਰੰਗ ਨੀਲਾ ਚੋਇਆ
ਸ਼ਿਵ-ਸੂਰਜ-ਦੇਹੀ ਚੜ੍ਹਿਆ ਜ਼ਹਿਰ
ਅੱਲਾ ਕਹਿਰ...।
•

## ਜਲ-ਪਰਵਾਹ

(1)
ਅਨਟਾਰਟਿਕਾ ਦੀ ਹਲਕੀ ਸੀਤ ਲਹਿਰ ਸੀ
ਰਹੱਸਮਈ ਧੁੰਦ ਚਹੁੰ ਕੂਟੀ ਹੀ ਲਟਕ ਰਹੀ ਸੀ
ਅਦਿੱਖ ਪੇੜ
ਪੱਤਿਆਂ ਵਿਚੀਂ ਟਿੱਪ ਟਿੱਪ ਕਰਦੇ ਕੰਬੇ
ਲੱਕੜਹਾਰੇ ਦੀ ਆਵਾਜ਼
ਹਵਾ ਨੂੰ ਚੀਰ ਕੇ ਗੂੰਜੀ
ਸ਼ਿਵਾਲਿਕ ਦੀਆਂ ਗੱਲ੍ਹਾਂ 'ਤੇ
ਸੁਬ੍ਹਾ ਦੀ ਹਯਾ ਚਮਕੀ
ਸੂਰਜ ਜਨਮ-ਪੀੜ 'ਚੋਂ ਉੱਗਿਆ।

(2)
ਖਿੜੀ ਦੁਪਹਿਰ ਦੇ ਪਲ
ਮੈਂ ਸੂਰਜ ਦੀ ਦੀਵਾਨਗੀ ਹੰਢਾਈ
ਉਸਨੇ ਆਪਣਾ ਨਿੱਘ ਬਖ਼ਸ਼ਿਆ
ਹੱਡੀਆਂ ਦੀ ਠਰਨ ਭੰਨ੍ਹੀ
ਮੈਂ ਸੂਇਆਂ ਤੇ ਦਰਿਆਵਾਂ ਥੀਂ ਤੈਰਦਾ
ਸਮੁੰਦਰ ਕੋਲ ਗਿਆ
ਸਮੁੰਦਰ ਨੂੰ ਪਾਉਣ ਗਿਆ
ਤਾਂ ਮੇਰੇ ਸਫ਼ਰ ਦੇ ਪੈਰਾਂ 'ਚ ਉੱਗੇ
ਪੂਰਨ ਚੰਦਰਮਾ ਦੇ ਜਵਾਰਭਾਟੇ
ਮੈਨੂੰ ਹੀ ਲੈ ਡੁੱਬੇ
ਮੈਂ ਸਮੁੰਦਰ ਦੀ ਖ਼ਾਮੋਸ਼ੀ 'ਚ
ਜਲ-ਪਰਵਾਹ ਹੋ ਗਿਆ।
•



# ਸਮੁੰਦਰੀ ਹਵਾ ਤੋਂ ਪਾਰ
(Beyond Sea Breeze)

ਨੀ ਘਸਮੈਲ਼ੀ ਧਰਤੀਏ
ਤੇਰੇ ਰੱਤੇ ਪਾਣੀਆਂ 'ਚ
ਚਿਹਰਾ ਤਾਂ ਦਿਸਦਾ ਨਹੀਂ
ਧੜਾਂ ਦਾ ਕੀ ਕਰੀਏ ?



## ਜਦੋਂ ਨਦੀ ਸੁੱਕਦੀ ਹੈ

ਜਦੋਂ ਨਦੀ ਸੁੱਕਦੀ ਹੈ
ਛਾਤੀ ਦੇ ਐਂਧ ਵਿਚਕਾਰ
ਉਦੋਂ ਮਹਿਬੂਬ ਦਾ ਚਿਹਰਾ
ਚਾਨਣੀ 'ਚ ਧੋਤਾ
ਪੁਰਨੂਰ ਨਹੀਂ ਲੱਗਦਾ
ਉਦੋਂ ਪਤਾ ਲੱਗਦਾ ਹੈ
ਕਿ ਮਸੀਹਾ ਦੇ ਸੂਲੀ 'ਤੇ
ਲਟਕਦੇ ਬੁੱਤ ਵਿਚ
ਤੇ ਮਾਸ਼ੂਕ ਦੇ ਸੰਗਮਰਮਰ 'ਚ
ਜੜੇ ਹੋਏ ਨਕਸ਼ਾਂ ਦੀ
ਸਾਂਝ ਹੈ ਕੈਸੀ ਫ਼ਰਕ ਕਿਹੜਾ ਹੈ
ਪੱਥਰ ਦੇ ਬੁੱਤਾਂ 'ਚੋਂ ਉੱਠਦਾ
ਪਿਆਸੀ ਕਰਬਲਾ ਦਾ
ਸ਼ੋਰ ਕਿਉਂ ਕਰ ਹੈ।
ਜਦੋਂ ਨਦੀ ਸੁੱਕਦੀ ਹੈ
ਉਦੋਂ ਗੁਲਾਬਾਂ ਨੂੰ
ਮਹਿਕ ਦਾ ਸੁਪਨਾ ਨਹੀਂ ਆਉਂਦਾ
ਨਾ ਸਿਕਲੀਗਰਾਂ ਨੂੰ
ਘਰਾਂ ਦੀ ਯਾਦ ਡੱਸਦੀ ਹੈ
ਬੇਸਿਰ-ਬੇਪੈਰ ਪਲਾਂ 'ਚ
ਜ਼ਿੰਦਗੀ ਨੀਲਾ ਥੋਥਾ ਚੱਟਦੀ ਹੈ
ਘਰਾਂ ਤੋਂ ਦਰਾਂ ਤੋਂ
ਸ਼ਹਿਰ ਤੋਂ ਗਿਰਾਂ ਤੋਂ
ਮੁਕਤੀ ਮੰਗਦੀ ਵਿਦਾ ਹੁੰਦੀ ਹੈ।
ਜਦੋਂ ਨਦੀ ਸੁੱਕਦੀ ਹੈ

ਉਦੋਂ ਰੁੱਖ ਹੋ ਜਾਂਦੇ ਨਿਰਮੋਹੇ
'ਵਾਵਾਂ ਦੇ ਗਲ਼ ਨਹੀਂ ਲੱਗਦੇ
ਮੋਰ ਪੈਲ ਨਹੀਂ ਪਾਉਂਦੇ
ਬਸੰਤੀ ਰੁੱਤ ਨਹੀਂ ਨੱਚਦੀ
ਔੜ 'ਚ ਤਿੜਕ ਜਾਂਦੀ
ਹੈ ਧਰਤ ਸਾਰੀ
ਉਦੋਂ ਸੂਰਜ ਅੰਬਰਾਂ 'ਚੋਂ ਲਹਿ
ਸਾਡੇ ਜ਼ਿਹਨ 'ਚ ਨੱਚਦਾ ਹੈ
ਗਲ਼ੀਆਂ 'ਚ ਬਾਜ਼ਾਰਾਂ 'ਚ
ਅੱਗ ਦਾ ਗੋਲਾ ਮੱਚਦਾ ਹੈ
ਜਦੋਂ ਨਦੀ ਸੁੱਕਦੀ ਹੈ
ਉਦੋਂ ਸਾਡੇ ਘਰਾਂ 'ਚੋਂ
ਧੂੰਆਂ ਨਹੀਂ ਉਡਦਾ
ਵਿਹੜੇ ਨਹੀਂ ਨੱਚਦੇ
ਉਦੋਂ ਅਰਾਵਲ ਦੇ ਜੁਝਾਰੂ ਬੋਲ
ਘਰਾਂ ਨੂੰ ਪਰਤ ਨਹੀਂ ਆਉਂਦੇ
ਇਕ ਵਹਿਸ਼ੀ ਭੁੱਖ ਸਹਿਮ
ਘਰਾਂ ਦੀਆਂ ਕੁੰਦਰਾਂ ਚੱਟੇ
ਸੁੱਕੀਆਂ ਅੱਖਾਂ ਦੇ ਕੋਏ
ਕਿਸ ਬਾਲ ਦੀ ਲੋਰੀ ਬਣੇ
ਸਿਰਫ਼ ਧੁਖ ਰਿਹਾ ਸੂਰਜ ਜਣੇ...।
ਜਦੋਂ ਨਦੀ ਸੁੱਕਦੀ ਹੈ
ਉਦੋਂ ਸੁਪਨਿਆਂ ਦੀ ਅੱਖ 'ਚ



ਬੱਦਲ ਨਹੀਂ ਉਮਡਦੇ
ਕਿਣਮਿਣ ਦਾ ਝਓਲਾ ਨਹੀਂ ਪੈਂਦਾ
ਉਦੋਂ ਰਹਿ ਜਾਂਦਾ ਹੈ
ਨਦੀ ਦੀ ਛਾਤੀ 'ਤੇ ਚਿਪਕਿਆ
ਰੇਤ ਦਾ ਇਕ ਮੁਸਲਸਲ ਸਿਲਸਿਲਾ
ਉਦੋਂ ਹੁੰਦੀ ਹੈ ਸਿਰਫ਼
ਖ਼ੂਨ ਦੀ ਬਾਰਿਸ਼
ਮਨੁੱਖ ਸੁੰਘਦਾ ਹੈ ਸੋਚਦਾ
ਮੇਰਾ, ਤੇਰਾ ਜਾਂ ਕਿਸ ਸ਼ਖ਼ਸ ਦਾ ਖ਼ੂਨ ਹੈ
ਮਨੁੱਖ ਸੁੰਘਦਾ, ਸੋਚਦਾ
ਅਕੜਾ ਜਾਂਦਾ ਹੈ–
ਇਹ ਮੇਰਾ, ਤੇਰਾ, ਕਿਸ ਸ਼ਖ਼ਸ ਦਾ ਖ਼ੂਨ ਸੀ–
ਉਦੋਂ ਸਿਰਫ਼ ਇਤਿਹਾਸ ਦੇ ਜ਼ਾਵੀਏ ਤੋਂ
ਬੋਲਦੀ
ਸੁੱਕਦੀ
ਮਰਦੀ ਹੈ ਨਦੀ
•

# ਆਵਾਰਾ ਪਾਣੀ

ਸਮਾਨਅੰਤਰ ਕਿਨਾਰਿਆਂ ਦੇ
ਦਰਮਿਆਨ ਵਗਦਾ
ਘੁੱਗ ਵਸਦਾ
ਦਰਿਆ ਉਕਤਾ ਗਿਆ
ਦਰਿਆ ਨੇ ਸੋਚਿਆ
ਮੈਂ ਕਿਉਂ ਸੀਮਾ-ਬੱਧ ?
ਦਰਿਆ ਨੇ ਲੋਚਿਆ
ਮੈਂ ਕਿਉਂ ਨਾ ਸਾਗਰ ਬਣਾਂ ?
ਸੀਮਾ-ਮੁਕਤ ਹੋ ਜਾਵਾਂ ?
ਅਸੀਮਤਾ ਦੀ ਅੱਗ 'ਚ ਭਖਦਾ
ਆਪਣੇ ਕੰਢਿਆ ਨੂੰ ਖੋਰਦਾ
ਆਪਣੇ ਹੀ ਵਜੂਦ 'ਚ
ਵਹਾ ਕੇ ਲੈ ਗਿਆ
ਪਿੰਡਾਂ ਨੂੰ, ਸ਼ਹਿਰਾਂ ਨੂੰ
ਜੂਹਾਂ ਨੂੰ, ਬਰੂਹਾਂ ਨੂੰ।
ਦਰਿਆ ਜਿਸ ਨੇ
ਸਾਗਰ ਬਣਨਾ ਲੋਚਿਆ
ਸੀਮਾ-ਮੁਕਤ ਹੁੰਦਿਆਂ
ਹੋ ਗਿਆ ਮਹਿਜ਼ ਪਾਣੀ
ਉਸਦੀ ਗਿੱਲੀ ਅੱਖ 'ਚ
ਭਿੱਜ ਕੇ ਸਮੋ ਗਈ
ਸਾਰੀ ਹੀ ਸ੍ਰਿਸ਼ਟੀ



ਇਸ ਦਰਿਆ ਦੀ
ਉਕਤਾਹਟ 'ਚ
ਸਾਹਾਂ 'ਚ
ਰਗਾਂ 'ਚ
ਘੁਲ਼ ਗਿਆ ਸੀ
ਬੌਣ ਕੱਦ ਦਾ ਅਹਿਸਾਸ
ਛਾਂਗੇ ਹੋਏ ਰੁੱਖ ਦਾ ਕਹਿਰ
ਅਸੀਮਤਾ 'ਚ ਚਿਤਰ ਗਿਆ ਇਹ
ਰਣਭੂਮੀ ਦੇ ਖੰਡਰ

ਉਸ ਧਰਤ 'ਤੇ ਹੁਣ
ਨਾ ਵਗਦਾ ਦਰਿਆ
ਨਾ ਕਿਨਾਰੇ ਉਡੀਕਦੇ
ਕਿਸ਼ਤੀਆਂ ਦੀ ਵਾਪਸੀ
ਆਵਾਰਾ ਪਾਣੀਆਂ 'ਤੇ ਜੰਮੀ
ਧੁੰਦ 'ਚ ਲਿਪਟੀ ਹੋਈ
ਹਮ-ਨਸਲ
ਨਕਸ਼ਾਂ ਦੀ ਪਹਿਚਾਣ।

•

# ਜਲਾਵਤਨ

ਕੋਹੇ ਜਾਣ ਤੋਂ ਪਹਿਲਾਂ
ਬੱਚੇ ਦੀ ਦੈਵੀ ਮੁਸਕਾਣ
ਹਾਲੇ ਵੀ ਮੌਸਮ ਦੀ ਹਿੱਕ 'ਤੇ ਉੱਕਰੀ,
ਉਦਾਸ ਗੋਲਾਈਆਂ ਵਿਚਾਲੇ
ਹਉਕੇ ਭਰਦੀ ਰਹੇਗੀ ਸਦਾ
ਖ਼ੌਫ਼ਜ਼ਦਾ ਚੀਖ਼ਾਂ ਦੀ ਵਿਦਾਇਗੀ-
ਉਹ 'ਆਦਮ ਬੋਅ' 'ਆਦਮ ਬੋਅ' ਆਖਦੇ
ਬੰਦ ਦਰਾਂ 'ਤੇ ਆਏ
ਲਲਕਾਰੇ ਉਹ
'ਇਹ ਫੁੱਲ ਨਹੀਂ
ਜੰਮਦੀ ਸੂਲ ਹੈ
ਇਸਦਾ ਜ਼ਿਬਾਹ ਹੋਣਾ ਹੀ ਬਿਹਤਰ'
ਇਸ ਤੋਂ ਪਹਿਲਾਂ ਕਿ ਖ਼ੁਦਾ ਬਹੁੜਦਾ
ਇਨਸਾਨੀਅਤ ਦੇ ਤਮਗ਼ੇਦਾਰਾਂ ਨੂੰ ਕੁਝ ਅਹੁੜਦਾ
ਇਕ ਸਹਿਮੀ ਹੋਈ ਨੰਨ੍ਹੀ ਜਾਨ
ਸੱਤਾ ਦੇ ਕਬਰਸਤਾਨ 'ਚੋਂ ਆਈ
ਸਰੀਏ ਤੇ ਚਾਕੂਆਂ ਦੀ
ਭੀੜ 'ਚ ਗੁੰਮ ਹੋ ਗਈ

ਭੀੜ ਘਟਦੀ ਗਈ
ਭੀੜ ਹਟਦੀ ਗਈ
ਪਰਤ-ਦਰ-ਪਰਤ
ਕਬਰਾਂ 'ਚ ਦਫ਼ਨ ਹੁੰਦੀ ਗਈ



ਭੀੜ ਆਪਣੀ ਅੰਨ੍ਹੀ ਅੱਖ ਵੀ
ਸਾਡੇ ਸਵਾਹ ਹੋਏ
ਸੁਪਨ-ਘਰਾਂ 'ਚ ਛੱਡ ਗਈ
ਅਸੀਂ ਆਪਣੀ ਆਪਣੀ ਲਾਸ਼
ਹੱਥਾਂ 'ਤੇ ਚੁੱਕੀ ਭਟਕਦੇ
ਆਪਣੇ ਹੀ ਘਰਾਂ ਤੋਂ
ਦੇਸ਼ ਤੋਂ, ਜਲਾਵਤਨ।
•

# ਪੰਜਾਬ-ਤੂੰ ਫਿਰ ਜਲਾਵਤਨ

(1)
ਸੱਤ ਸਮੁੰਦਰ ਦੇ ਵਿਸਫੋਟ 'ਚ
ਪੰਘਰ ਤੁਰੇ ਪੰਜਾਬ
ਤੂੰ ਫਿਰ ਜਲਾਵਤਨ...
ਜਿੱਥੇ ਚਿਹਰੇ ਮਿਲੇ
ਇਕ ਸਦੀਵੀ ਮੁਸਕਾਣ ਤੋਂ ਵਿਰਵੇ
ਜਿੱਥੇ ਵਿਹੜੇ ਸੁਣੇ
ਪੱਥਰ ਦੇ ਗੀਤ ਗਾਉਂਦੇ
ਭੈ-ਭੀਤ ਸਫ਼ਰ
ਰੁੱਖਾਂ ਤੋਂ ਲਟਕਦੇ ਵੇਖੇ
ਖ਼ਾਮੋਸ਼ੀ ਦੀਆਂ ਟਾਪਾਂ
ਅਣਗਾਹੀਆਂ ਮੁਰਦਾ ਗਲੀਆਂ 'ਚ ਬੰਦ,
ਕਮਰਿਆਂ ਥਾਣੀਂ ਚੀਖ਼ਦੀਆਂ
ਸੱਥਾਂ ਦੇ ਤੇਵਰ ਚੜ੍ਹੇ
ਬਾਜ਼ਾਰਾਂ ਦੇ ਰੰਗ ਬਿਖਰੇ
ਜੋ ਇਸ ਦਰਿੰਦਾ ਰਾਤ 'ਚ
ਬੋਲਦੀ ਚੁੱਪ ਤੇ
ਗੋਲੀਆਂ 'ਚ ਵਿੰਨ੍ਹੇ
ਚੰਨ ਦੇ ਬਿੰਬ ਉਛਾਲੇ।

(2)
ਅਸੀਂ ਨਹੀਂ ਸੁਣੇ-ਵੇਖੇ
ਸਿਆੜਾਂ 'ਚ ਨੱਚਦੇ ਹੋਏ
ਜੱਗੇ ਦੇ ਸੁਪਨਿਆਂ ਦੇ ਬੋਲ-
ਜੋ ਖੇਤਾਂ 'ਚ ਪਸੀਨਾ ਵਹਾਏ
ਉਹ ਸੁਪਨੇ ਨਹੀਂ ਬੀਜਦਾ



ਉਹ ਬੀਜਦਾ ਹੈ ਬੀਜ
ਮੁੱਢ ਕਦੀਮ ਤੋਂ ਪਿੱਤਰਾਂ ਦਾ ਵਿਰਸਾ
ਉਸਦਾ ਗਵਾਚਦਾ ਨਹੀਂ ਉਫ਼ਕ ਕੋਈ
ਸਿਰਫ਼ ਬੀਜਾਈ ਨਾ ਫੁੱਟਣ ਦੇ ਸ਼ੰਕੇ-

ਜਦੋਂ ਉਸਦੀ ਪਿਛਲੀ ਫ਼ਸਲ ਕੁਮਲਾਈ
ਉਸਦਾ ਪਹਿਲਾ ਬੀਜ
ਕੇਸਰੀ ਰੰਗ 'ਚ ਘੁਲ਼ਿਆ
ਸੜੀਆਂ ਫ਼ਸਲਾਂ 'ਚ ਗ਼ਾਇਬ...
ਖੇਤਾਂ ਨੂੰ ਦਹਿਸ਼ਤ ਨੇ ਖਾ ਲਿਆ
ਆਦਮ ਹਰੀਆਂ ਵਰਦੀਆਂ 'ਚ
ਪਿੰਡਾਂ ਨੂੰ, ਘਰਾਂ ਨੂੰ, ਸਾਹਾਂ ਨੂੰ ਸੁੰਘਦੇ
ਪਿੰਡ-ਦਰ-ਪਿੰਡ ਹਮਲ ਗਿਰਾਉਂਦੇ-
ਬੀਜ ਚਿਰਾਂ ਤੋਂ ਦੱਬੇ ਹੋਏ
ਬੀਜਾਂ ਤੋਂ ਇਕ ਆਸ ਜਨਮੇਗੀ
ਜਾਂ ਮੱਝੀਆਂ ਦੇ ਥਣਾਂ 'ਚ ਦੁੱਧ ਚੜ੍ਹੇਗਾ
ਜਾਂ ਫੰਡਰ ਰਹਿ ਜਾਣਗੀਆਂ ਬੋਲੀਆਂ ਗਾਵਾਂ-
ਮੇਰੇ ਪਿੰਡ 'ਚ, ਇਹਨਾਂ ਪਿੰਡਾਂ 'ਚ
ਕੌਣ ਕੱਲ੍ਹ ਨੂੰ ਸਿਆਣੇ ?
ਸੋਚੇ ?
ਵੰਗਾਰੇ ?

(3)
ਜਦੋਂ ਪਿੰਡਾਂ 'ਚ
ਭਾਰੀ ਬੂਟਾਂ ਦੀ ਉੱਠਦੀ ਹੈ ਟਾਪ
ਮੁਕਾਬਲੇ ਰਚਦੀ ਹੈ ਸਿਆਸਤ
(ਝੂਠੇ ਜਾਂ ਸੱਚੇ)

ਇਕ ਬੀਜ ਗਿਰਦਾ, ਅਣ-ਫੁੱਟਿਆ
ਏਥੇ ਮੋਏ ਦੀ ਲਾਸ਼ 'ਤੇ
ਮਰਦਾਂ ਦੀਆਂ ਗਿੱਲੀਆਂ ਅੱਖਾਂ 'ਚ ਚਮਕਦੀ
ਹਿਸਾਬ ਚੁਕਤਾ ਕਰਨ ਦੀ ਲਿਸ਼ਕੋਰ
ਅਗਲੇ ਬੀਜ ਨੇ ਨਿਭਾਉਣੀ
ਮੁੱਢ ਕਦੀਮ ਤੋਂ ਪਿੱਤਰਾਂ ਦਾ ਵਿਰਸਾ
ਇਕ ਨਵੀਂ ਫ਼ਸਲ ਹੈ ਉਗਾਉਣੀ
ਆਸਾਂ ਦੀ, ਉਮੰਗਾਂ ਦੀ
ਕਿ ਫ਼ਨਾਹ ਕਰਨ ਦੀ
ਫ਼ਨਾਹ ਹੋਣ ਦੀ ?
ਖਿੱਤਜ ਦੀ ਅੱਖ 'ਚ ਅੱਖ ਪਾ
ਕੌਣ ਸੋਚਦਾ ਏਥੇ ?
ਪੱਗੜੀ ਸੰਭਾਲਣ ਤੋਂ
ਭਲਾ ਵਿਹਲ ਕਿਸ ਨੂੰ ?
ਵਿਸਫੋਟਾਂ 'ਚ ਲੋਹਾ ਲਾਖਾ ਹੋਏ
ਜੀਪਾਂ ਦੀ ਖ਼ਾਕ 'ਚ ਢਕੇ
ਸਵੈ-ਪੂਰਤੀ ਦੀ ਤਾਣੀ 'ਚ ਉਲਝਾਏ
ਐ ਪੰਜਾਬ
ਤੇਰਾ ਕਾਲਾ-ਹਾਸ਼ੀਆ-ਇਤਿਹਾਸ ਦੁਹਰਾਇਆ ਜਾ ਰਿਹਾ
ਤੂੰ ਫਿਰ ਜਲਾਵਤਨ...
•



## ਕਰਫ਼ਿਊ

ਮਰਨ ਪਹਿਰ ਦੀ
ਚੁੱਪ 'ਚ ਹੂੰਗੇ
ਇਕ ਉਣੀਂਦਾ ਸ਼ਹਿਰ-
ਵਿਸ ਘੋਲਦੀ
ਤੜਪਦੀ ਤੇ ਸਹਿਕਦੀ
ਕਰਫ਼ਿਊ 'ਚ ਲਿਪਟੀ
ਲੰਮੀ ਤੇ ਕਾਲ਼ੀ ਸੜਕ
ਮੇਰੀ ਰੀੜ੍ਹ ਦੀ ਹੱਡੀ
'ਚੋਂ ਗੁਜ਼ਰਦੀ ਹੈ
ਮੇਰੇ ਸ਼ਹਿਰ ਇਹ
ਤੇਰੀ ਹੀ ਰੀੜ੍ਹ ਦੀ ਹੱਡੀ ਹੈ
ਅੱਧ-ਵਿਚਾਲੇ ਟੁੱਟੀ
ਪੈਰਾਫ਼ਲੈਜੀਆ ਦੀ ਮਾਰੀ
ਕਰਾਹੁੰਦੀ ਹੈ ਸੜਕ।

ਕਰਫ਼ਿਊ 'ਚ ਰੀਂਘਦੇ ਸ਼ਹਿਰ
ਦੇਖ, ਤੇਰਾ ਕੱਦ
ਹਾਦਸਿਆਂ ਦੇ ਪਲਾਂ 'ਚ
ਸਰਾਪ-ਜੀਭ ਦੇ ਜੰਗਲ 'ਚ
ਪੁਲਾੜੀ ਗ਼ੁਬਾਰ 'ਚ
ਕਿਵੇਂ ਘਟਦਾ ਹੈ
ਕਰਫ਼ਿਊ ਤੋਂ ਬਾਅਦ
ਕੀ ਇਹ ਬੌਣਿਆਂ ਦਾ ਸ਼ਹਿਰ ਹੋਵੇਗਾ
ਜਾਂ ਬੌਣਿਆਂ ਦਾ ਮੁਲਖ ਹੋਵੇਗਾ।
ਹੁਣ ਗਲੀਆਂ ਦੀ ਧੜਕਣ

ਮੂਰਛਿਤ ਹੋ ਜਾਏਗੀ
ਸੰਜੀਵਨੀ ਬੂਟੀ ਦਾ ਪਹਾੜ
ਲਾਵੇ 'ਚ ਪਿਘਲ ਤੁਰੇਗਾ
ਹਰ ਗਲੀ
ਟੇਢੀ ਨਜ਼ਰ ਨਾਲ ਘੂਰਦੀ
ਮੁਹੱਲਿਆਂ 'ਚੋਂ
ਬਾਜ਼ਾਰਾਂ 'ਚੋਂ
ਗੁਜ਼ਰ ਜਾਏਗੀ
ਕਸਬਿਆਂ 'ਚੋਂ
ਨਗਰਾਂ 'ਚੋਂ
ਹਵਾ ਹੋ ਜਾਏਗੀ
ਹਰ ਗਲੀ ਹਵਾ ਹੋ ਜਾਏਗੀ
ਉਹ ਨਜ਼ਰ, ਉਹ ਗੁਲਾਬੀ ਨਜ਼ਰ
ਠਰ ਜਾਏਗਾ
ਹਰ ਸ਼ਹਿਰ, ਹਰ ਬਸ਼ਰ।

ਹੁਣ ਮਿੱਲ੍ਹਾਂ 'ਚ
ਧੂੰਏਂ ਦੇ ਵੀ ਦੋ ਰੰਗ
ਤਿੰਨ ਰੰਗ ਹੋ ਜਾਣਗੇ
ਦੋ ਰੰਗ, ਤਿੰਨ ਰੰਗ
ਸਾਡੇ ਸਾਹਾਂ ਵਿਚ ਵੀ
ਤਿ-ਰੰਗਾ ਹੈ ਘੂਕਦਾ
ਸੱਤਰੰਗਾਂ 'ਚ ਝੂਲਦਾ



ਪਰਚਮ ਕੌਣ ਫੜ੍ਹੇਗਾ!

ਕਰਫ਼ਿਊ 'ਚ ਹੂੰਗਦੇ ਸ਼ਹਿਰ
ਹੁਣ ਹਵਾ ਵੀ
ਸੁਗੰਧੀਆਂ ਦੀ ਬਾਤ ਨਹੀਂ ਪਾਏਗੀ
ਸਹਿਮ ਦੇ ਫੁੱਲਾਂ 'ਚੋਂ
ਖ਼ੁਸ਼ਬੂ ਕਿਵੇਂ ਆਏਗੀ!

ਮੇਰੇ ਸ਼ਹਿਰ ਹੂੰਗਦਾ ਰਹਿ
ਤੂੰ ਰੀਂਘਦਾ ਰਹਿ
ਕੁੱਲ ਮਿਲਾ ਕੇ
ਇਕ ਸ਼ਾਇਰ ਬਚਿਆ ਹੈ
ਜੋ ਦਿਸਹੱਦੇ ਦੀ ਸਲੀਬ 'ਤੇ ਲਟਕਦਾ
ਸੂਰਜ ਵੇਖ
ਪਗਲਾਅ ਜਾਂਦਾ ਹੈ
ਦੇਰ ਰਾਤ ਤਕ
ਹਨ੍ਹੇਰੇ 'ਚ ਚੀਖ਼ਦਾ ਹੈ
ਰਾਤ ਦਾ ਅੰਬਰ ਚੀਰਦਾ ਹੈ
ਸ਼ਹਿਰ ਤੈਨੂੰ ਚੀਖ਼
ਸੁਣਾਈ ਦਿੰਦੀ ਹੈ ਉਦੋਂ ਤਕ
ਜਦੋਂ ਤਾਈਂ ਤੇਰੀ ਅੱਖ ਨਹੀਂ ਲੱਗਦੀ...
•

## ਬੱਚੇ: ਖ਼ੂਨ: ਰੰਗ

ਮੈਨੂੰ ਪੁੱਛਦੇ ਨੇ ਮੇਰੇ ਬੱਚੇ
ਕਿਉਂ ਹਵਾ ਹੈ ਖ਼ਾਮੋਸ਼
ਪੱਤੇ ਝੜੇ ਨੇ
ਕਿਉਂ ਰੁੱਖਾਂ ਉੱਪਰ ਸੂਰਜ
ਤਾਬੜ-ਤੋੜ ਵਰ੍ਹਦੇ ਨੇ
ਕਿਉਂ ਏਨੀ ਤੇਜ਼ੀ ਨਾਲ
ਮੌਸਮ ਬਦਲਦੇ ਨੇ
ਕਿਉਂ ਏਨੀ ਤਲਖ਼ੀ ਨਾਲ
ਲੋਕ ਮਚਲਦੇ ਨੇ...

ਮੇਰੀ ਖ਼ਾਮੋਸ਼ੀ ਤੋਂ
ਮੇਰੇ ਬੱਚੇ ਚਿੜਦੇ ਨੇ
ਫੇਰ ਪੁੱਛਦੇ ਨੇ ਮੇਰੇ ਬੱਚੇ-
ਸਾਡੇ ਦਿਨਾਂ ਨੂੰ ਉਧਾਲ
ਕੌਣ ਲੈ ਗਿਆ
ਸਾਡੀ ਗਲੀਆਂ ਦੀ ਖੇਡ
ਕੌਣ ਖਾ ਗਿਆ
ਸਾਡੇ ਰੰਗਾਂ 'ਚ ਸੱਪ
ਕਿਹੜਾ ਫਿਰਿਆ
ਸਾਡੇ ਸੁਪਨਿਆਂ ਦਾ ਰੱਬ
ਕਿਸ ਨੇ ਮਾਰਿਆ...

ਜਵਾਬਾਂ ਦੀ ਚੁੱਪ ਤੋਂ
ਸਵਾਲ ਅਗਾਂਹ ਤੋਰਨ ਮੇਰੇ ਬੱਚੇ-
ਪਾਪਾ, ਕੀ ਮੌਤ ਦੀ ਬੋਲੀ
ਸਿੱਖ ਹੁੰਦੀ ਏ



ਜਾਂ ਹੁੰਦੀ ਏ ਹਿੰਦੂ
ਕੀ ਖ਼ੂਨ ਦਾ ਰੰਗ ਵੀ
ਵੱਖੋ-ਵੱਖਰਾ ਏ
ਜੇ ਖ਼ੂਨ ਦਾ ਰੰਗ ਇਕ ਹੈ
ਕਿਉਂ ਚਲਦੀ ਹੈ ਗੋਲੀ
ਕਿਉਂ ਮੱਚਦੇ ਨੇ ਲਾਂਬੂ
ਕਿਉਂ ਬਲਦੇ ਨੇ ਸ਼ਹਿਰ...

ਧੁੰਦ ਦੀ ਗਹਿਰਾਈ 'ਚੋਂ
ਸਵਾਲ ਬਣ ਉਭਰੇ ਨੇ ਮੇਰੇ ਬੱਚੇ
ਪਾਪਾ, ਸੁਣਿਐਂ ਇਸ ਸੰਸਾਰ 'ਚ
ਹੁਣ ਹੋਏਗੀ ਜੰਗ
ਕੀ ਹੁੰਦੀ ਹੈ ਜੰਗ
ਕੀ ਉਸ ਵਿਚ ਵੀ ਚਲਦੀ ਹੈ ਗੋਲੀ
ਕੀ ਹੁੰਦਾ ਹੈ ਉਸਦਾ ਰੰਗ
ਕਿਸਦੀ ਭੱਜ ਜਾਏਗੀ ਚੂੜੀ
ਕਿਸਦੀ ਟੁੱਟ ਜਾਏਗੀ ਵੰਗ
ਕੋਈ ਐਸਾ ਅੰਬਰ ਹੈ
ਜਿੱਥੇ ਲੁਕ ਬੈਠਣ
ਇਹ ਚੰਦਾ, ਇਹ ਤਾਰੇ...
ਪਾਪਾ... ਪਾਪਾ...
ਪਾਪਾ, ਤੂੰ ਚੁੱਪ ਕਿਉਂ ਹੈ ਸਾਧੀ
ਕੀ ਤੂੰ ਮੇਰਾ ਪਾਪਾ ਹੈਂ...

ਸਵਾਲ ਬਣ ਉਭਰੇ ਬੱਚੇ
ਸਹਿਮ ਦੇ ਪਰਾਂ 'ਤੇ ਉਡ ਜਾਣਗੇ
ਉਨ੍ਹਾਂ ਦੀਆਂ ਅੱਖਾਂ 'ਚ

ਉਨ੍ਹਾਂ ਦੇ ਰੜਕਦੇ ਖ਼ੁਦਾ
ਸਾਹਾਂ 'ਚ ਅਟਕ ਜਾਣਗੇ
ਸਮਿਆਂ ਦੇ ਤੱਕਲੇ 'ਤੇ ਵਟਦੇ
ਖ਼ੂਨ ਦੇ ਰੰਗ ਤੋਂ
ਆਪਣੀ ਆਪਣੀ ਅੱਖ ਚੁਰਾਣਗੇ
ਤੇ ਮੁਨਕਰ ਹੋ ਜਾਣਗੇ, ਮੇਰੇ ਬੱਚੇ–
ਬੱਚੇ: ਖ਼ੂਨ: ਰੰਗ
ਤਿੰਨ ਇਬਾਰਤਾਂ 'ਚੋਂ
ਬੱਚੇ ਹੋ ਜਾਣਗੇ ਮਨਫ਼ੀ
ਖ਼ੂਨ: ਰੰਗ ਦੇ ਖ਼ਲਾਅ 'ਚ
ਖ਼ੂਨ ਦੇ ਤਖ਼ੱਈਅਲ
ਹੋ ਜਾਣਗੇ ਮੇਰੇ ਬੱਚੇ।

•



## ਠਰੀ ਹੋਈ ਨਜ਼ਮ

(1)
ਆਕਾਸ਼ ਵਾਂਗ
ਨਜ਼ਮ
ਫੈਲ ਜਾਣਾ ਲੋਚਦੀ
ਕੂਲਾ ਮੁਲਾਇਮ ਲਾਅਨ ਬਣ
ਵਿਛ ਜਾਣਾ ਚਾਹੁੰਦੀ
ਕਰੂੰਬਲਾਂ ਵਾਂਗ ਫੁੱਟਣਾ ਚਾਹੁੰਦੀ
ਤੇ ਹਵਾ ਵਿਚ ਪੱਤੇ ਬਣ
ਸਰਸਰਾਉਣਾ ਚਾਹੁੰਦੀ
ਚਾਹੁੰਦੀ ਹੈ ਉਹ
ਬਦਾਮੀ ਨੈਣਾਂ 'ਚੋਂ ਕਿਰ
ਤੇਰੀਆਂ ਪਲਕਾਂ 'ਤੇ ਆ ਬੈਠੇ
ਚਾਹਤ ਹੈ ਉਸਨੂੰ
ਪਹਾੜਾਂ ਦੀ ਬੁਲੰਦੀ ਤਾਈਂ ਅਪੜੇ
ਸਾਗਰਾਂ 'ਚ ਮੁਕੰਮਲ
ਗ਼ੋਤਾਖ਼ੋਰ ਹੋ ਨਿਬੜੇ

(2)
ਨਜ਼ਮ
ਸੂਹੀ ਪ੍ਰਭਾਤ ਬਣ
ਆਏਗੀ ਜ਼ਰੂਰ
ਆਏਗੀ ਉਹ
ਰਾਤ ਨੂੰ ਚੀਰਦੀ ਹੋਈ
ਜਨਮ

ਇਕ ਚੀਖ਼ ਨੂੰ
ਦੇਵੇਗੀ ਉਹ,
ਉਹ ਨੀਲੀ ਛੱਤ 'ਚ ਲਟਕਦੇ
ਕਾਣਸੂਤੇ
ਬੁੱਢੜ ਮੰਜੇ 'ਤੇ
ਇਲਹਾਮ ਦੇ ਕਿੱਲ ਠੋਕੇਗੀ
ਤੇ ਪੋਸਟਰ ਬਣ
ਹਵਾ 'ਚ ਉਡੇਗੀ
ਬੁੱਢੀਆਂ ਅਸ਼ਲੀਲ ਨਾੜਾਂ 'ਚ
ਹੂਕ ਬਣ
ਜੰਮੇਗੀ ਉਹ

(3)
ਨਜ਼ਮ
ਅਖ਼ਬਾਰ ਦੀ ਸੁਰਖ਼ੀ ਵਾਂਗ
ਮੱਥੇ 'ਚ ਇੱਟ ਬਣ
ਵੱਜੇਗੀ ਨਹੀਂ
ਉਹ ਆਏਗੀ ਤਾਂ
ਖ਼ੌਫ਼ਜ਼ਦਾ ਸਵਾਰੀਆਂ 'ਤੇ
ਆਪਣਾ ਹੱਥ ਰੱਖੇਗੀ
ਸਲੀਬ ਦੇ ਲਮਹੇ
ਲਟਕੇ ਹੋਏ ਸਫ਼ਰ ਦਾ
ਮਸੀਹਾ ਬਣੇਗੀ

(4)
ਨਜ਼ਮ ਆਏਗੀ ਜਦ
ਸਾਹਾਂ 'ਚ ਘੁਲ਼ੇਗੀ



ਰਗਾਂ 'ਚ ਦੌੜੇਗੀ
ਨਬਜ਼
ਧੜਕਣ
ਹਰਕਤ
ਇਕ ਹਲਚਲ ਬਣ ਮਚੇਗੀ
ਆਫ਼ਰੇ ਹੋਏ
ਬੁਰਜ਼ੂਆ ਮੀਨਾਰਾਂ 'ਤੇ
ਬਿਜਲੀ ਬਣ ਕੜਕੇਗੀ

(5)
ਨਜ਼ਮ
ਡੁੱਬੇ ਹੋਏ ਜਹਾਜ਼ਾਂ ਨੂੰ
ਬੜਾ ਲੱਭੇਗੀ
ਥੱਕੀ ਹਾਰੀ
ਉੱਜੜੀਆਂ ਬੰਦਰਗਾਹਾਂ 'ਤੇ
ਊਂਘਦੀ ਮਿਲੇਗੀ
ਮਿਲੇਗੀ ਉਹ
ਟੁੱਟੇ ਹੋਏ ਜਹਾਜ਼ੀ ਦੇ
ਲਬਾਂ ਉੱਪਰ
ਬਾਂਝ ਦੀ ਅਪੂਰਣਤਾ ਬਣੀ
ਨਹੀਂ ਤਾਂ ਅੱਖਾਂ 'ਚ ਮਿਲੇਗੀ
ਬਰਫ਼ ਵਾਂਗ ਜੰਮੀ
ਨੀਲੇ ਪਾਣੀਆਂ ਦੀ ਪਰੀ

(6)
ਨਜ਼ਮ ਜਦ ਬਲੇਗੀ
ਚੁੱਲ੍ਹੇ ਮੂਹਰੇ ਜੁੜੇਗੀ

ਤੇਰੇ ਧੁਆਂਖੇ ਹੋਏ ਸੁਪਨੇ
ਇਕ ਵਾਰ ਫਿਰ
ਜਗਮਗਾ ਉੱਠਣਗੇ
ਜਿਉਂ ਰਾਤੀਂ ਫ਼ਲਕ 'ਚ ਤਾਰੇ
ਝਿਲਮਿਲਾ ਉੱਠਣ
ਜਗਣ
ਬੁਝਣ
ਜਗਣ ਪਰ ਨਜ਼ਮ ਸੁੰਨੀ
ਰਹੇਗੀ ਬੀਤਦੀ
ਮਾਰੂਥਲ 'ਚ ਸੁਪਨਿਤ
ਝੀਲ ਦੀ ਤਰ੍ਹਾਂ
ਰਹੇਗੀ ਦੌੜਦੀ ਸਦਾ
ਸਿਰਹਨਾਂ ਦੇ ਆਰ-ਪਾਰ
ਰੇਤ ਦੀ ਬਣ ਕੇ ਨਦੀ

(7)
ਹਾਦਸਿਆਂ ਦੇ ਪੁਲ 'ਤੇ
ਅਸੀਂ ਸ਼ਾਮਿਲ ਹਾਂ ਨਜ਼ਮ
ਆਪਣੀਆਂ ਸਥਾਪਿਤ ਪੈੜਾਂ ਤੋਂ
ਭੋਰਾ ਨਹੀਂ ਹਿੱਲਦੇ
ਹਿੱਲਣਾ ਵਿਸਥਾਪਤੀ ਹੈ
ਪੁਲ ਦੇ ਇਸ ਪਾਰ
ਪੁਲ ਦੇ ਉਸ ਪਾਰ
ਨਹੀਂ ਜੋੜਾਂਗੇ
ਤੰਦ ਟੁੱਟੀ ਹੈ ਅੱਧ-ਵਿਚਕਾਰ



ਨਜ਼ਮ
ਅਸੀਂ ਕੱਟੀ ਹੋਈ ਜੀਭ 'ਚੋਂ
ਬੋਲ ਬਣ ਉਭਰਾਂਗੇ ਨਹੀਂ
ਅਸੀਂ ਚੀਖਾਂਗੇ ਨਹੀਂ
ਕਿਸੇ ਆਦਿ-ਵਾਸੀ ਦੇ ਨੈਣਾਂ ਥਾਣੀਂ
ਉਸਦਾ ਸੁਪਨਾ ਬਣ ਕੇ
ਅਸੀਂ ਭੀਲ ਦੀ ਝੌਂਪੜੀ 'ਚ
ਉਸਦੇ ਦੀਵੇ 'ਚੋਂ
ਲੋਅ ਬਣ ਉਭਰਾਂਗੇ ਨਹੀਂ
ਅਸੀਂ ਸਥਾਪਤੀ ਹੰਢਾਉਂਦੇ
ਖ਼ੌਫ਼ਜ਼ਦਾ ਹਾਂ ਬਹੁਤ
ਦਰੋਣਾਚਾਰਯਾ ਦੇ ਮੂਕ ਸਮੱਰਥਨ 'ਚ
ਅੰਗੂਠਿਆਂ ਦਾ ਦਾਨ ਮੰਗਦੇ ਹਾਂ।

(8)
ਨਜ਼ਮ
ਸੜਕਾਂ ਤੋਂ ਡਰਦੇ
ਨਗਰ ਕੋਲ ਜਾਏਗੀ
ਜਾਏਗੀ ਉਹ
ਖੇਤਾਂ ਤੋਂ ਡਰਦੇ
ਪਿੰਡ ਕੋਲ, ਹਰੀਜਨ ਬਸਤੀਆਂ ਕੋਲ
ਬਾਲਪਣ 'ਚ ਬੁਢੇਪਾ ਹੰਢਾਉਂਦੇ
ਸਰਾਪੇ ਬੱਚਿਆਂ ਕੋਲ ਜਾਏਗੀ
ਤਿੱਤਲੀ ਬਣ ਉਡਦੀ ਰਹੇਗੀ
ਸੈਆਂ ਰੰਗਾਂ ਦੇ

ਉਨ੍ਹਾਬੀ ਸੁਪਨੇ ਉਣੇਗੀ
ਨਜ਼ਮ ਤੂੰ
ਸਹਿਮ ਦੀ ਭਾਸ਼ਾ 'ਚ ਵਿਚਰਦੀ
ਨਵੇਂ ਅਰਥਾਂ ਦੇ ਲਿਬਾਸ ਪਾਏਂਗੀ
ਤੋਤਲੇ ਬੋਲਾਂ ਨੂੰ ਮੋੜ ਲਿਆਏਂਗੀ
ਖ਼ੁਦ
ਰੂਹਾਂ 'ਤੇ ਉਕਰਿਆ
ਹਾਦਸਾ ਬਣ ਜਾਏਂਗੀ

(9)
ਨਜ਼ਮ
ਤੂੰ ਮਾਤਮੀ ਸਫ਼ਾਂ 'ਚ ਬੈਠੀ
ਕਾਲੇ ਚੋਗਿਆਂ 'ਚ ਘਿਰੀ
ਹਉਕਾ ਬਣ
ਛਾਤੀਆਂ 'ਚ ਖੁਰਦੀ ਜਾਏਂਗੀ
ਸਿੰਮਦੇ ਦੁੱਧ
ਮੋਏ ਬਾਲ
ਕਿੰਝ ਵਰਾਏਂਗੀ
ਨਜ਼ਮ
ਤੂੰ ਵਿਧਵਾ ਅੱਖਾਂ ਦੇ ਰੋਹ 'ਚ
ਅੱਗ ਦਾ ਭਬੂਕਾ ਬਣ
ਲਪਟ ਲਪਟ ਫੈਲਦੀ ਜਾਏਂਗੀ
ਸਿਰ-ਹੀਣ ਭੀੜਾਂ ਦਾ
ਸਿਰ-ਮੁਕਤ ਗਰੋਹਾਂ ਦਾ
ਪਿੱਛਾ ਕਰੇਂਗੀ
ਆਪਣੇ ਅਹਿਸਾਸਾਂ ਦੀ ਤਪਸ਼ 'ਚ
ਝੁਲਸਾ ਦਵੇਂਗੀ ਤੂੰ
ਅੰਨ੍ਹੀ ਪਰਵਾਜ਼ ਦੇ ਪਰ।



(10)
ਨਜ਼ਮ ਤੂੰ ਸੁਰਮਈ ਸ਼ਾਮ 'ਚ ਦੱਬੀ
ਔਰਤ ਦੀ ਹੂਕ ਹੈਂ ਕੋਈ
ਨਜ਼ਮ
ਤੂੰ ਜਾਹ
ਪੀੜ੍ਹੀ-ਦਰ-ਪੀੜ੍ਹੀ
ਪੁਰਾਤਨ ਖੂੰਢੇ 'ਤੇ
ਖਣਕਦੇ ਸੰਗਲਾਂ ਦੇ
ਬੇਨੂਰ ਅੰਬਰਾਂ 'ਚੋਂ
ਉਸਦਾ ਖ਼ੁਦਾ ਚੁਰਾ
ਉਸਦਾ ਚੀਰ-ਹਰਨ ਕਰ
ਇਸ ਧਰਤੀ 'ਤੇ
ਇਸ ਮਿੱਟੀ ਜਿਹਾ
ਉਸਦਾ ਰੂਪ ਬਣਾ
ਤੂੰ ਜਾਹ
ਉਸਦੀ ਆਤਮਾ ਦਾ ਪਿੰਜਰਾ ਕੱਟ ਦੇ
ਦੇਹੀ ਲਬਰੇਜ਼ ਕਰਦੇ
ਅੰਬਰਾਂ 'ਚ ਨੂਰ ਭਰਦੇ

(11)
ਨਜ਼ਮ ਅੱਜ-ਕੱਲ੍ਹ ਤੂੰ
ਇਕ-ਤਰਫ਼ਾ ਹੁਨਾਲ ਰੁੱਤੇ
ਠਰੀ ਹੋਈ ਚੀਖ਼ ਐਂ
ਤੂੰ ਰੁੱਖਾਂ ਤੋਂ
ਪੱਤਿਆਂ ਦੇ ਗਿਰਨ
ਹਵਾ ਦੇ ਵਿਰਲਾਪ ਦੀ
ਆਹਟ ਹੈ ਸੁਣ ਰਹੀ
ਤੂੰ ਸ਼ਾਮ ਦੇ ਝੁਸਮੁਸੇ 'ਚ
ਯਖ਼ ਠੰਢੇ ਪਲਾਂ 'ਚ
ਆਏਂਗੀ ਜ਼ਰੂਰ
ਹਰ ਹੀਲੇ-ਵਸੀਲੇ
ਤੂੰ ਜਨਮ ਹੈ ਲੈਣਾ
ਜਨਮ ਲੈਂਦਿਆਂ
ਤੂੰ ਪੋਲੇ ਪੈਰੀਂ
ਬੰਦ ਸਿੱਪੀ
'ਚ ਲਹਿ ਜਾਏਂਗੀ
ਜਾਂ ਬਰਫ਼ਬਾਰੀ ਦੀ ਝੰਬੀ
ਕੁਕਨੂਸ ਦੇ ਪਰਾਂ 'ਤੇ
ਉਡ ਜਾਏਂਗੀ...
•



# ਕਾਵਿ-ਸ਼ਰਧਾਂਜਲੀਆਂ ਅਤੇ ਹੋਰ ਲੇਖ

ਅੱਜ ਦੀ ਰਾਤ ਚੁਣੀ ਗਈ ਸੀ
ਰਾਤ ਭਰ ਮੈਂ ਜਸ਼ਨ ਮਨਾਇਆ
ਤੁੰਦ ਦੋਮੂੰਹੀਂ ਮੱਥਾ ਡੰਗਿਆ
ਅਰਥੀ 'ਚ ਖ਼ੁਦ ਸ਼ਾਮਿਲ ਹੋਇਆ
ਆਪਣਾ ਮਰਨਾ ਖ਼ੁਦ ਤਕਿਆ ਸੀ

**ਦਲਜੀਤ ਮੋਖਾ**



# ਦਲਜੀਤ ਮੋਖਾ ਹਾਜ਼ਿਰ ਹੋ...

**ਰਵਿੰਦਰ ਸਹਿਰਾਅ**

ਫੋਨ ਦੀ ਘੰਟੀ ਵੱਜਦੀ ਹੈ
ਕੋਈ ਸਤਾਈ ਵਰ੍ਹੇ ਪਹਿਲਾਂ ਦੀ ਗੱਲ ਹੈ
'ਨਿਊਯਾਰਕ ਤੋਂ ਦਲਜੀਤ ਮੋਖਾ ਬੋਲ ਰਿਹਾਂ
ਅਖ਼ਬਾਰ 'ਚ ਪੜ੍ਹਿਆ ਏ
ਤੁਸੀਂ ਅਮਰੀਕੀ ਕਵੀਆਂ ਦੀ ਕਿਤਾਬ ਛਾਪ ਰਹੇ ਹੋ'

'ਹਾਂ ਜੀ' ਕਹਿੰਦਾ ਹਾਂ

'ਕਿਹੋ ਜਿਹੀ ਹੋਏਗੀ ਕਵਿਤਾ ?'

'ਕੋਸ਼ਿਸ਼ ਤਾਂ ਹੈ ਕਿ ਵਧੀਆ ਈ ਹੋਏਗੀ।
ਗ਼ਦਰੀ ਬਾਬਿਆਂ ਤੋਂ ਸ਼ੁਰੂ ਕਰਾਂਗੇ।'

'ਬਸ ਏਹੋ ਪਤਾ ਕਰਨਾ ਸੀ
ਹੁਣ ਤਾਂ ਮੈਨੂੰ ਵੀ ਤੁਸੀਂ ਨਾਲ ਈ ਸਮਝੋ।'

ਕਹਿੰਦਾ ਹਾਂ–
'ਤੁਹਾਡੀ 'ਸਮੁੰਦਰੀ ਹਵਾ'[1] ਨੂੰ ਰੁਮਕਦੇ ਦੇਖਿਆ ਹੈ
ਪਰ ਜਲੰਧਰ ਪੜ੍ਹਦਿਆਂ ਵੀ ਮੇਲ ਨਹੀਂ ਹੋਇਆ।'

(ਉਹ ਬੈਂਕ ਮੈਨੇਜਰ ਸੀ ਤੇ ਉਸਦੀ ਯਾਰੀ
ਵੱਡੇ ਲੇਖਕਾਂ ਪ੍ਰੇਮ ਪ੍ਰਕਾਸ਼, ਮੀਸ਼ਾ ਤੇ ਦੀਦ
ਆਦਿ ਨਾਲ ਸੀ)

'ਇਸ ਦਾ ਹਮੇਸ਼ਾ ਹੇਰਵਾ ਰਹੇਗਾ ਮੈਨੂੰ।'

ਉਹ ਜਵਾਬ ਦਿੰਦਾ ਹੈ-
'ਕੋਈ ਨਾ, ਹੁਣ ਸਾਰੇ ਧੋਣੇ ਧੋ ਦਿਆਂਗੇ।'

ਫੇਰ ਮੇਲ-ਜੋਲ ਏਨਾ ਵਧਿਆ
ਕਿ ਉਹ ਦੋ-ਚਾਰ ਹੋਰ ਦੋਸਤਾਂ ਨਾਲ
ਮਹੀਨੇ 'ਚ ਘੱਟੋ-ਘੱਟ ਦੋ ਵੇਰ
ਬਾਲਟੀਮੋਰ ਆ ਜਾਂਦਾ
ਬੇਸਮੈਂਟ ਵਿਚ ਸਾਰਿਆਂ ਦੇ ਬਿਸਤਰ ਹੁੰਦੇ
ਦੇਰ ਰਾਤ ਤਕ ਉਹ
ਕਵਿਤਾ ਦੀਆਂ ਪਰਤਾਂ ਫਰੋਲਦਾ
ਵੱਡੇ ਲੇਖਕਾਂ ਦੀਆਂ ਛੋਟੀਆਂ ਗੱਲਾਂ ਸੁਣਾਉਂਦਾ।

ਮੈਂ ਕਿਹਾ-
'ਨਿਊਯਾਰਕ 'ਚ ਤੂੰ
ਰਣਧੀਰ ਸਿੰਘ ਤੇ ਮਾਰਕੋ ਹੋਰਾਂ ਨੂੰ ਮਿਲ
ਉਹ ਹਰ ਮਹੀਨੇ
ਸਾਹਿਤ ਦੀ ਸਭਾ ਲਗਾਉਂਦੇ ਨੇ...।'

ਉਹ ਮਿਲਿਆ
ਤੇ ਸਭਾ 'ਚ ਆਪਣੀ ਵੱਖਰੀ ਪਛਾਣ ਬਣਾ ਲਈ
ਫੇਰ ਕੁਝ ਵਰ੍ਹੇ ਉਹ ਗ਼ਾਇਬ ਹੋ ਗਿਆ
ਕਿਸੇ ਨਾਲ ਨਾ ਫੋਨ ਨਾ ਕੋਈ ਰਾਬਤਾ
ਸਭ ਨੂੰ ਫ਼ਿਕਰ ਹੋਇਆ
ਰਣਧੀਰ ਸਿੰਘ ਦਾ ਫੋਨ ਆਇਆ-
'ਯਾਰੋ ਲੱਭੋ ਉਸਨੂੰ
ਰਾਣੀ ਨਗਿੰਦਰ ਕਹਿੰਦੀ
ਕਿੱਧਰ ਗੁੰਮ ਗਿਆ ਹੈ ਉਹ



ਸਭਾ ਦੀਆਂ ਬੈਠਕਾਂ 'ਚ ਰਸ ਘੋਲਦਾ ਸੀ ਉਹ।'
***

ਕੁੜੀਆਂ ਤੇ ਕਿਤਾਬਾਂ ਨਾਲ ਮੁਹੱਬਤ ਸੀ ਉਸਦੀ
ਵੱਡੀ ਧੀ ਦਾ ਨਾਂ 'ਕਵਿਤਾ' ਰੱਖਿਆ
ਛੋਟੀ ਦਾ 'ਹਰਲੀਨ'
ਪਤਨੀ 'ਰਾਜ' ਨੂੰ ਕਹਿੰਦਾ-
'ਇਹ ਕੁੜੀਆਂ ਨਹੀਂ ਮੇਰੇ ਸ਼ੇਰ ਪੁੱਤ ਹਨ।'

ਘਰ ਦੇ ਹਰ ਕੋਨੇ ਵਿਚ ਪਈ ਕਿਤਾਬ
ਤੁਹਾਡੀ ਸੋਹਬਤ ਦੀ ਉਡੀਕ ਕਰਦੀ ਹੈ
ਤੁਹਾਨੂੰ ਧਾਅ ਕੇ ਮਿਲਦੀ ਹੈ
ਜਿਵੇਂ ਕਹਿੰਦੀ ਹੋਏ-
'ਆ ਦੋ ਪਲ ਮੇਰੇ ਕੋਲ ਬਹੁ
ਏਡੀ ਵੀ ਕਾਹਲ ਕਾਹਦੀ...'

***
ਉਹਦੇ ਸਾਹਾਂ 'ਚ ਕਵਿਤਾ ਸੀ
ਹਰ ਸਾਹ ਨਾਲ ਚੰਗੀ ਕਵਿਤਾ ਦੀ ਗੱਲ ਛੇੜਦਾ
ਚੰਗੇ ਕਵੀਆਂ ਨਾਲ ਮੋਹ ਸੀ ਉਸਨੂੰ
ਕਹਿੰਦਾ-
'ਸੁਰਿੰਦਰ ਸੋਹਲ ਦੇ ਮੇਲ ਨੇ
ਮੈਨੂੰ ਅਮੀਰ ਬਣਾ ਦਿੱਤਾ ਹੈ...'

ਦੂਰ-ਦੁਰਾਡੇ ਮੁਲਕਾਂ 'ਚ ਫੋਨ ਕਰਦਾ
ਜਾਂ ਈਮੇਲਾਂ ਭੇਜਦਾ
ਦਿੱਲੀ ਵਸਦੇ ਇਮਰੋਜ਼-ਅੰਮ੍ਰਿਤਾ ਤੇ ਨੂਰ ਦਾ
ਸਵਰਾਜਬੀਰ ਤੇ ਮੋਹਨਜੀਤ ਦਾ
ਜਲੰਧਰੀਏ ਪ੍ਰੇਮ ਪ੍ਰਕਾਸ਼ ਤੇ ਜਸਵੰਦ ਦੀਦ ਦਾ

ਅੰਬਰਸਰੀਏ ਅੰਬਰੀਸ਼ ਤੇ ਪ੍ਰਮਿੰਦਰਜੀਤ ਦਾ
ਉਹ ਗਾਹੇ-ਬਗਾਹੇ ਹਾਲ-ਹਵਾਲ ਪੁੱਛਦਾ ਰਹਿੰਦਾ
ਕੈਨੇਡਾ ਦੇ ਸਾਧੂ ਬਿਨਿੰਗ ਤੇ ਡਾ. ਸਾਧੂ ਸਿੰਘ
ਗੁਰਦੀਪ ਵਿਨੀਪੈਗ ਤੇ ਉਂਕਾਰਪ੍ਰੀਤ ਨਾਲ
ਉਹ ਘੰਟਿਆਂ ਗੱਲਾਂ ਕਰਦਾ
ਆਪਣੇ ਅੱੜਬ ਸੁਭਾਅ ਲਈ ਜਾਣਿਆ ਜਾਂਦਾ
ਲੰਡਨੀਆਂ ਅਮਰਜੀਤ ਚੰਦਨ
ਉਸਦਾ ਗੂੜ੍ਹਾ ਯਾਰ ਸੀ
ਸਵਿਟਜ਼ਰਲੈਂਡ ਵਾਲੇ ਦੇਵ ਦੀ ਕਵਿਤਾ ਦਾ
ਉਹ ਸ਼ੈਦਾਈ ਸੀ
***
ਕਿੰਨੇ ਹੀ ਲੇਖਕ ਉਸਨੂੰ ਮਿਲਣ ਆਉਂਦੇ
ਉਸਨੂੰ ਚਾਅ ਚੜ੍ਹ ਜਾਂਦਾ
ਸਭ ਨੂੰ ਘੁੰਮਾਉਂਦਾ-ਫਿਰਾਉਂਦਾ
ਖ਼ਾਸ ਕਰਕੇ ਮੋਮਾ[2]
ਫਿਰ ਕਹਿਣਾ-
'ਠਹਿਰੋ ਬਈ
ਪਹਿਲਾਂ ਕੁਝ ਖਾ ਲਈਏ ਫਿਰ ਚੱਲਾਂਗੇ ਅਗਾਂਹ...'

ਕਦੇ ਫੋਨ 'ਤੇ ਗੱਲ ਹੋਣੀ ਤਾਂ ਨੀਰੂ ਨੂੰ ਕਹਿਣਾ-
'ਸਹਿਰਾਅ ਤਾਂ ਬੜੀ ਵੇਰ ਦੇਖ ਚੁੱਕਿਆ ਹੈ ਨਿਊਯਾਰਕ
ਹੁਣ ਤੁਹਾਡੀ ਵਾਰੀ ਹੈ ਦੱਸੋ ਕਦੋਂ ਆ ਰਹੇ ਹੋ..?'
***

ਉਸ ਦਾ ਭਰਾ ਸੁਖਬੀਰ ਦੱਸਦਾ ਕਿ
ਇਕ ਵੇਰ ਉਸਦਾ ਇਕ ਦੋਸਤ ਉਸਨੂੰ
ਅੰਮ੍ਰਿਤਾ ਪ੍ਰੀਤਮ ਨੂੰ ਮਿਲਣ ਗਿਆ ਨਾਲ ਲੈ ਗਿਆ



ਉਹ ਗੱਲਾਂ ਕਰਦੇ ਰਹੇ
ਫਿਰ ਅੰਮ੍ਰਿਤਾ ਨੇ ਪੁੱਛਿਆ-
'ਤੁਹਾਡਾ ਕੀ ਨਾਂ ਹੈ?'
'ਸੁਖਬੀਰ ਮੋਖਾ।'
ਅੰਮ੍ਰਿਤਾ ਝੱਟ ਬੋਲੀ-
'ਤੂੰ ਦਲਜੀਤ ਮੋਖਾ ਨੂੰ ਜਾਣਦਾ ਏਂ?'
'ਹਾਂ ਜੀ, ਉਹ ਮੇਰਾ ਵੱਡਾ ਭਰਾ ਏ।'
ਅੰਮ੍ਰਿਤਾ ਦੀਆਂ ਅੱਖਾਂ ਵਿਚ ਚਮਕ ਸੀ
ਕਹਿੰਦਾ-
'ਮੈਨੂੰ ਬੜਾ ਚੰਗਾ ਲੱਗਿਆ।'
ਫਿਰ ਉਹ ਗੱਲ ਕਰਦਾ ਕਰਦਾ
ਸੋਚਾਂ ਵਿਚ ਗੁਆਚ ਗਿਆ...।
***

ਅਸੀਂ ਪੈਨਸਲਵੇਨੀਆ ਆ ਗਏ
ਮਿਲਣੀਆਂ ਹੋਰ ਵੀ ਵਧ ਗਈਆਂ
ਸੋਹਲ ਤੇ ਆਪਣੇ
ਦੋਹਾਂ ਦੇ ਪਰਿਵਾਰਾਂ ਸਮੇਤ ਮਿਲਦਾ
ਬੱਚਿਆਂ ਨਾਲ ਬੱਚਾ ਹੋ ਜਾਂਦਾ
ਤਾਂ ਹੀ ਤਾਂ ਉਸਦੀ ਵਿਦਾਇਗੀ ਵੇਲੇ
ਰਮਣੀਕ[3] ਦੀਆਂ ਅੱਖਾਂ ਵਗ ਰਹੀਆਂ ਸਨ।
***

ਕਵਿਤਾ ਨੂੰ ਸਮਰਪਿਤ
ਹਰ ਵੇਲੇ ਕਵਿਤਾ 'ਚ ਹਾਜ਼ਰ-ਨਾਜ਼ਰ

ਭਲਾ ਕਿਵੇਂ ਹੋ ਸਕਦਾ ਹੈ ਜ਼ਿੰਦਗੀ 'ਚੋਂ ਗ਼ੈਰ-ਹਾਜ਼ਰ
ਇਹ ਖ਼ਿਆਲ ਬੜਾ ਤੰਗ ਕਰਦਾ ਹੈ
ਤੇ ਮੈਂ ਸੋਚਦਾ ਹਾਂ
ਉਸਦੇ ਸਭ ਦੋਸਤਾਂ ਨੂੰ ਬੁਲਾ ਕੇ
ਇਕ ਕਚਹਿਰੀ ਲਗਾਵਾਂ
ਤੇ ਉਸਨੂੰ ਸੰਮਨ ਭੇਜਾਂ
ਪੇਸ਼ੀ ਭੁਗਤਣ ਆਏ, ਕਿਸੇ ਨੁੱਕਰੇ ਬੈਠੇ ਨੂੰ
ਚੀਖ਼ ਚੀਖ਼ ਕੇ ਉਚੀ ਆਵਾਜ਼ 'ਚ ਕਹਾਂ-
ਦਲਜੀਤ ਮੋਖਾ ... ਹਾਜ਼ਰ ਹੋ
ਦਲਜੀਤ ਮੋਖਾ ਹਾਜ਼ਰ ਹੋ...!

•

1. ਸਮੁੰਦਰੀ ਹਵਾ' ਮੋਖੇ ਦੀ ਕਾਵਿ-ਪੁਸਤਕ
2. ਮਿਊਜ਼ੀਅਮ ਆਫ਼ ਮਾਡਰਨ ਆਰਟ
3. ਸੁਰਿੰਦਰ ਸੋਹਲ ਦੀ ਬੇਟੀ



## ਅਰਜ਼ੋਈ

**ਰਵਿੰਦਰ ਸਹਿਰਾਅ**

ਜਾਣਨੀ ਆਂ
ਤੂੰ ਮੈਨੂੰ ਬੜਾ ਪਿਆਰਨਾ ਸੀ
ਗੋਦੀ 'ਚ ਬਿਠਾ ਕੇ
ਨਿੱਕੇ ਨਿੱਕੇ ਨਾਵਾਂ ਨਾਲ
ਪੁਕਾਰਨਾ ਸੀ
ਤੋਤਲੀਆਂ ਆਵਾਜ਼ਾਂ 'ਚ
ਪੁਚਕਾਰਨਾ ਸੀ, ਨਿਹਾਰਨਾ ਸੀ

ਪਰ ਨਾਨੂੰ
ਰੁਕ ਨਹੀਂ ਸੀ ਸਕਦਾ
ਕੁਝ ਹੋਰ ਹਫ਼ਤੇ ?

ਚੱਲ ਛੱਡ ਨਾਨੂੰ
ਗਿਲਾ ਨਹੀਂ ਸ਼ਿਕਵਾ ਨਹੀਂ
ਅਰਜ਼ੋਈ ਤਾਂ
ਅਰਜ਼ੋਈ ਹੀ ਕਰਦੀ ਹੈ।

ਮਾਂ, ਮਾਸੀ ਤੇ ਨਾਨੀ ਦੱਸਦੀ ਹੈ
ਕੁੜੀਆਂ ਤੇ ਕਵਿਤਾਵਾਂ ਨਾਲ
ਬੜਾ ਮੋਹ ਸੀ ਤੈਨੂੰ

ਉਂਝ ਜੇ ਥੋੜ੍ਹਾ ਹੋਰ ਰੁਕ ਲੈਂਦਾ...
ਰੱਜ ਕੇ ਪਿਆਰ ਕਰਦੀ
ਨਹੀਂ, ਕਰਦੀਆਂ ਹੁਣ ਵੀ
ਹਮੇਸ਼ਾ ਹੀ ਕਰਾਂਗੀ
ਬਸ ਤੇਰੀਆਂ ਯਾਦਾਂ 'ਚ ਖੋਈ ਹਾਂ
ਮੈਂ ਤੇਰੀ ਅਰਜ਼ੋਈ ਹਾਂ।

•

ਦਲਜੀਤ ਮੋਖਾ ਦੇ ਜਾਣ ਤੋਂ ਬਾਅਦ
ਜਨਮੀ ਉਸਦੀ ਦੋਹਤੀ ਅਰਜ਼ੋਈ ਦੀ
ਇਲਾਹੀ ਮਾਸੂਮੀਅਤਾ ਨੂੰ ਪਰਗਟ
ਕਰਦੇ, ਕਵੀ ਦੀ ਕਲਪਨਾ ਦੇ ਪ੍ਰਿਜ਼ਮ
ਥਾਣੀਂ ਲੰਘੇ ਜਜ਼ਬਾਤ



## ਦਲਜੀਤ ਤੁਰ ਗਿਆ ਹੈ...

**ਉਂਕਾਰਪ੍ਰੀਤ** (ਟੋਰਾਂਟੋ)

ਦਿਲ ਨਾਲ ਦਿਲ ਮਿਲਾ ਕੇ, ਦਲਜੀਤ ਤੁਰ ਗਿਆ ਹੈ।
ਏਨਾ ਕਰੀਬ ਆ ਕੇ, ਦਲਜੀਤ ਤੁਰ ਗਿਆ ਹੈ।

ਸੂਹੇ ਸੁਖ਼ਨ ਦੀ ਲਿਖ, ਪੜ੍ਹ ਤੇ ਹੌਸਲਾ ਅਫ਼ਜ਼ਾਈ,
ਸਭ ਤਹਿ ਦਿਲੋਂ ਨਿਭਾ ਕੇ, ਦਲਜੀਤ ਤੁਰ ਗਿਆ ਹੈ।

ਪੂਰਬ ਦੇ ਸਾਹਿਤ ਦਾ ਉਹ ਪੱਛਮ 'ਚ ਮੱਘਦਾ ਚਾਨਣ,
ਨਿੱਘ-ਨੂਰੇ ਪੁਲ਼ ਬਣਾ ਕੇ, ਦਲਜੀਤ ਤੁਰ ਗਿਆ ਹੈ।

ਲੋਕਾਂ ਦੇ ਮੋਖ ਦੀ ਗੱਲ, ਹਰ ਗੱਲ 'ਚ ਕਰ ਕੇ ਮੋਖਾ,
ਉਪਨਾਮ ਰੌਸ਼ਨਾ ਕੇ, ਦਲਜੀਤ ਤੁਰ ਗਿਆ ਹੈ।

ਚਿੱਟੇ ਲਹੂ ਦੇ ਲੂਹੇ, ਨਿਰਮੋਹੇ ਮੌਸਮਾਂ ਵਿਚ,
ਮੋਹ ਪਾ ਕੇ, ਲਾ ਨਿਭਾ ਕੇ, ਦਲਜੀਤ ਤੁਰ ਗਿਆ ਹੈ।

ਲਾਈ ਨਜ਼ਰ ਉਹਦੇ ਦਿਲ ਨੂੰ ਸੰਗਦਿਲਾਂ ਨੇ ਐਸੀ,
ਦਿਲ ਕੋਲੋਂ ਮਾਤ ਖਾ ਕੇ, ਦਲਜੀਤ ਤੁਰ ਗਿਆ ਹੈ।

ਲੋਕਾਂ ਦੀ ਵਕਾਲਤ ਸੀ ਲਿਖਣ-ਪੜ੍ਹਨ ਉਸਦਾ,
ਜੈ-ਲੋਕ ਦੀ ਗੂੰਜਾ ਕੇ, ਦਲਜੀਤ ਤੁਰ ਗਿਆ ਹੈ।

ਸਾਹ ਸਾਹ ਉਹਦੇ 'ਚ ਰਮਿਆ ਸੋ ਜੋਸ਼ ਅੱਗੇ ਵਧਵਾਂ,
ਜੜ੍ਹ-ਸੋਚਾਂ ਤੁਰਨ ਲਾ ਕੇ, ਦਲਜੀਤ ਤੁਰ ਗਿਆ ਹੈ।

ਦਿਲ+ਜੀਤ ਹੋ ਸਕੂ ਨਾ, 'ਦਲਜੀਤ' ਹੋਰ ਕੋਈ,
ਦਿਲਜੀਤੀਆਂ ਕਮਾ ਕੇ, ਦਲਜੀਤ ਤੁਰ ਗਿਆ ਹੈ।

ਛਪੜੀਆਂ-ਟੋਭੇ, ਝੰਬੇ ਹੁੰਮਹਾਰੇ ਮੌਸਮਾਂ ਵਿਚ,
'ਸਮੁੰਦਰੀ ਹਵਾ' ਵਗਾ ਕੇ, ਦਲਜੀਤ ਤੁਰ ਗਿਆ ਹੈ।

ਅਮਰੀਕਾ ਦੇਸ਼ ਅੰਦਰ, ਆਜ਼ਾਦੀ ਦੇ ਬੁੱਤਾਂ 'ਤੇ,
ਤਾ-ਉਮਰ ਰੂਹ ਵਰਾਅ ਕੇ, ਦਲਜੀਤ ਤੁਰ ਗਿਆ ਹੈ।

ਨਿਊਯਾਰਕੇ ਸੀ 'ਮੋਮਾ', 'ਮੋਖੇ' ਤੋਂ ਬਾਦ ਦੇ ਵਿਚ,
ਮੋਹ-ਮਿਊਜ਼ੀਅਮ ਕਹਾ ਕੇ, ਦਲਜੀਤ ਤੁਰ ਗਿਆ ਹੈ।

ਹੁਣੇ ਫੋਨ ਉਸ ਦਾ ਆਊ, ਪੁੱਛੂ - 'ਕੀ ਹਾਲ ਪਿਆਰੇ!',
ਪਿਆਰੇ ਭੁਲੇਖੇ ਪਾ ਕੇ, ਦਲਜੀਤ ਤੁਰ ਗਿਆ ਹੈ।

ਮੋਖੇ ਦੀ 'ਪ੍ਰੀਤ' ਦੇ ਵਿਚ ਕੋਈ ਨਾ ਜਿਸ ਦੀ ਥਾਂ ਸੀ,
ਉਸ ਚੁੱਪ ਨੂੰ ਗਲ਼ 'ਨਾ ਲਾ ਕੇ, ਦਲਜੀਤ ਤੁਰ ਗਿਆ ਹੈ।

•



# ਨਿੱਤਰਿਆ ਹੋਇਆ ਪਾਣੀ

**ਸਵਰਾਜਬੀਰ**

ਕਹਿੰਦੇ ਨੇ
ਦਲਜੀਤ ਮੋਖਾ ਪੂਰਾ ਹੋ ਗਿਆ

ਇਹਦੇ ਨਾਲੋਂ ਤੇ ਉਹ ਅਪੂਰਨ ਹੀ ਚੰਗਾ ਸੀ
ਸ਼ੀਸ਼ੇ ਵਾਂਗ ਲਿਸ਼ਕਦਾ
ਘੜੇ ਦੇ ਨਿੱਤਰੇ ਹੋਏ ਪਾਣੀ ਜਿਹਾ
ਨਿਊਯਾਰਕ ਦੀਆਂ ਗਲੀਆਂ ਵਿਚ
ਦੀਵਾਨਾ ਹੋਇਆ ਫਿਰਦਾ
ਲੱਭਦਾ ਦੇਸ ਦੁਆਬਾ

ਲੱਭਦਾ, ਪੁਰਾਣੇ ਸਾਥੀਆਂ ਮਿੱਤਰਾਂ ਦੇ ਬੋਲ
ਕਹਿੰਦਾ, ਵਰਕੇ ਚੇਤਿਆਂ ਦੇ ਫੋਲ
ਕੀ ਕੁਝ ਚੇਤੇ ਕਰੀਏ ਤੇਰਾ, ਮਿੱਤਰ ਪਿਆਰਿਆ

ਕੀ ਰਾਤ ਹੋ ਸਕਦੀ ਏ ਏਨੀ ਕਹਿਰਵਾਨ
ਕਿ ਜਾਣ ਵਾਲੇ ਨੂੰ ਨਾ ਦਵੇ
ਬੋਲਣ ਲਈ ਇਕ ਵੀ ਪਲ

ਬਹੁਤ ਗੱਲਾਂ ਕੀਤੀਆਂ, ਉਹਦੇ ਨਾਲ
ਬਹੁਤ ਗੱਲਾਂ ਨਾ ਕੀਤੀਆਂ ਜਾ ਸਕੀਆਂ, ਉਹਦੇ ਨਾਲ
ਉਹਦੇ ਨਾਲ, ਅਜੇ ਹੋਰ ਬਹੁਤ ਗੱਲਾਂ ਕਰਨੀਆਂ ਸਨ
ਪਾਉਣੇ ਸਨ, ਸੁਪਨਿਆਂ ਦੇ ਚੁਬਾਰੇ
ਉਹਨਾਂ ਦੀਆਂ ਨੀਂਹਾਂ ਧਰਨੀਆਂ ਸਨ

ਗੱਲਾਂ ਦਾ ਕੀ ਏ
ਪਰ ਗੱਲਾਂ ਨਾਲ ਈ ਤਾਂ ਬਣਦਾ ਏ ਨਾ ਬੰਦਾ
ਤੂੰ ਮੇਰੇ ਯਾਰਾ, ਯਾਦ ਆਉਣਾ ਏ ਬਹੁਤ
ਸਾਨੂੰ ਰੁਆਉਣਾ ਏ ਬਹੁਤ
ਪਰ ਅਸੀਂ ਰੋਣਾ ਨਹੀਂ
ਅਸੀਂ ਤੈਨੂੰ ਯਾਦ ਕਰਨਾ ਏ
ਤੇ ਯਾਦ ਰੱਖਣੀ ਏ
ਨਿੱਤਰੇ ਹੋਏ ਪਾਣੀ ਜਿਹੀ, ਤੇਰੀ ਮੁਸਕਾਨ
•



# ਈਮੇਲਾਂ 'ਚ ਗਵਾਚੀ ਕਵਿਤਾ: ਦਲਜੀਤ ਮੋਖਾ

**ਸੁਰਿੰਦਰ ਸੋਹਲ**

ਦਲਜੀਤ ਮੋਖਾ ਦਾ ਪ੍ਰੋਗਰਾਮ ਨਿਸ਼ਚਿਤ ਹੁੰਦਾ,'ਜਨਾਬ ਤੁਸੀਂ ਮੇਰੇ ਕੋਲ ਨੌਂ ਵਜੇ ਪਹੁੰਚੋਗੇ। ਬਰੇਕ-ਫ਼ਾਸਟ ਕਰਕੇ ਆਪਾਂ ਕਾਰ ਕਿਊ ਗਾਰਡਨ ਸਬਵੇਅ 'ਤੇ ਲਾਵਾਂਗੇ। ਟਰੇਨ ਲੈ ਕੇ ਸਾਢੇ ਦਸ ਵਜੇ ਤੱਕ ਮੈਨਹਾਟਨ। ਪਹਿਲਾਂ ਮੋਮਾ ਦੇਖਾਂਗੇ। ਤਿੰਨ ਵਜੇ 'ਬੰਬੇ ਪੈਲੇਸ' ਵਿਚ ਲੰਚ ਕਰਾਂਗੇ। ਥੋੜ੍ਹਾ ਜਿਹਾ ਸੈਂਟਰਲ ਪਾਰਕ ਵਿਚ ਘੁੰਮਾਂਗੇ। ਫਿਰ 'ਗਰਾਊਂਡ ਜ਼ੀਰੋ' ਦਾ ਗੇੜਾ ਲਾ ਕੇ ਵਾਪਸੀ।'

ਘਰੋਂ ਤੁਰਦਾ ਮੈਂ ਲੇਟ ਹੋ ਜਾਂਦਾ। ਉਸ ਦੇ ਘਰ ਤੱਕ ਪਹੁੰਚਣ ਲਈ ਵੀਹ ਮਿੰਟ ਲੱਗਦੇ। ਏਨੇ ਚਿਰ ਵਿਚ ਉਸ ਦਾ ਤਿੰਨ ਵਾਰ ਫੋਨ ਆ ਜਾਂਦਾ।

ਅੰਦਰ ਵੜਨ ਸਾਰ ਹੀ ਮੇਥੀ ਦੀ ਮਹਿਕ ਦੇ ਨਾਲ ਨਾਲ ਚਾਅ ਦੀ ਖ਼ੁਸ਼ਬੂ ਫੈਲੀ ਹੋਈ ਹੁੰਦੀ। ਟੇਬਲ 'ਤੇ ਨਾਸ਼ਤਾ ਜ਼ਾਇਕੇ ਦੀ ਭਾਸ਼ਾ ਵਿਚ ਆਵਾਜ਼ਾਂ ਮਾਰ ਰਿਹਾ ਹੁੰਦਾ। ਉਹ ਪਲੇਟਾਂ ਸਜਾਉਂਦਾ। ਮਾਈਕ੍ਰੋਵੇਵ 'ਚੋਂ ਭਾਫ਼ਾਂ ਛੱਡਦੇ ਕਬਾਬ ਪਲੇਟਾਂ ਵਿਚ ਸਲੀਕੇ ਨਾਲ ਰੱਖਦਾ ਦੱਸਣ ਲੱਗਦਾ,'ਜਨਾਬ ਕਰਾਚੀ ਦਾ ਫ਼ਲੇਵਰ ਐ। ਜੈਕਸਨ ਹਾਈਟਸ ਵਿਚ ਕਬਾਬਿਸ਼ ਰੈਸਟੋਰੈਂਟ ਵਾਲੇ ਬਣਾਉਂਦੇ ਐ। ਇਹੋ ਜਿਹਾ ਟੇਸਟ ਤੁਹਾਨੂੰ ਅਮਰੀਕਾ ਵਿਚ ਕਿਤੇ ਨਹੀਂ ਮਿਲ ਸਕਦਾ। ਜਾਂ ਜੈਕਸਨ ਹਾਈਟਸ ਵਿਚ ਜਾਂ ਕਰਾਚੀ ਵਿਚ ਈ ਮਿਲੂ।' ਉਹ ਏਨੇ ਆਤਮ-ਵਿਸ਼ਵਾਸ ਨਾਲ ਆਖਦਾ, ਜਿਵੇਂ ਕਰਾਚੀ ਹੋ ਕੇ ਆਇਆ ਹੋਵੇ। ਫਿਰ ਰੁਕਦਾ। ਗੱਲ ਦੀ ਲੜੀ ਜੋੜਨ ਲੱਗਦਾ,'ਜਦੋਂ ਮੈਂ ਬੈਂਕ ਵਿਚ ਮੈਨੇਜਰ ਸੀ, ਲੋਕਾਂ ਨੇ ਆਉਣਾ, ਕਹਿਣਾ-ਮਨੇਜਰ ਸਾਬ੍ਹ, ਲੋਅਨ ਮਨਜ਼ੂਰ ਕਰਾ ਦਿਉ। ਕਬਾਬ, ਸ਼ਰਾਬ ਤੇ... ਜੋ ਕਹੋਂਗੇ ਹਾਜ਼ਰ ਕਰ ਦਿਆਂਗੇ।'

ਰਸੋਈ ਵਿਚੋਂ ਰਾਜ ਭਾਬੀ ਦੀ ਝਿਜਕਦੀ ਹੋਈ ਆਵਾਜ਼ ਆਉਂਦੀ,'ਜੀਜੀ, ਬੱਸ ਕਰਿਆ ਕਰੋ। ਕਿੰਨੀ ਵਾਰ ਦੱਸਣੀ ਐਂ ਇਹ ਗੱਲ।'

'ਇਨ੍ਹਾਂ ਨੂੰ ਤਾਂ ਪਹਿਲੀ ਵਾਰ ਹੀ ਦੱਸ ਰਿਹਾਂ।' ਉਹ ਹੱਸਦਾ। ਉਸਦੇ ਚਿਹਰੇ 'ਤੇ ਗੰਦਲੇ ਪਾਣੀ ਵਿਚ ਖਿੜੇ ਨਿਰਾਲਮ ਕੰਵਲ ਵਰਗੀ ਭਾਅ ਹੁੰਦੀ।

ਮੇਰੀ ਵਜ੍ਹਾ ਕਰਕੇ ਅਸੀਂ ਹਰ ਵਾਰ ਮੈਨਹਾਟਨ ਲੇਟ ਹੀ ਪਹੁੰਚਦੇ ਸਾਂ।

ਮੈਂ ਫੋਨ ਕਰਦਾ ਤਾਂ ਆਖਦਾ,'ਜਨਾਬ ਦਾਲ ਨੂੰ ਤੁੜਕਾ ਲਾ ਦਿੱਤੈ। ਸਬਜ਼ੀ ਬਣ ਗਈ ਐ। ਕੜ੍ਹੀ ਫ਼ਿੱਸ਼ ਦੀ ਰੈਸਪੀ ਮਿਲੀ ਸੀ, ਉਹ ਬਣਾ ਲਈ ਐ। ਕਪੜੇ ਪਰੈੱਸ ਕਰ ਰਿਹਾਂ। ਅਜੇ ਰਾਜ ਨੂੰ ਕੰਮ ਤੋਂ ਚੁੱਕਣ ਜਾਣਾਂ। ਅਗਲੇ ਵੀਕ ਸ਼ੀਨੂੰ (ਉਸਦੀ ਬੇਟੀ) ਕੋਲ ਜਾਣਾ ਕੈਲੇਫ਼ੋਰਨੀਆ। ਸਾਮਾਨ ਪੈਕ ਕਰਦੇ ਸੈਟਰਡੇਅ ਲੰਘ ਜਾਣਾ। ਇੰਦਰਜੀਤ ਦੇ ਮੁੰਡੇ ਦਾ ਵਿਆਹ ਹੋਇਆ ਅਜੇ ਘਰ ਬੁਲਾ ਨਹੀਂ ਹੋਇਆ। ਜੁਨੀਸ਼ (ਮੇਰਾ ਮੁੰਡਾ)

ਵਾਸਤੇ ਨੈਓਮੀ ਕਲੇਨ ਦੀ 'ਦਾ ਸ਼ੌਕ ਡੌਕਟਰਨ' ਆਰਡਰ ਕਰਨੀ ਐਂ। ਉਂਕਾਰਪ੍ਰੀਤ ਨੇ ਨਵੀਂ ਨਜ਼ਮ ਭੇਜੀ ਐ। ਉਹਦੀ ਅਜੇ ਚੀਰ-ਫਾੜ ਕਰਨੀ ਐਂ। ਅੱਛੀ ਐ ਨਜ਼ਮ, ਪਰ ਮੈਟਾਫ਼ਰ ਸਹੀ ਨਹੀਂ ਵਰਤ ਹੋਇਆ।' ਉਹ ਪ੍ਰੋਗਰਾਮ ਦੀ ਪੂਰੀ ਤਫ਼ਸੀਲ ਬਿਆਨ ਕਰਦਾ।

ਜਦੋਂ ਵੀ ਕੋਈ ਲੇਖਕ-ਮਿੱਤਰ ਆਇਆ ਹੁੰਦਾ ਦਲਜੀਤ ਮੋਖਾ ਨੂੰ ਚਾਅ ਚੜ੍ਹ ਜਾਂਦਾ। ਉਹ ਬੈਂਕ ਵਿਚ ਅਫ਼ਸਰ ਸੀ। ਬੈਂਕ ਦਾ ਕਾਰੋਬਾਰ ਦੁਨੀਆ ਭਰ ਨਾਲ ਸੀ। ਈਮੇਲਾਂ-ਫੋਨਾਂ ਦੇ ਚੱਕਰਵਿਊ ਵਿਚ ਫਸਿਆ ਉਹ ਬੇਬਸ ਅਭਿਮਨਿਊ ਵਰਗਾ ਲੱਗਦਾ। ਪਰ ਈਮੇਲਾਂ-ਫੋਨਾਂ ਦੇ ਜੰਜਾਲ ਵਿਚੋਂ ਵਕਤ ਚੋਰੀ ਕਰਨ ਦੀ ਜਾਚ ਉਸ ਨੂੰ ਸੀ। ਜਿਵੇਂ ਪ੍ਰੋਮੀਥੀਅਸ ਸ਼ਕਤੀਸ਼ਾਲੀ ਦੇਵਤਿਆਂ ਕੋਲੋਂ ਅੱਗ ਚੁਰਾ ਲਿਆਉਣ ਜੁਗਤ ਜਾਣਦਾ ਸੀ।

ਮੈਂ ਆਖਦਾ,'ਅੱਧਾ ਸੁਆਦ ਤਾਂ ਦਲਜੀਤ ਦਾ ਪ੍ਰੋਗਰਾਮ ਸੁਣ ਕੇ ਆ ਜਾਂਦਾ ਹੈ।'

ਜਦੋਂ ਡਾ. ਜਸਵਿੰਦਰ ਸਿੰਘ ਅਤੇ ਧਨਵੰਤ ਕੌਰ ਨਾਲ 'ਸਟੈਚੂ ਆਫ਼ ਲਿਬਰਟੀ' ਦੇਖ ਕੇ ਅਸੀਂ ਵਾਪਸ ਮੋਖੇ ਨੂੰ ਡਾਊਨ-ਟਾਊਨ ਵਿਚ ਮਿਲੇ ਤਾਂ ਉਹ ਬੇਸਬਰੀ ਨਾਲ ਸਾਡੀ ਉਡੀਕ ਕਰ ਰਿਹਾ ਸੀ। ਸਾਡੇ ਲੇਟ ਹੋਣ ਦਾ ਸ਼ਿਕਵਾ ਕਰਨ ਦੀ ਥਾਂ ਬੋਲਿਆ,'ਜਨਾਬ ਚਲੋ ਅੱਜ ਕੁਝ ਵੱਖਰੀ ਤਰ੍ਹਾਂ ਦਾ ਖਾਂਦੇ ਹਾਂ।'

ਮੇਰੇ ਵਾਸਤੇ ਖ਼ਰੀਦਿਆ 'ਕਲੱਬ ਸੈਂਡਵਿਚ' ਏਨਾ ਸੁਆਦੀ ਨਿਕਲਿਆ ਕਿ ਮੈਨੂੰ ਕਹਿਣਾ ਪਿਆ,'ਮੋਖਾ ਜੀ, ਮੇਰੀ ਯਾਦਦਾਸ਼ਤ ਐ ਕਮਜ਼ੋਰ। ਅੱਗੇ ਤੋਂ ਆਪਾਂ ਇਥੇ ਆਏ ਤਾਂ ਇਹ ਆਈਟਮ ਯਾਦ ਰੱਖਣਾ।'

'ਛੋਟੇ ਦਿਲ 'ਤੇ ਲਿਖ ਲਿਆ ਤੇਰਾ ਆਡਰ,' ਅਤੇ ਫਿਰ ਬੜੀ ਬੇਬਾਕੀ ਨਾਲ ਬੋਲਿਆ,'ਡਾ. ਸਾਹਿਬ ਕੱਲ੍ਹ ਮੀਟਿੰਗ ਵਿਚ ਤੁਸੀਂ ਵੀ ਬਹੁਤ ਵਧੀਆ ਬੋਲੇ, ਪਰ ਮੈਡਮ ਜੀ ਤੁਸੀਂ ਤਾਂ ਡਾਕਟਰ ਸਾਹਿਬ ਨੂੰ ਵੀ ਮਾਤ ਦੇ ਗਏ।'

ਉਸਨੂੰ ਕੋਈ ਫ਼ਰਕ ਨਹੀਂ ਸੀ ਪੈਂਦਾ ਕਿ ਉਹ ਮੁਕਾਬਲਾ ਕਰ ਰਿਹਾ ਹੈ। ਉਸ ਦੇ ਦਿਲ ਵਿਚ ਜੋ ਆਉਂਦੀ ਝੱਟ ਆਖ ਦਿੰਦਾ।

ਇਕ ਵਾਰ ਕੁਝ ਦੋਸਤ ਬੈਠੇ ਸਨ। ਮੋਖੇ ਨੇ ਇਕ ਪੁਰਾਣੇ ਵਾਕਿਫ਼ ਨੂੰ ਕਈ ਸਾਲਾਂ ਬਾਦ ਮਿਲਣਾ ਸੀ। ਇਕ ਸਾਂਵਲੇ ਰੰਗ ਦਾ ਬੰਦਾ ਆਇਆ ਤਾਂ ਮੋਖੇ ਨੇ ਪੁੱਛਿਆ,'ਬਲਜਿੰਦਰ ?'

ਨਾਲ ਬੈਠੇ ਮੋਖੇ ਦੇ ਸਾਲਾ ਸਾਹਿਬ ਨੇ ਦੱਸਿਆ,'ਬਲਜਿੰਦਰ ਨਹੀਂ ਇਹ ਮਨਜਿੰਦਰ ਹੈ।'

ਮਨਜਿੰਦਰ ਵੀ ਕੋਲ ਬੈਠ ਗਿਆ।

ਏਨੇ ਨੂੰ ਇਕ ਬੰਦਾ ਆਇਆ ਤਾਂ ਉਸ ਵੱਲ ਦੇਖ ਕੇ ਸਾਲਾ ਸਾਹਿਬ ਨੇ ਦੱਸਿਆ,'ਔਹ



ਬਲਜਿੰਦਰ ਆ ਗਿਆ।'

ਬਲਜਿੰਦਰ ਨੂੰ ਮਿਲਦਾ ਮੋਖਾ ਬੋਲਿਆ,'ਯਾਰ ਮੈਂ ਤਾਂ ਅੱਗੇ ਸੋਚਾਂ, ਬਲਜਿੰਦਰ ਏਨਾ ਕਾਲ਼ਾ ਕਿੱਦਾਂ ਹੋ ਗਿਆ।' ਤੇ ਸਾਂਵਲੇ ਰੰਗ ਦਾ ਮਨਜਿੰਦਰ ਨੀਵੀਂ ਪਾਈ ਬੈਠਾ ਰਿਹਾ।

ਵੀਕ-ਐਂਡ 'ਤੇ ਦੁਪਹਿਰ ਵੇਲੇ ਫੋਨ ਆਉਂਦਾ,'ਕਿੱਥੇ ਓ ?'

'ਮੈਂ ਤਾਂ ਨਿਕਲ ਗਿਆਂ ਕੰਮ 'ਤੇ।'

'ਜਾਓ ਜਨਾਬ ਅਸੀਂ ਤੈਨੂੰ ਮਿਲਣ ਆ ਵੀ ਨਹੀਂ ਰਹੇ। ਅਸੀਂ ਬੀਬੀ ਨੂੰ ਮਿਲਣ ਚੱਲੇ ਆਂ। ਬੀਬੀ ਨੂੰ ਮਿਲ ਕੇ ਲੱਗਦੈ ਸੱਠ ਸਾਲ ਪੁਰਾਣੇ ਪਿੰਡ ਨੂੰ ਮਿਲ ਰਹੇ ਆਂ।'

ਮੌਲਾਨਾ ਰੂਮੀ ਨੇ ਆਪਣੀ ਮਸਨਵੀ ਵਿਚ ਕਿਹਾ ਹੈ-ਬਹਾਰ ਰੁੱਖਾਂ ਦੀ ਦੋਸਤ ਹੁੰਦੀ ਹੈ। ਜਦੋਂ ਬਹਾਰ ਰੁੱਖਾਂ ਨੂੰ ਮਿਲਦੀ ਹੈ ਤਾਂ ਰੁੱਖਾਂ ਨੂੰ ਏਨੀ ਖ਼ੁਸ਼ੀ ਹੁੰਦੀ ਹੈ ਕਿ ਉਹ ਖ਼ੁਸ਼ੀ ਵਿਚ ਹੀ ਖਿੜ ਜਾਂਦੇ ਹਨ, ਰੰਗੀਲੀ ਤੇ ਮਹਿਕੀਲੇ ਫੁੱਲਾਂ ਨਾਲ ਭਰ ਜਾਂਦੇ ਹਨ। ਦਲਜੀਤ ਮੋਖਾ ਦੀ ਦੋਸਤੀ ਸੱਚਮੁੱਚ ਬਹਾਰ ਵਰਗੀ ਸੀ। ਉਸਨੂੰ ਮਿਲ ਕੇ ਕਵਿਤਾ ਦੇ, ਪ੍ਰੇਰਣਾ ਦੇ, ਤਾਜ਼ਾ ਖ਼ਿਆਲਾਂ ਦੇ ਫੁੱਲ ਖਿੜ ਜਾਂਦੇ ਸਨ।

ਦਲਜੀਤ ਮੋਖਾ ਨੇ ਸਮੁੰਦਰੀ ਹਵਾ ਵਰਗਾ ਸਿੱਲ੍ਹਾ ਸਿੱਲ੍ਹਾ ਹਾਉਕਾ ਲੈ ਕੇ ਆਖਿਆ,'ਕਈ ਮਹੀਨਿਆਂ ਬਾਅਦ ਅੱਜ ਕਵਿਤਾ ਆਈ ਸੀ। ਓਸੇ ਵੇਲੇ ਚਾਈਨਾ ਤੋਂ ਬੜੀ ਜ਼ਰੂਰੀ ਈਮੇਲ ਆ ਗਈ। ਸੋਚਿਆ, ਜਵਾਬ ਦੇ ਕੇ ਫਿਰ ਕਵਿਤਾ ਲਿਖਦਾਂ। ਬਸ ਈਮੇਲ ਕਰਦੇ ਕਰਦੇ ਈ ਕਿਤੇ ਗੁਆਚ ਗਈ।'

ਉਸਦੀ ਆਵਾਜ਼ ਵਿਚ ਗੁਆਚੀ ਕਵਿਤਾ ਦਾ ਹੇਰਵਾ ਏਨੇ ਗੂੜ੍ਹੇ ਰੰਗ ਦਾ ਹੁੰਦਾ ਕਿ ਫੋਨ ਦੀਆਂ ਤਾਰਾਂ 'ਚੋਂ ਖਿਸਕਦਾ ਮੇਰੇ ਦਿਮਾਗ਼ ਵਿਚ 'ਮਿਊਜ਼ੀਅਮ ਆਫ਼ ਮਾਡਰਨ ਆਰਟਸ' ਦੀ ਕਿਸੇ ਆਧੁਨਿਕ ਸੁਭਾਅ ਦੀ ਪੇਂਟਿੰਗ ਵਾਂਗ ਆਪਣੇ ਅਕਸ ਬਣਾਉਣ ਲੱਗ ਪੈਂਦਾ।

ਇਕ ਦਿਨ ਉਸ ਦਾ ਫੋਨ ਆਇਆ, ਆਵਾਜ਼ ਬਹਾਰ ਦੇ ਫੁੱਲਾਂ ਵਾਂਗ ਖਿੜੀ ਹੋਈ। ਉਸਦੀ ਸੁਰ ਪੰਛੀਆਂ ਦੇ ਸੰਗੀਤ ਵਰਗੀ,'ਕੱਲ੍ਹ ਮੈਂ ਤੇਰੇ ਘਰ ਆ ਰਿਹਾਂ। ਦੋ ਸਾਲ ਪਹਿਲਾਂ ਲਿਖੀ ਕਵਿਤਾ ਫਾਈਨਲ ਕਰ ਲਈ ਹੈ। ਤੇਰੇ ਕੋਲ ਬੈਠ ਕੇ ਤੇਰੇ ਕੰਪਿਊਟਰ 'ਤੇ ਟਾਈਪ ਕਰਵਾਵਾਂਗਾ। ਜਨਾਬ ਬਹੁਤ ਨਿੱਖਰੀ ਹੈ ਕਵਿਤਾ। ਜਿੱਥੇ ਕਿਤੇ ਵੀ ਮੈਨੂੰ ਮੇਰੀ ਦਖ਼ਲ-ਅੰਦਾਜ਼ੀ ਦਿਸੀ ਐ, ਸਭ ਲਾਈਨਾ ਕੱਟ ਦਿੱਤੀਆਂ ਨੇ। ਸਾਡੇ ਕਵੀਆਂ ਦਾ ਦੁਖਾਂਤ ਐ, ਉਹ ਮਿਹਨਤ ਨਈਂ ਕਰਦੇ। ਇਕ ਨਵੀਂ ਕਵਿਤਾ ਵੀ ਲੈ ਕੇ ਆ ਰਿਹਾਂ। ਇਕ ਸ਼ਬਦ ਕੁਝ ਅੱਖਰਦਾ ਹੈ, ਉਸਦੀ ਜਗ੍ਹਾ ਕੋਈ ਠੇਠ ਤੇ ਢੁੱਕਵਾਂ ਸ਼ਬਦ ਲੱਭਾਂਗੇ।'

ਉਹ ਕੈਨੇਡਾ ਜਾ ਕੇ ਨਵਤੇਜ ਭਾਰਤੀ ਹੋਰਾਂ ਨੂੰ ਮਿਲ ਕੇ ਆਇਆ। ਉਸ ਦੀ ਆਵਾਜ਼ ਦਾ ਰੰਗ ਹੀ ਹੋਰ ਸੀ,'ਯਾਰ ਮੈਂ ਤਿੰਨ ਕਵਿਤਾਵਾਂ ਪੜ੍ਹੀਆਂ। ਭਾਰਤੀ ਸਾਹਿਬ ਤੇ ਸੁਖਪਾਲ ਨੇ ਏਨੀ ਬਾਰੀਕੀ ਨਾਲ ਕਵਿਤਾਵਾਂ ਸੁਣੀਆਂ ਤੇ ਜਨਾਬ ਜਿਹੜੇ ਸੁਝਾਅ

ਦਿੱਤੇ, ਏਨਾ ਤਾਂ ਮੈਂ ਅੱਧੀ ਸਦੀ ਵਿਚ ਨਹੀਂ ਸਿੱਖਿਆ ਜਿੰਨਾਂ ਦੋ ਦਿਨਾਂ ਵਿਚ ਸਿੱਖ ਆਇਆਂ।'

ਲੋਕ ਆਪਣੀ ਕਵਿਤਾ ਦੀ ਆਲੋਚਨਾ ਸੁਣ ਕੇ ਦੁਖੀ ਹੁੰਦੇ ਨੇ, ਉਹ ਉਸ ਗੁਲਾਬ ਵਾਂਗ ਖਿੜ ਜਾਂਦਾ ਜਿਸ ਨੂੰ ਬਹੁਤ ਹੀ ਜਾਨਦਾਰ ਖਾਦ, ਮਾਫ਼ਕ ਜ਼ਮੀਨ ਅਤੇ ਜੀਵੰਤ ਪੌਣ-ਪਾਣੀ ਨਸੀਬ ਹੋ ਗਿਆ ਹੋਵੇ।

ਕਿਸੇ ਅਨਜਬੀ ਨਾਲ ਕੀਤੀ ਪੰਜ ਮਿੰਟ ਦੀ ਗੱਲਬਾਤ ਵਿਚ ਉਹ ਆਪਣੇ ਬਾਰੇ ਜਾਣਕਾਰੀ ਦੇ ਜਾਂਦਾ ਸੀ-ਉਸ ਦੀ ਦੋਸਤੀ ਪ੍ਰੇਮ ਪ੍ਰਕਾਸ਼, ਜਸਵੰਤ ਦੀਦ ਅਤੇ ਚਿੱਤਰਕਾਰ ਸੁਰਜੀਤ ਕੌਰ ਨਾਲ ਰਹੀ ਸੀ। ਉਸਦੀਆਂ ਦੋਸਤ ਕੁਝ 'ਗੋਰੀਆਂ ਕੁੜੀਆਂ' ਹਨ। ਅਮਰੀਕਾ ਵਿਚ ਉਸ ਨੇ ਇਕ ਯਹੂਦੀ ਜੋੜੇ ਨੂੰ ਮਾਂ-ਬਾਪ ਬਣਾਇਆ ਸੀ। ਉਹ ਐਮ. ਏ. ਇੰਗਲਿਸ਼ ਸੀ। ਉਸਦੀਆਂ ਦੋ ਬੇਟੀਆਂ ਹਨ। ਇਕ ਕੈਲੇਫੋਰਨੀਆ ਇਕ ਸਪੇਨ ਵਿਚ। ਸਮਾਜੀ ਮਿਲਵਰਤਣ ਦਾ ਫ਼ੈਸਲਾ ਉਹ ਪਤਨੀ ਰਾਜ ਨੂੰ ਪੁੱਛ ਕੇ ਕਰਦਾ ਸੀ। ਟੀ ਐਸ ਈਲੀਅਟ ਉਸਦਾ ਪਸੰਦੀਦਾ ਲੇਖਕ ਸੀ। ਕਾਮਰੇਡੀ ਮਾਹੌਲ ਵਿਚ ਉਸਦੀ ਸੋਚ ਪ੍ਰਫੁੱਲਤ ਹੋਣ ਦੇ ਬਾਵਜੂਦ ਹੁਣ ਉਹ ਜੜ੍ਹ ਹੋ ਗਈ ਕਾਮਰੇਡੀ ਸੋਚ ਤੋਂ ਦੁੱਖੀ ਸੀ।

'ਅਲਬੇਰੀਆ ਕਾਮੂ ਸਾਰਾ ਪੜ੍ਹ ਲਿਆ। ਅੱਜ ਮੈਂ ਲੋਰਕਾ ਪੜ੍ਹਨਾ ਸ਼ੁਰੂ ਕਰ ਦਿੱਤੈ। ਜਨਾਬ ਹੁਣ ਮੈਂ ਫੈਸਲਾ ਕੀਤੈ, ਜਿਹੜੇ ਲੇਖਕ ਨੂੰ ਪੜ੍ਹਨਾ ਪੂਰਾ ਪੜ੍ਹਨਾ।'

ਉਹ ਫ਼ੇਸ-ਬੁੱਕ ਦਾ ਸਖ਼ਤ ਵਿਰੋਧੀ ਸੀ ਪਰ ਉਸਦਾ ਆਪਣਾ ਸੁਭਾਅ ਫ਼ੇਸ-ਬੁੱਕ ਵਰਗਾ ਸੀ। ਉਹ ਕੀ ਪੜ੍ਹ ਰਿਹਾ ਹੈ, ਕਿਸ ਨੂੰ ਮਿਲਣ ਜਾ ਰਿਹਾ ਹੈ, ਕਿੱਥੇ ਜਾ ਰਿਹਾ ਹੈ, ਉਸ ਕੋਲ ਕੌਣ ਆ ਰਿਹਾ ਹੈ, ਉਸ ਨੂੰ ਲੈ ਕੇ ਉਹ ਕਿੱਥੇ ਕਿੱਥੇ ਘੁੰਮੇਗਾ, ਉਸਦੀ ਰਿਸ਼ਤੇਦਾਰੀ ਵਿਚ ਕੀ ਵਾਪਰ ਰਿਹਾ ਹੈ ਨਾਲੋ ਨਾਲ ਫੋਨ ਕਰਕੇ 'ਅੱਪ ਲੋਡ' ਕਰਦਾ ਰਹਿੰਦਾ।

ਗ਼ਜ਼ਲ ਵਿਚ ਜਗਤਾਰ ਅਤੇ ਕਵਿਤਾ ਵਿਚ ਨਵਤੇਜ ਭਾਰਤੀ ਉਸਦੀ ਗੱਲਬਾਤ ਵਿਚ ਹਾਜ਼ਰ ਰਹਿੰਦੇ। ਗੁਰੂ ਨਾਨਕ ਦੇਵ, ਬਾਬਾ ਬੁੱਲ੍ਹੇ ਸ਼ਾਹ ਅਤੇ ਗ਼ਾਲਿਬ ਉਸਦੀ ਨਜ਼ਰ ਵਿਚ ਹਿੰਦੋਸਤਾਨ ਦੇ ਬਹੁਤ ਵੱਡੇ ਕਵੀ ਸਨ।

ਉਸ ਨਾਲ ਮੈਂ 'ਮਿਊਜ਼ੀਅਮ ਆਫ਼ ਮਾਡਰਨ ਆਰਟਸ' (ਮੋਮਾ) ਏਨੀ ਵਾਰ ਦੇਖਿਆ ਕਿ ਅਸੀਂ ਲਤੀਫ਼ਾ ਹੀ ਬਣਾ ਲਿਆ,'ਦਲਜੀਤ 'ਮੋਮਾ' ਜੀ ਆਪਾਂ 'ਮੋਖਾ' ਦੇਖਣ ਫਿਰ ਕਦੋਂ ਜਾਣੈਂ।' ਤੇ ਉਹ ਏਨੀ ਜ਼ੋਰ ਦੀ ਖਿੜ-ਖਿੜਾ ਕੇ ਹੱਸਦਾ ਜਿਵੇਂ ਕਿਸੇ ਨੇ ਖ਼ੁਸ਼ੀ ਦੇ ਪਟਾਕਿਆਂ ਦੀ ਲੜੀ ਨੂੰ ਮੁਹੱਬਤ ਦੀ ਚਿਣਗ ਛੁਹਾ ਦਿੱਤੀ ਹੋਵੇ।

'ਸਮੁੰਦਰੀ ਹਵਾ' ਕਾਵਿ-ਪੁਸਤਕ ਦਾ ਸਮਰਪਣ ਉਸ ਨੇ ਕੀਤਾ-

'ਚੰਦਰ ਦੇ ਨਾਂ



ਜੋ ਕਲਮ ਦੀ ਰੇਖਾ ਬਣ
ਪੂਨਮ ਦੀ ਰਾਤੇ
ਸ਼ਬਦਾਂ 'ਚ ਚਾਨਣੀ ਘੋਲੇ...

ਮੋਖੇ ਦੇ ਛੋਟੇ ਭਰਾ ਸੁਖਬੀਰ ਨੇ ਦੱਸਿਆ,'ਜਦੋਂ ਇਹ ਕਾਲਜ ਪੜ੍ਹਦਾ ਸੀ, ਜਿੱਥੇ ਅਸੀਂ ਰਹਿੰਦੇ ਸੀ ਸਾਹਮਣੇ ਚੰਦਰ ਰਹਿੰਦੀ ਸੀ। ਉਸ ਦਾ ਪਿਉ ਪੁਲਸੀਆ ਸੀ। ਇਕ ਦਿਨ ਉਹ ਵਰਦੀ ਵਿਚ ਸਾਡੇ ਕੋਲ ਆਇਆ ਤੇ ਕਹਿਣਾ ਲੱਗਾ-'ਤੁਸੀਂ ਦੋਵੇਂ ਭਰਾ ਮੈਨੂੰ ਬਹੁਤ ਚੰਗੇ ਲੱਗਦੇ ਓ। ਕੱਲ੍ਹ ਨੂੰ ਸਾਡੇ ਘਰ ਆਇਓ, ਤੁਹਾਨੂੰ 'ਪਰੌਂਠੇ' ਖੁਆਵਾਂਗੇ।' ਦਲਜੀਤ ਝੱਟ ਤਿਆਰ ਹੋ ਗਿਆ। ਮੈਂ ਕਿਹਾ, ਪੁਲਿਸ ਵਾਲੇ 'ਪਰੌਂਠੇ' ਛਿੱਤਰਾਂ ਨੂੰ ਕਹਿੰਦੇ ਐ।'

ਇਹੀ ਮਾਸੂਮੀਅਤ, ਨਿਰਛਲਤਾ ਤੇ ਭੋਲਾਪਨ ਉਸ ਵਿਚ ਏਨੀ ਸ਼ਿੱਦਤ ਨਾਲ ਸਮਾਇਆ ਹੋਇਆ ਸੀ ਜਿਵੇਂ ਫ਼ਜ਼ਾ ਵਿਚ ਹਵਾ ਸਮਾਈ ਹੋਈ ਹੈ। ਸਾਨੂੰ ਦਿਖਾਈ ਨਹੀਂ ਦਿੰਦੀ, ਪਰ ਸਾਡੀ ਜ਼ਿੰਦਗੀ ਦਾ ਆਧਾਰ ਏਹੀ ਹਵਾ ਹੈ। ਉਸਦੀ ਚੰਗਿਆਈ ਓਪਰੀ ਤੇ ਬਨਾਵਟੀ ਨਹੀਂ ਸੀ। ਨਾ ਇਸ ਵਿਚ ਕੋਈ ਉਚੇਚ ਹੁੰਦਾ। ਉਹ ਸਹਿਜ-ਸੁਭਾਅ ਹੀ ਆਪਣਾ ਆਪ ਪ੍ਰਗਟਾਅ ਜਾਂਦਾ ਸੀ।

'ਜਦੋਂ ਆਪਾਂ ਇਕੱਠੇ ਹੁੰਨੇ ਆਂ ਕੋਈ ਗੱਲ ਹੋਣੀ ਚਾਹੀਦੀ ਐ।' ਉਹ ਹਮੇਸ਼ਾ ਆਖਦਾ।

ਕਵਿਤਾ ਵਿਚ ਬਰੀਕ ਤੋਂ ਬਰੀਕ ਵਰਤਿਆ ਗਿਆ 'ਕਲਿਸ਼ੇ' ਉਸਨੂੰ ਪਹਾੜ ਵਾਂਗ ਦਿਸ ਪੈਂਦਾ। ਉਹ ਝੱਟ ਬੋਲ ਪੈਂਦਾ,'ਜਨਾਬ 'ਕਲਿਸ਼ੇ' ਤੋਂ ਸਾਨੂੰ ਬਚਣਾ ਚਾਹੀਦੈ।'

ਉਸ ਵਿਚ ਆਮ ਮਨੁੱਖ ਵਰਗੀਆਂ ਕਮਜ਼ੋਰੀਆਂ ਵੀ ਸਨ, ਪਰ ਉਸ ਵਿਚ ਵੱਡਾ ਗੁਣ ਇਹਨਾਂ ਕਮਜ਼ੋਰੀਆਂ 'ਤੇ ਕਾਬੂ ਪਾ ਲੈਣ ਵਿਚ ਸੀ। ਇਕ ਵਾਰ ਨਿਊਯਾਰਕ ਦੀ ਸਾਹਿਤਕ ਫ਼ਜ਼ਾ ਵਿਚ ਈਰਖਾਲੂ ਹਵਾਵਾਂ ਨੇ ਜ਼ੋਰ ਫੜ੍ਹ ਲਿਆ। ਸ਼ੰਕੇ, ਅਵਿਸ਼ਵਾਸੀ, ਖੁੰਦਕਾਂ ਦੀ ਰੁੱਤ ਪੱਤਝੜ ਨਾਲੋਂ ਵੀ ਵੱਧ ਨਿਰਾਸ਼ਾਜਨਕ ਸੀ। ਮੋਖੇ ਨੇ ਮੈਨੂੰ ਦੱਸਿਆ,'ਮੈਂ ਗਿਆ ਸੀ ਇਕ ਮੀਟਿੰਗ ਵਿਚ। ਉਥੇ ਮੈਂ ਬੈਠਾ, ਦਰਵਾਜ਼ੇ ਥਾਣੀਂ ਇਕ ਬੰਦਾ ਅੰਦਰ ਲੰਘਿਆ, ਉਸਨੂੰ ਦੇਖ ਕੇ ਮੇਰੇ ਮਨ ਵਿਚ ਕੁਝ ਹੋਇਆ। ਮੈਂ ਮੂੰਹ ਪਰ੍ਹਾਂ ਨੂੰ ਕਰ ਲਿਆ। ਉਹ ਬੰਦਾ ਮੇਰੇ ਕੋਲ ਦੀ ਲੰਘ ਕੇ ਪਿੱਛੇ ਜਾ ਕੇ ਬੈਠ ਗਿਆ। ਮੈਨੂੰ ਉਸਦੀ ਹਾਜ਼ਰੀ ਚੁੱਭਣ ਲੱਗੀ। ਮੇਰੇ ਮਨ 'ਤੇ ਏਨਾ ਭਾਰ ਪਿਆ, ਮੈਂ ਉਠ ਕੇ ਆ ਗਿਆ। ਘਰ ਨੂੰ ਤੁਰਿਆ ਆਉਂਦਾ ਮੈਂ ਸੋਚਣ ਲੱਗਾ, ਬਈ ਮੇਰੇ ਅੰਦਰ ਏਨੀ ਨੈਗੇਟੇਵਿਟੀ ਕਿਉਂ ਪੈਦਾ ਹੋ ਗਈ। ਕਵੀ ਮਨ ਏਨੀ ਜ਼ਹਿਰ ਨਹੀਂ ਝੱਲ ਸਕਦਾ। ਜਨਾਬ ਘਰ ਆਉਂਦੇ ਆਉਂਦੇ ਨੇ ਮੈਂ ਫੈਸਲਾ ਕੀਤਾ, ਉਹ ਬੰਦਾ ਜਦੋਂ ਮੈਨੂੰ ਫਿਰ ਮਿਲਿਆ, ਮੈਂ ਉਸਨੂੰ ਹੱਥ ਮਿਲਾਵਾਂਗਾ। ਜੱਫ਼ੀ ਪਾਵਾਂਗਾ। ਅੱਗੇ ਤੋਂ ਕਦੇ ਏਦਾਂ ਦੀ ਨੈਗੇਟਿਵ ਭਾਵਨਾ ਨੂੰ ਆਪਣੇ 'ਤੇ ਹਾਵੀ

ਨਹੀਂ ਹੋਣ ਦਿਆਂਗਾ।'

ਉਸਦੇ ਲਿਖਣ ਦੀ ਚਾਲ ਜੇ ਨਦੀ ਵਾਂਗ ਧੀਮੀ ਸੀ ਤਾਂ ਪੜ੍ਹਨ ਦਾ ਜਜ਼ਬਾ ਸਮੁੰਦਰੀ ਤੂਫ਼ਾਨ ਵਰਗਾ। ਉਸ ਨੇ ਦੱਸਿਆ,'ਜਨਾਬ ਜਦੋਂ ਮੈਂ ਗੈਬਰੀਅਲ ਗਾਰਸ਼ੀਆ ਮਾਰਕੇਜ਼ ਪੜ੍ਹਿਆ, ਛੁੱਟੀਆਂ ਸੀ ਮੈਨੂੰ। ਮੈਂ ਉਠਦਾ ਪੜ੍ਹਨ ਲੱਗ ਪੈਂਦਾ। ਨਹਾਉਂਦਾ, ਚਾਹ ਪੀਂਦਾ, ਫਿਰ ਪੜ੍ਹਨ ਲੱਗਦਾ, ਖਾਣਾ ਖਾ ਕੇ ਫਿਰ ਪੜ੍ਹਦਾ। ਰਾਤ ਤੱਕ ਪੜ੍ਹਦਾ ਰਹਿੰਦਾ। ਸੌਂਦਾ ਸਵੇਰੇ ਉਠ ਕੇ ਫਿਰ ਸ਼ੁਰੂ...। ਮੈਂ ਉਹਦੇ ਨਾਵਲਾਂ 'ਚ ਏਨਾ ਖੁੱਭ ਗਿਆ ਮੈਂ ਉਹਨਾਂ ਪਿੰਡਾਂ-ਸ਼ਹਿਰਾਂ ਦਾ ਨਕਸ਼ਾ ਬਣਾ ਸਕਦਾ ਸੀ, ਜਿਹਨਾਂ ਦਾ ਜ਼ਿਕਰ ਓਨੇ ਕੀਤਾ।'

ਕਦੇ ਨੋਬਲ ਪੁਰਸਕਾਰ ਕਮੇਟੀ ਨੂੰ ਈਮੇਲ ਕਰਦਾ-ਪੰਜਾਬੀ ਭਾਸ਼ਾ ਵੱਲ ਤੁਹਾਡਾ ਧਿਆਨ ਕਿਉਂ ਨਹੀਂ ਜਾਂਦਾ, ਇਹਦੇ ਵਿਚ ਹਰਿੰਦਰ ਸਿੰਘ ਮਹਿਬੂਬ ਵਰਗਾ ਏਡਾ ਵੱਡਾ ਕਵੀ ਲਿਖ ਰਿਹਾ।

ਕਲੈਸਟ੍ਰੋਲ, ਡਾਇਬਿਟੀਜ਼, ਬਲੱਡ-ਪ੍ਰੈਸ਼ਰ ਬਾਰੇ ਨਿਕਲੀ ਹਰ ਨਵੀਂ ਖੋਜ, ਥਿਊਰੀ, ਮੈਡੀਸਨ ਬਾਰੇ ਨਾਲੋ ਨਾਲ ਈਮੇਲ ਕਰਕੇ ਆਗਾਹ ਕਰਦਾ ਰਹਿੰਦਾ। ਪੌਸ਼ਟਿਕ ਖ਼ੁਰਾਕ ਬਾਰੇ ਤਰੋ-ਤਾਜ਼ਾ ਚਾਰਟ ਬਣਾ ਬਣਾ ਕੇ ਭੇਜਦਾ। ਉਸਦੀਆਂ ਈਮੇਲਾਂ ਦੇ ਵਿਸ਼ੇ ਹੁੰਦੇ-ਦਰਖ਼ਤ ਸੋਚਦੇ ਹਨ, ਮਹਿਸੂਸ ਕਰਦੇ ਹਨ, ਕਮਜ਼ੋਰ ਹੋ ਰਹੇ ਦਰਖ਼ਤ ਦੀ ਮਦਦ ਕਰਨ ਲਈ ਜੜ੍ਹਾਂ ਰਾਹੀਂ ਸੰਦੇਸ਼ ਭੇਜਦੇ ਹਨ। ਬਿਰਖਾਂ ਕੋਲ ਮਨੁੱਖ ਨਾਲੋਂ ਇਕ 'ਸੈਂਸ' ਜ਼ਿਆਦਾ ਹੈ, ਮਨੁੱਖ ਦਿਨੋਂ ਦਿਨ ਕੱਟੜਤਾ ਵੱਲ ਵੱਧਦਾ ਜਾਂਦਾ ਹੈ, ਸਰਮਾਏਦਾਰੀਦੀ ਚੱਕੀ ਬੰਦੇ ਨੂੰ ਪੀਸ ਪੀਸ ਕੇ ਹੱਡਾਂ ਦਾ ਪੌਡਰ ਵੇਚਣ ਲੱਗ ਪਈ ਹੈ, ਗਲੋਬਲ ਵਾਰਮਿੰਗ ਦਾ ਦੈਂਤ ਧਰਤੀ ਨੂੰ ਨਿਗਲਣ ਦੀਆਂ ਤਿਆਰੀਆਂ ਵਿਚ ਹੈ।

ਕਦੇ 'ਬਰੈੱਸਟ ਕੈਂਸਰ ਵਾਕ', 'ਪੀਸ ਵਾਕ', 'ਏਡਜ਼ ਵਾਕ' ਕਰਕੇ ਆਉਂਦਾ ਡੋਨੇਸ਼ਨਾਂ ਦਿੰਦਾ। ਇਕ ਦਿਨ ਮਿਲਿਆ ਬੋਧੀਆਂ ਵਰਗਾ ਨਹੀਂ, ਬੋਧੀ ਹੀ ਜਾਪ ਰਿਹਾ ਸੀ। ਦੱਸਣ ਲੱਗਾ,'ਮੈਂ ਵਾਲ ਕੈਂਸਰ ਦੇ ਮਰੀਜ਼ਾਂ ਦੇ ਨਾਂ 'ਤੇ ਦਾਨ ਦੇ ਆਇਆਂ।'

ਇਮਾਨਦਾਰੀ ਏਨੀ! ਲੱਕ 'ਤੇ ਕਦਮ ਗਿਣਨ ਵਾਲੀ 'ਡਿਵਾਈਸ' ਟੰਗੀ ਹੁੰਦੀ। ਰੋਜ਼ ਉਸ ਨੇ ਦੋ ਹਜ਼ਾਰ ਕਦਮ ਤੁਰਨਾ ਹੁੰਦਾ ਸੀ, ਕੈਂਸਰ ਦੇ ਮਰੀਜ਼ਾਂ ਵਾਸਤੇ। ਅਸੀਂ ਕੈਨੇਡਾ ਨੂੰ ਜਾ ਰਹੇ ਸਾਂ। ਉਹ ਰੈਸਟੋਰੈਂਟ ਵਿਚ ਵੀ ਗੇੜੇ ਕੱਢ ਰਿਹਾ ਸੀ। ਪੁੱਛਿਆ ਤਾਂ ਬੋਲਿਆ,'ਅਜੇ ਅੱਜ ਦੇ ਛੇ ਸੌ ਸਟੈੱਪ ਰਹਿੰਦੇ ਐ।'

'ਕੀ ਰੋਜ਼ ਕਰਨੇ ਜ਼ਰੂਰੀ ਐ, ਇੱਥੇ ਕਿਹੜਾ ਕੋਈ ਦੇਖਦਾ।' ਮੈਂ ਬਿਲਕੁਲ ਸਾਧਾਰਨ ਬੰਦੇ ਵਾਂਗ ਸੋਚਦੇ ਨੇ ਕਿਹਾ।

'ਜਨਾਬ ਭਾਵੇਂ ਕੋਈ ਨਹੀਂ ਦੇਖਦਾ, ਪਰ ਇਹ 'ਇਖ਼ਲਾਕੀ ਪ੍ਰਤੀਬੱਧਤਾ' ਹੈ।' ਕਹਿ ਕੇ ਉਹ ਫਿਰ ਘੁੰਮਣ ਲੱਗ ਪਿਆ।



ਉਹ ਕਿਸੇ ਨਾਲ ਵੀ ਗੱਲਬਾਤ ਸ਼ੁਰੂ ਕਰ ਸਕਦਾ ਸੀ। ਕੈਨੇਡਾ ਤੋਂ ਵਾਪਸ ਪਰਤ ਰਹੇ ਸਾਂ। ਬਾਰਡਰ 'ਤੇ ਕਾਰ ਰੋਕੀ। ਪਾਸਪੋਰਟ ਇੰਮੀਗ੍ਰੇਸ਼ਨ ਅਫ਼ਸਰ ਨੂੰ ਫੜ੍ਹਾ ਕੇ ਉਸ ਦੇ ਪੁੱਛਣ ਤੋਂ ਪਹਿਲਾਂ ਹੀ ਬੋਲ ਪਿਆ,'ਸਾਹਿਤਕ ਸਮਾਗਮ ਤੋਂ ਆ ਰਹੇ ਆਂ।' ਫਿਰ ਮੇਰੇ ਵੱਲ ਇਸ਼ਾਰਾ ਕਰਕੇ ਬੋਲਿਆ,'ਇਹ ਸਾਡੇ ਸਾਰਿਆਂ ਨਾਲੋਂ ਛੋਟਾ ਹੈ, ਪਰ ਸਾਰਿਆਂ ਤੋਂ ਵਧੀਆ ਕਵੀ ਹੈ। ਅਸੀਂ ਇਸ ਨਾਲ 'ਈਰਖਾ' ਕਰਦੇ ਆਂ।' ਇੰਮੀਗ੍ਰੇਸ਼ਨ ਅਫ਼ਸਰ ਹੱਸਣ ਲੱਗ ਪਿਆ। ਪਾਸਪੋਰਟ ਫੜ੍ਹ ਕੇ ਗੱਡੀ ਤੋਰਦਾ ਮੋਖਾ ਬੋਲਿਆ,'ਦੇਖਿਆ ਬੰਦਾ ਖ਼ੁਸ਼ ਕਰ 'ਤਾ। ਸਵੇਰ ਦੇ ਬੈਠੇ ਵਿਚਾਰੇ ਹਰ ਕਿਸੇ ਨੂੰ ਸ਼ੱਕੀ ਨਜ਼ਰਾਂ ਨਾਲ ਦੇਖਦੇ ਦੇਖਦੇ ਸਨਕੀ ਜਿਹੀ ਹੋ ਜਾਂਦੇ ਐ। ਬਹੁਤ ਬੋਰਿੰਗ ਹੈ ਇਹ ਜੌਬ। ਹੁਣ ਏਨੇ ਏਨਾ ਹੱਸ ਲਿਆ, ਬਾਕੀ ਦਿਨ ਇਹਦਾ ਵਧੀਆ ਲੰਘੂ।'

'ਮੇਰਾ ਵੀ, ਜਿਸ ਦੀ ਤਾਰੀਫ਼ ਹੋਈ ਹੈ।' ਮੈਂ ਹੱਸਿਆ ਅਤੇ ਉਹ ਹੋਰ ਖਿੜ ਗਿਆ,'ਓ ਯਾਅ...।'

ਇਸ ਵਾਰ ਗਰਮੀਆਂ ਵਿਚ ਸੁਸ਼ੀਲ ਦੁਸਾਂਝ, ਕਮਲ, ਦਰਸ਼ਨ ਬੁੱਟਰ, ਬਲਦੇਵ ਧਾਲੀਵਾਲ ਆਏ। ਉਸਨੂੰ ਆਉਣ ਦਾ ਪਹਿਲਾਂ ਹੀ ਪਤਾ ਲੱਗ ਗਿਆ ਸੀ। ਉਸ ਨੇ ਪ੍ਰੋਗਰਾਮ ਨੂੰ ਏਨੀ ਸੁਘੜਤਾ ਨਾਲ ਉਲੀਕਿਆ ਕਿ ਅਸੀਂ ਇਕ ਇਕ ਪਲ ਦਾ ਆਨੰਦ ਮਾਣਿਆ।

ਫੋਨ ਉਸ ਨੇ ਕਦੇ ਮਹਿਜ਼ ਫੋਨ ਕਰਨ ਵਾਸਤੇ ਨਹੀਂ ਸੀ ਵਰਤਿਆ, ਕਵਿਤਾ, ਕਹਾਣੀ, ਨਾਟਕ ਬਾਰੇ ਚਰਚਾ ਕਰਨ ਵਾਸਤੇ ਹੀ ਵਰਤਿਆ। ਉਹ ਪੂਰਾ ਵੇਰਵਾ ਦਿੰਦਾ,'ਜਨਾਬ ਰਵਿੰਦਰ ਸਹਿਰਾਅ ਨਾਲ ਅੱਧਾ ਘੰਟਾ ਗੱਲ ਹੋਈ, ਉਂਕਾਰਪ੍ਰੀਤ ਨਾਲ ਘੰਟਾ, ਗੁਰਦੀਪ ਵਿਨੀਪੈੱਗ ਨਾਲ ਗੱਲ ਕਰਦਿਆਂ ਦਸ ਵਜ ਗਏ। ਬੜੀਆਂ ਗੱਲਾਂ ਹੋਈਆਂ। ਪ੍ਰੇਮ ਪ੍ਰਕਾਸ਼ ਨਾਲ ਗੱਲ ਹੋਈ ਬੜੇ ਚਿਰਾਂ ਬਾਦ। ਬਾਬੇ ਨੂੰ ਏਦਾਂ ਦੀਆਂ ਗੱਲਾਂ ਸੁਣਾਈਆਂ ਬਾਬਾ ਮੁੜ ਕੇ ਕੰਡ 'ਚ ਹੋ ਗਿਆ।'

ਸਵਰਾਜਬੀਰ ਦਾ ਜਿਹੜਾ ਨਾਟਕ ਪੜ੍ਹਦਾ ਉਸ ਬਾਰੇ ਫੋਨ 'ਤੇ ਗੱਲ ਕਰਦਾ ਉਹ ਥੱਕਦਾ ਨਹੀਂ ਸੀ। ਅਮਰਜੀਤ ਚੰਦਨ ਦੀਆਂ ਪੁਸਤਕਾਂ ਮੈਨੂੰ ਪੜ੍ਹਨ ਨੂੰ ਦੇ ਦਿੰਦਾ ਸੀ, ਫਿਰ ਮੇਰੇ ਕੋਲੋਂ ਮੰਗ ਕੇ ਕੀਮਤੀ ਖ਼ਜ਼ਾਨੇ ਵਾਂਗ ਸੰਭਾਲ ਲੈਂਦਾ।

ਇਕ ਵਾਰ ਅਸੀਂ 4 ਜੁਲਾਈ (ਆਜ਼ਾਦੀ ਦਿਵਸ) ਪੈਨਸਲਵੇਨੀਆ ਰਵਿੰਦਰ ਸਹਿਰਾਅ ਹੋਰਾਂ ਕੋਲ ਬਿਤਾਉਣ ਦੀ ਸੋਚੀ। ਉਹ ਫੁੱਲਝੜੀਆਂ ਬੱਚਿਆਂ ਵਰਗੀ ਮਾਸੂਮੀਅਤ ਨਾਲ ਚਲਾ ਰਿਹਾ ਸੀ, ਸਾਡੇ ਬੱਚਿਆਂ ਨਾਲ ਬੱਚਾ ਬਣਿਆ। ਦੂਸਰੇ ਦਿਨ ਅਸੀਂ 'ਬੈਮ' ਸਟੋਰ ਤੋਂ ਕਿਤਾਬਾਂ ਖ਼ਰੀਦਣ ਗਏ। ਅਸੀਂ ਜਿਹੜੀ ਕਿਤਾਬ ਨੂੰ ਹੱਥ ਪਾਈਏ, ਉਹ ਝੱਟ ਕਿਸੇ ਵਿਦਵਾਨ ਵਾਂਗ ਬੋਲੇ,'ਛੱਡੋ ਜਨਾਬ ਅਮਰੀਕਾ ਵਿਚ ਕਵਿਤਾ ਕਿੱਥੇ ਕੋਈ ਚੱਜ ਦੀ ਲਿਖਦੈ। ਇਹ ਕਵੀ, ਇਹ ਤਾਂ ਮਕੈਨੀਕਲ ਕਵਿਤਾ ਲਿਖਦਾ, ਹ੍ਯਾਅ ਕਵੀ ਇਹਦਾ

ਵੇਲ਼ਾ ਬੀਤ ਗਿਆ, ਐਹ ਕਿਤਾਬ ਰੱਖ ਦਿਉ ਇਹ ਫ਼ੈਸ਼ਨ ਨੂੰ ਲਿਖਦਾ ਹੈ।'

ਉਹ ਵਿਚਾਰਾਂ ਦੀਆਂ ਫੁੱਲਝੜੀਆਂ ਨਹੀਂ ਸੀ ਚਲਾ ਰਿਹਾ, ਆਪਣੇ ਗਿਆਨ ਨਾਲ ਅਮਰੀਕੀ ਕਵਿਤਾ ਦੇ 'ਪਟਾਕੇ' ਠੁੱਸ ਕਰ ਰਿਹਾ ਸੀ।

ਦੂਸਰੇ ਬੰਦੇ ਦਾ ਖ਼ਿਆਲ ਉਹ ਆਪਣੇ ਵਾਂਗ ਹੀ ਰੱਖਦਾ। ਮੈ ਦੱਸਿਆ,'ਰਾਣੀ ਦੀ ਕਾਲ ਆਈ ਸੀ ਮੀਟਿੰਗ ਬਾਰੇ। ਮੈਂ ਕਿਹਾ ਦੇਖ ਤਰਲੋਕਬੀਰ ਤੇ ਸੋਹਲ ਦੇ ਕੰਮ ਦਾ ਸੀਜ਼ਨ ਐਂ। ਉਹਨਾਂ ਨੂੰ 31 ਦਸੰਬਰ ਤੋਂ ਬਾਅਦ ਹੀ ਬੁਲਾਵਾਂਗੇ। ਕੰਮ ਕਰਨ ਦਿਉ।'

ਸਵੇਰ ਨੂੰ ਕੰਮ 'ਤੇ ਜਾਣ ਤੋਂ ਪਹਿਲਾਂ ਬਰੈਡ ਦੇ ਨਿੱਕੇ ਨਿੱਕੇ ਟੁਕੜੇ ਕਰਦਾ, ਘਰ ਦੇ ਬਾਹਰ ਬੈਠੇ ਪੰਛੀਆਂ ਵਾਸਤੇ। ਏਨੇ ਬਰੀਕ ਕਿ ਕਿਤੇ ਪੰਛੀ ਦੇ ਸੰਘ ਵਿਚ ਨਾ ਫਸ ਜਾਣ। ਪੰਛੀ ਉਸਦੇ ਕੰਮ 'ਤੇ ਜਾਣ ਦੇ ਵਕਤ ਆਪਣੀ 'ਦਾਅਵਤ' ਦਾ ਆਨੰਦ ਮਾਣਨ ਲਈ ਉਸਦੇ ਬੂਹੇ ਮੂਹਰੇ ਆ ਇਕੱਠੇ ਹੁੰਦੇ।

'ਜਨਾਬ ਮੈਂ ਬੇਟੀ ਕੋਲ ਗਿਆ ਸੀ, ਸਪੇਨ। ਲੋਰਕਾ ਦਾ ਘਰ ਦੇਖ ਕੇ ਆਇਆਂ।' ਉਹ ਏਨੇ ਉਤਸ਼ਾਹ ਨਾਲ ਦੱਸ ਰਿਹਾ ਸੀ ਜਿਵੇਂ ਉਹ ਸੱਚ-ਮੁੱਚ ਲੋਰਕਾ ਨੂੰ ਹੀ ਮਿਲ ਕੇ ਆਇਆ ਹੋਵੇ। ਉਸ ਨੇ ਲੋਰਕਾ ਸਾਰਾ ਪੜ੍ਹਨ ਦਾ ਫੈਸਲਾ ਹੀ ਨਹੀਂ ਸੀ ਕੀਤਾ, ਸਾਰਾ ਪੜ੍ਹਿਆ ਵੀ ਸੀ ਅਤੇ 600 ਸੌ ਸਫ਼ੇ ਦੀ ਉਸਦੀ ਜੀਵਨੀ ਵੀ ਕੁਝ ਦਿਨ ਪਹਿਲਾਂ ਹੀ ਖ਼ਤਮ ਕੀਤੀ ਸੀ।

ਮੇਰੀ ਜ਼ਿੰਦਗੀ ਵਿਚ ਇਕ ਅਜਿਹਾ ਸਮਾਂ ਵੀ ਆਇਆ ਜਦੋਂ ਤੁਹਮਤਾਂ, ਇਲਜ਼ਾਮਾਂ, ਬਦਨਾਮੀਆਂ ਦੇ ਤੀਰ, ਪੱਥਰ, ਨੇਜ਼ੇ ਮੇਰੇ ਅਕਸ ਨੂੰ ਟੁਕੜੇ ਟੁਕੜੇ ਕਰਨ ਚੁਫ਼ੇਰਿਓਂ ਵਰ੍ਹੇ। ਦਲਜੀਤ ਮੋਖਾ ਦੀ ਸ਼ਖ਼ਸੀਅਤ ਇਕ ਕਵਚ ਵਾਂਗ ਮੇਰੇ ਅਕਸ ਦੇ ਦੁਆਲੇ ਲਿਪਟ ਗਈ। ਉਸਦੀ ਮਾਸੂਮੀਅਤ ਖੋਖਲੀ ਨਹੀਂ ਸੀ, ਉਸਦੀ ਮੁਹੱਬਤ ਖੋਟੀ ਨਹੀਂ ਸੀ, ਦੋਸਤੀ ਦਿਖਾਵਾ ਨਹੀਂ ਸੀ, ਕਿਰਦਾਰ ਦੋਗਲਾ ਨਹੀਂ ਸੀ। ਇਸੇ ਕਰਕੇ ਉਹ ਜਦੋਂ ਮੇਰੇ ਲਈ ਕਵਚ ਬਣਿਆ, ਢਾਲ ਬਣਿਆ ਤਾਂ ਉਸ ਵਿਚਲੀ ਲੋਹੜੇ ਦੀ ਪੁਖ਼ਤਗੀ ਨੇ ਆਪਣੀ ਮਜ਼ਬੂਤ ਭੂਮਿਕਾ ਨਿਭਾਈ।

26 ਦਸੰਬਰ 2016 ਨੂੰ ਮੈਂ ਪੌਣੇ ਨੌਂ ਵਜੇ ਉਸਨੂੰ ਫੋਨ ਕੀਤਾ। ਉਸ ਨੇ ਸਮੁੰਦਰੀ ਹਵਾ ਵਰਗਾ ਸਿੱਲ੍ਹਾ ਸਿੱਲ੍ਹਾ ਹਾਉਕਾ ਲੈ ਕੇ ਆਖਿਆ,'ਛੁੱਟੀ ਸੀ ਅੱਜ ਪਰ ਘਰੋਂ ਕੰਮ ਕਰ ਰਿਹਾਂ। ਕਈ ਈਮੇਲਾਂ ਦੇ ਜਵਾਬ ਦੇਣੇ ਆਂ।'

ਮੈਂ ਕਿਹਾ,'ਚਲੋ ਤੁਸੀਂ ਹੁਣ ਕੰਮ ਕਰੋ, ਆਪਾਂ ਫਿਰ ਗੱਲ ਕਰਾਂਗੇ।'

ਉਸੇ ਰਾਤ ਇਕ-ਡੇਢ ਵਜੇ ਦੇ ਕਰੀਬ ਕਾਵਿਕ ਇਲਹਾਮ ਵਰਗਾ ਦਲਜੀਤ ਮੋਖਾ ਵਕਤ ਦੀਆਂ ਈਮੇਲਾਂ ਵਿਚ ਕਿਧਰੇ ਗੁਆਚ ਗਿਆ।

ਹਰ ਪ੍ਰੋਗਰਾਮ ਦੀ ਤਫ਼ਸੀਲ ਦੇਣ ਵਾਲੇ ਦਲਜੀਤ ਮੋਖੇ ਨੇ ਇਸ ਵਾਰ ਏਨੇ ਲੰਬੇ ਸਫ਼ਰ ਦਾ ਪ੍ਰੋਗਰਾਮ ਬਣਾਇਆ ਤਾਂ ਇਕੱਲੇ ਨੇ ਹੀ। ਕਿਸੇ ਨੂੰ ਦੱਸਿਆ ਵੀ ਨਾ, ਸ਼ਾਇਦ



ਇਸ ਕਰਕੇ ਕਿ ਕਿਧਰੇ ਉਹ 'ਲੇਟ' ਨਾ ਹੋ ਜਾਵੇ।

**ਪੋਸਟ-ਸਕ੍ਰਿਪਟ**: ਦਲਜੀਤ ਮੋਖਾ ਦੀ ਦੇਹ ਨੂੰ ਸਸਕਾਰ ਵਾਸਤੇ ਲਿਜਾਇਆ ਗਿਆ। ਭਾਈ ਸਾਹਿਬ ਨੇ ਅਰਦਾਸ ਕੀਤੀ। ਦੇਹ ਨੂੰ ਅਗਨੀ-ਭੇਂਟ ਕਰਨ ਲਈ ਲੈ ਕੇ ਤੁਰਨ ਲੱਗੇ ਤਾਂ ਪਤਾ ਨਹੀਂ ਕਿਥੋਂ ਕਬੂਤਰਾਂ ਦਾ ਝੁੰਡ ਆਇਆ ਸਾਡੇ ਉੱਤੋਂ ਦੀ ਘੁੰਮ ਕੇ ਦਲਜੀਤ ਮੋਖਾ ਨੂੰ ਜਿਵੇਂ 'ਸਲਾਮੀ' ਦੇ ਕੇ ਆਕਾਸ਼ ਵਿਚ ਗੁੰਮ ਗਿਆ। ਅਗਲੇ ਦਿਨ ਪ੍ਰੇਮ ਮਾਨ ਹੋਰਾਂ ਦੇ ਘਰ ਮੋਖਾ ਜੀ ਬਾਰੇ ਮੀਟਿੰਗ ਰੱਖੀ ਗਈ। ਉਥੇ ਪੜ੍ਹਨ ਲਈ ਜਦੋਂ ਮੈਂ 'ਸਮੁੰਦਰੀ ਹਵਾ' ਖੋਲ੍ਹੀ ਤਾਂ 'ਹੁਲਾਰਾ ਕਵਿਤਾ ਦੀਆਂ ਇਹ ਸਤਰਾਂ ਨਜ਼ਰੀਂ ਪਈਆਂ-

ਪਰਲੋ ਦੀ ਜਿਸ ਘੜੀ
ਕਫ਼ਨ ਮੇਰੇ 'ਤੇ
ਚਿੱਟੇ ਕਬੂਤਰ ਉਡਾਏ ਜਾਣ
ਜਦੋਂ ਫ਼ਾਨੀ ਦੁਨੀਆ ਤੋਂ ਵਿਦਾ ਹੁੰਦੇ
ਅਣਪਛਾਣੀ ਦੁਨੀਆ ਦੇ ਦਰਵਾਜ਼ੇ ਖੁੱਲ੍ਹਣ
ਮੈਂ ਆਪਣੇ ਲੁਕਾਏ, ਸਾਂਭੇ ਹੋਏ
ਸੁਪਨਿਆਂ ਦੀ ਜਾਇਦਾਦ ਸੌਂਪਦਾ ਤੈਨੂੰ
ਬੁੜ-ਬੁੜਾਵਾਂਗਾ ਨਹੀਂ, ਝਿਜਕਾਂਗਾ ਨਹੀਂ...।

•

# ਸੰਤਾਲੀ ਸਾਲਾਂ ਦੀ ਯਾਰੀ ਤੋੜਨ ਵਾਲਾ ਦਲਜੀਤ ਮੋਖਾ

**ਪ੍ਰੇਮ ਮਾਨ**

ਐਤਵਾਰ 1 ਜਨਵਰੀ, 2017 ਦਾ ਦਿਨ ਸੀ। ਮੈਂ ਸਵੇਰੇ ਜਾਗਣ ਤੋਂ ਬਾਦ ਸੋਚ ਰਿਹਾ ਸੀ ਕਿ ਅੱਜ ਦਲਜੀਤ ਮੋਖੇ ਦਾ ਫ਼ੋਨ ਨਹੀਂ ਆਉਣਾ। ਆਮ ਤੌਰ ਤੇ ਕੋਈ ਵੀ ਤਿਉਹਾਰ ਹੋਵੇ ਜਾਂ ਨਵੇਂ ਸਾਲ ਦਾ ਦਿਨ ਹੋਵੇ, ਸਵੇਰੇ ਜਾਗਣ ਤੋਂ ਛੇਤੀਂ ਬਾਦ ਹੀ ਦਲਜੀਤ ਦਾ ਫ਼ੋਨ ਆ ਜਾਂਦਾ ਸੀ ਸ਼ੁੱਭ ਇੱਛਾਵਾਂ ਦਾ ਅਤੇ ਵਧਾਈਆਂ ਦਾ। ਮੈਂ ਖ਼ੁਦ ਫ਼ੋਨ ਕਰਨ ਵਿਚ ਬਹੁਤ ਸੁਸਤ ਹਾਂ ਪਰ ਦਲਜੀਤ ਇਸ ਮਾਮਲੇ ਵਿਚ ਸੁਸਤ ਨਹੀਂ ਸੀ। ਪਰ ਅੱਜ ਉਸ ਦਾ ਫ਼ੋਨ ਨਹੀਂ ਸੀ ਆਉਣਾ। ਉਹ ਤਾਂ ਕੁਝ ਦਿਨ ਪਹਿਲਾਂ ਉਸ ਅਣਜਾਣੇ ਦੇਸ਼ ਨੂੰ ਤੁਰ ਗਿਆ ਸੀ ਜਿੱਥੋਂ ਕਦੇ ਵੀ ਕਿਸੇ ਦਾ ਸੁੱਖ-ਸੁਨੇਹਾ, ਖ਼ਤ, ਜਾਂ ਫ਼ੋਨ ਨਹੀਂ ਆਉਂਦਾ। ਇਸ ਵਾਰੀ ਇਸ ਨਵੇਂ ਸਾਲ ਦੇ ਪਹਿਲੇ ਦਿਨ ਸ਼ਾਮ ਨੂੰ ਅਸੀਂ ਦਲਜੀਤ ਦੇ ਕੁਝ ਦੋਸਤਾਂ ਨੇ ਦਲਜੀਤ ਦੇ ਪਰਵਾਰ ਅਤੇ ਕੁਝ ਰਿਸ਼ਤੇਦਾਰਾਂ ਨਾਲ ਸਾਡੇ ਘਰ ਮਿਲਣਾ ਸੀ ਅਤੇ ਦਲਜੀਤ ਦੇ ਤੁਰ ਜਾਣ ਦਾ ਦੁੱਖ ਸਾਂਝਾ ਕਰਨ ਦੇ ਨਾਲ ਨਾਲ ਉਸ ਦੀ ਜ਼ਿੰਦਗੀ ਬਾਰੇ ਗੱਲਾਂ ਕਰਨੀਆਂ ਸਨ। ਉਸ ਦੀ ਮੌਤ ਦਾ ਅਫ਼ਸੋਸ ਕਰਨ ਦੇ ਨਾਲ ਨਾਲ ਉਸ ਦੀ ਜ਼ਿੰਦਗੀ ਦਾ ਜਸ਼ਨ ਵੀ ਮਨਾਉਣਾ ਸੀ। ਉਸ ਦੀਆਂ ਗੱਲਾਂ ਕਰ ਕਰ ਕੇ ਹੱਸਣਾ ਵੀ ਸੀ ਅਤੇ ਰੋਣਾ ਵੀ ਸੀ। ਅਤੇ ਬਿਲਕੁਲ ਇਵੇਂ ਹੀ ਹੋਇਆ। ਦਲਜੀਤ ਦੀ ਪਤਨੀ ਰਾਜਵੰਤ ਮੋਖਾ ਭੈਣ ਜੀ, ਦਲਜੀਤ ਦੀਆਂ ਬੇਟੀਆਂ ਕਵਿਤਾ ਅਤੇ ਹਰਲੀਨ, ਦਲਜੀਤ ਦਾ ਛੋਟਾ ਭਰਾ ਸੁਖਬੀਰ, ਰਾਜਵੰਤ ਦੇ ਦੋ ਭਰਾ, ਦਲਜੀਤ ਦੇ ਕੁਝ ਰਿਸ਼ਤੇਦਾਰ, ਨਿਊ ਯਾਰਕ ਤੋਂ ਕੁਝ ਸਾਹਿਤਕ ਦੋਸਤ, ਅਤੇ ਕਨੇਡਾ ਤੋਂ ਦਲਜੀਤ ਦੇ ਦੋਸਤ ਨਵਤੇਜ ਭਾਰਤੀ ਅਤੇ ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ ਚਾਹਲ ਇਸ ਇਕੱਠ ਵਿਚ ਸ਼ਾਮਲ ਹੋਏ। ਸਾਰਿਆਂ ਨੇ ਦਲਜੀਤ ਬਾਰੇ ਗੱਲਾਂ ਕੀਤੀਆਂ। ਉਸ ਦੀ ਜ਼ਿੰਦਗੀ ਬਾਰੇ ਗੱਲਾਂ ਕੀਤੀਆਂ। ਉਸ ਦੀ ਬੇਵਕਤ ਮੌਤ ਬਾਰੇ ਗੱਲਾਂ ਕੀਤੀਆਂ। ਗੱਲਾਂ ਕਰ ਕਰ ਕੇ ਪਰਵਾਰ ਦੇ ਮੈਂਬਰ ਅਤੇ ਦੋਸਤ ਰੋਏ ਵੀ ਅਤੇ ਹੱਸੇ ਵੀ।

ਮੰਗਲਵਾਰ 27 ਦਸੰਬਰ, 2016 ਨੂੰ ਤੜਕੇ ਡੇਢ ਕੁ ਵਜੇ ਮੇਰੇ ਫ਼ੋਨ ਦੀ ਘੰਟੀ ਵੱਜਣ ਲੱਗੀ। ਪਹਿਲਾਂ ਤਾਂ ਮੈਂ ਸੋਚਿਆ ਐਵੇਂ ਕੋਈ ਗ਼ਲਤ ਨੰਬਰ ਆ ਰਿਹਾ ਹੋਵੇਗਾ ਅਤੇ ਜਾਂ ਕੋਈ ਰਿਸ਼ਤੇਦਾਰ ਜਾਂ ਦੋਸਤ ਹਿੰਦੁਸਤਾਨ ਤੋਂ ਫ਼ੋਨ ਕਰ ਰਿਹਾ ਹੋਵੇਗਾ ਜਿਸ ਨੂੰ ਅਮਰੀਕਾ ਦੇ ਸਮੇਂ ਦਾ ਖ਼ਿਆਲ ਨਾ ਰਿਹਾ ਹੋਵੇ। ਕੁਝ ਘੰਟੀਆਂ ਵੱਜਣ ਤੋਂ ਬਾਦ ਮੈਂ ਫ਼ੋਨ ਚੁੱਕ ਕੇ ਹੈਲੋ ਕਿਹਾ ਤਾਂ ਰਾਜਵੰਤ ਮੋਖਾ ਭੈਣ ਜੀ ਬੋਲ ਰਹੇ ਸਨ। ਉਸੇ ਵੇਲੇ ਮੇਰਾ ਦਿਲ ਧੜਕਣ ਲੱਗ ਪਿਆ ਕਿ ਕਿਤੇ ਕੋਈ ਬੁਰੀ ਗੱਲ ਨਾ ਵਾਪਰ ਗਈ ਹੋਵੇ। ਮੇਰੇ ਪੁੱਛਣ ਤੇ ਕਿ ਭੈਣ ਜੀ ਸਭ ਠੀਕ ਤਾਂ ਹੈ, ਉਹ ਅੱਗਿਓਂ ਘਬਰਾਈ ਅਤੇ ਕੰਬਦੀ



ਆਵਾਜ਼ ਵਿਚ ਬੋਲੇ, "ਮੋਖਾ ਸਾਹਿਬ ਨੂੰ ਹਾਰਟ ਅਟੈਕ ਹੋ ਗਿਆ।" ਮੇਰੇ ਹੋਰ ਪੁੱਛਣ ਤੇ ਉਨ੍ਹਾਂ ਦੱਸਿਆ ਕਿ ਕੁਝ ਮਿੰਟ ਪਹਿਲਾਂ ਐਂਬੂਲੈਂਸ ਵਾਲੇ ਆ ਗਏ ਸਨ ਅਤੇ ਉਹ ਉਨ੍ਹਾਂ ਦੇ ਦਿਲ ਦੀ ਧੜਕਣ ਨੂੰ ਚਾਲੂ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਮੈਂ ਅਤੇ ਮੇਰੀ ਪਤਨੀ ਸਰਬਜੀਤ ਉਸੇ ਵਕਤ ਤਿਆਰ ਹੋ ਕੇ ਨਿਊ ਜਰਸੀ ਤੋਂ ਨਿਊ ਯਾਰਕ ਨੂੰ ਚੱਲ ਪਏ। ਸੋਚ ਵਿਚ ਪਿਛਲੇ 47 ਸਾਲਾਂ ਦੀਆਂ ਯਾਦਾਂ ਹਨੇਰੀ ਵਾਂਗ ਦਿਮਾਗ਼ ਵਿਚੋਂ ਲੰਘ ਰਹੀਆਂ ਸਨ। ਹਾਲੇ ਸੋਮਵਾਰ ਦੁਪਹਿਰ ਨੂੰ ਅਸੀਂ ਫ਼ੋਨ ਤੇ ਕਾਫ਼ੀ ਦੇਰ ਗੱਲਾਂ ਕੀਤੀਆਂ ਸਨ। ਫਿਰ ਇਹ ਕੁਝ ਘੰਟਿਆਂ ਵਿਚ ਹੀ ਇਸ ਤਰ੍ਹਾਂ ਕਿਵੇਂ ਹੋ ਗਿਆ? ਰਸਤੇ ਵਿਚ ਜਾਂਦਿਆਂ ਦਲਜੀਤ ਦੇ ਭਰਾ ਸੁਖਬੀਰ ਦਾ ਫ਼ੋਨ ਆ ਗਿਆ ਅਤੇ ਉਸ ਨੇ ਦੱਸਿਆ ਕਿ ਦਲਜੀਤ ਨੂੰ ਹਸਪਤਾਲ ਲੈ ਗਏ ਸਨ ਪਰ ਹਾਲਤ ਬਹੁਤ ਨਾਜ਼ਕ ਹੈ ਅਤੇ ਕੋਈ ਆਸ ਨਹੀਂ ਦਿਸਦੀ। ਅਸੀਂ ਹਸਪਤਾਲ ਦਾ ਪਤਾ ਕਰ ਕੇ ਚਾਰ ਵਜੇ ਹਸਪਤਾਲ ਪਹੁੰਚ ਗਏ। ਪਰ ਦਲਜੀਤ ਦੀ ਰੂਹ ਤਾਂ ਕਦੋਂ ਦੀ ਜਾ ਚੁੱਕੀ ਸੀ, ਸਿਰਫ਼ ਬਿਨਾਂ ਸਾਹਾਂ ਦੇ ਸਰੀਰ ਹਸਪਤਾਲ ਦੇ ਬਿਸਤਰੇ ਤੇ ਪਿਆ ਸੀ। ਦੇਖ ਕੇ ਇੰਜ ਲਗਦਾ ਸੀ ਜਿਵੇਂ ਉਹ ਹੁਣੇ ਹੀ ਉੱਠ ਕੇ ਆਖੇਗਾ, "ਯਾਰ ਮੈਂ ਤਾਂ ਤੁਹਾਡੇ ਨਾਲ ਮਜ਼ਾਕ ਕਰ ਰਿਹਾ ਸੀ। ਤੁਸੀਂ ਕਿਉਂ ਉਦਾਸ ਖੜ੍ਹੇ ਹੋ।" ਪਰ ਮੌਤ ਦੀ ਖ਼ਬਰ ਕਦੇ ਵੀ ਝੂਠੀ ਨਹੀਂ ਹੁੰਦੀ। ਉਹ 47 ਸਾਲਾਂ ਦੀ ਯਾਰੀ ਬਿਨਾਂ ਦੱਸਿਆਂ ਤੋੜ ਕੇ ਤੁਰ ਗਿਆ ਸੀ।

ਦਲਜੀਤ ਮੋਖਾ ਤੇ ਮੈਂ ਪਹਿਲੀ ਵਾਰੀ 1969 ਵਿਚ ਮਿਲੇ ਸੀ। ਅਸੀਂ ਦੋਵੇਂ ਗੌਰਮਿੰਟ ਕਾਲਜ ਹੁਸ਼ਿਆਰਪੁਰ ਵਿਚ ਵਿਦਿਆਰਥੀ ਸੀ। ਦਲਜੀਤ ਅੰਗਰੇਜ਼ੀ ਦੀ ਐਮ.ਏ. ਅਤੇ ਮੈਂ ਅਰਥ ਸ਼ਾਸਤਰ ਦੀ ਐਮ.ਏ. ਕਰ ਰਿਹਾ ਸੀ। ਗੌਰਮਿੰਟ ਕਾਲਜ ਦੇ ਨਾਲ ਹੀ ਹੁਸ਼ਿਆਰਪੁਰ ਤੋਂ ਫਗਵਾੜਾ ਨੂੰ ਜਾਣ ਵਾਲੀ ਸੜਕ ਉੱਤੇ ਇੱਕ ਨਵੀਂ ਬਿਲਡਿੰਗ ਬਣੀ ਸੀ ਜਿਸ ਦਾ ਨਾਂ ਸੀ ਡੋਗਰਾ ਹੋਸਟਲ। ਇਸ ਬਿਲਡਿੰਗ ਵਿਚ ਹੇਠਲੀ ਮੰਜ਼ਲ ਤੇ 12-13 ਦੁਕਾਨਾਂ ਸਨ ਅਤੇ ਉੱਪਰਲੀ ਮੰਜ਼ਲ ਤੇ ਇੰਨੇ ਕੁ ਹੀ ਕਮਰੇ। ਦਲਜੀਤ ਅਤੇ ਮੈਂ ਨਾਲ ਨਾਲ ਦੇ ਕਮਰਿਆਂ ਵਿਚ ਕਿਰਾਏ ਤੇ ਰਹਿੰਦੇ ਸੀ। ਹੌਲੀ ਹੌਲੀ ਸਾਡੀ ਦੋਸਤੀ ਬਹੁਤ ਪੱਕੀ ਹੋ ਗਈ ਜਿਸ ਦਾ ਕਾਰਨ ਸੀ ਕਿ ਦਲਜੀਤ ਕਵਿਤਾ ਲਿਖਦਾ ਸੀ ਅਤੇ ਮੈਂ ਕਹਾਣੀ ਅਤੇ ਗ਼ਜ਼ਲ ਲਿਖਦਾ ਸੀ। ਹੌਲੀ ਹੌਲੀ ਇਹ ਦੋਸਤੀ ਕਾਫ਼ੀ ਗੂੜ੍ਹੀ ਹੋ ਗਈ। ਇੱਥੇ ਹੀ ਅਸੀਂ ਕਈ ਵਾਰੀ ਹੁਸ਼ਿਆਰਪੁਰ ਦੇ ਕੁਝ ਲੇਖਕਾਂ ਨਾਲ ਮੀਟਿੰਗਾਂ ਵੀ ਕਰਦੇ ਸੀ ਜਿਨ੍ਹਾਂ ਵਿਚ ਜਸਬੀਰ ਧੀਮਾਨ, ਮਹਿੰਦਰ ਦੀਵਾਨਾ, ਅਤੇ ਹੋਰ ਕਈ ਲੇਖਕ ਆਉਂਦੇ ਸਨ। ਉਨ੍ਹਾਂ ਦਿਨਾਂ ਤੋਂ ਲੈ ਕੇ ਹੁਣ ਤੱਕ ਮੈਨੂੰ ਕਦੇ ਦਲਜੀਤ ਬਹੁਤ ਹੀ ਡੂੰਘੇ ਵਿਚਾਰਾਂ ਵਾਲਾ ਫ਼ਿਲਾਸਫ਼ਰ ਲੱਗਿਆ ਹੈ, ਕਦੇ ਇੱਕ ਮਸਤ-ਮਲੰਗ ਸੂਫ਼ੀ ਫ਼ਕੀਰ ਲੱਗਿਆ ਹੈ, ਕਦੇ ਇੱਕ ਮਾਸੂਮ ਬੱਚਾ ਦਿਸਿਆ ਹੈ, ਕਦੇ ਸਭ ਕੁਝ ਤੋਂ ਨਿਰਲੇਪ ਦਰਵੇਸ਼ ਵਾਂਗੂ ਜਾਪਿਆ ਹੈ, ਅਤੇ ਕਦੇ ਇੱਕ ਬੇਪ੍ਰਵਾਹ ਅਤੇ ਮਜ਼ਾਕੀਆ

ਇਨਸਾਨ ਲੱਗਿਆ ਹੈ। ਉਹ ਖ਼ੂਬਸੂਰਤ ਆਦਤਾਂ ਵਾਲਾ ਇੱਕ ਬਹੁਤ ਵਧੀਆ ਅਤੇ ਅਜੀਬ ਇਨਸਾਨ ਸੀ। ਉਸ ਦੇ ਚਿਹਰੇ ਤੇ ਹਮੇਸ਼ਾ ਇੱਕ ਪਿਆਰੀ ਜਿਹੀ ਮੁਸਕਰਾਹਟ ਰਹਿੰਦੀ ਸੀ ਜੋ ਬਹੁਤ ਭੇਦ-ਭਰੀ, ਰਹੱਸਮਈ, ਅਲੌਕਿਕ, ਅਤੇ ਸੂਫ਼ੀਆਨਾ ਲਗਦੀ ਸੀ। ਕਈ ਵਾਰੀ ਉਹ ਇਕੱਠ ਵਿਚ ਬੈਠਾ ਵੀ ਇਹੋ ਜਿਹੀ ਮੁਸਕਰਾਹਟ ਨਾਲ ਕਿਸੇ ਡੂੰਘੇ ਖ਼ਿਆਲਾਂ ਵਿਚ ਗੁੰਮ ਗਿਆ ਲਗਦਾ ਸੀ। ਹੁਸ਼ਿਆਰਪੁਰ ਰਹਿੰਦਿਆਂ ਹੀ ਮੈਂ ਦਲਜੀਤ ਦੇ ਛੋਟੇ ਭਰਾ ਸੁਖਬੀਰ ਨੂੰ ਮਿਲਿਆ ਸੀ ਜੋ ਦਲਜੀਤ ਨੂੰ ਮਿਲਣ ਅਕਸਰ ਹੀ ਆਉਂਦਾ ਰਹਿੰਦਾ ਸੀ। ਦਲਜੀਤ ਅਤੇ ਸੁਖਬੀਰ ਦੇ ਸੁਭਾ ਵਿਚ ਬਹੁਤ ਫ਼ਰਕ ਸੀ। ਸੁਖਬੀਰ ਆਮ ਹੀ ਕਹਿ ਦਿੰਦਾ ਸੀ, "ਇਹ ਸਾਲਾ ਐਵੇਂ ਕਵਿਤਾ ਮਗਰ ਪਿਆ ਹੋਇਆ।" ਸੁਖਬੀਰ ਅਮਰੀਕਾ ਦੇ ਨੈਸ਼ਵਿਲ ਸ਼ਹਿਰ ਵਿਚ ਇੱਕ ਮੈਡੀਕਲ ਕਾਲਜ ਵਿਚ ਪ੍ਰੋਫੈਸਰ ਹੈ ਪਰ ਹਾਲੇ ਵੀ ਉਸ ਨੂੰ ਗੱਲ ਗੱਲ ਨਾਲ 'ਸਾਲਾ' ਕਹਿਣ ਦੀ ਆਦਤ ਹੈ। ਦਲਜੀਤ ਅਤੇ ਸੁਖਬੀਰ ਵਿਚ ਭਰਾਵਾਂ ਵਾਲੇ ਰਿਸ਼ਤੇ ਨਾਲੋਂ ਦੋਸਤਾਂ ਵਾਲਾ ਰਿਸ਼ਤਾ ਵੱਧ ਸੀ। ਦਲਜੀਤ ਹੁਰਾਂ ਦਾ ਪਿੰਡ ਟਾਂਡੇ ਕੋਲ ਬਸੀ ਜਲਾਲ ਸੀ ਪਰ ਦਲਜੀਤ ਦਾ ਜਨਮ ਪੂਨਾ ਸ਼ਹਿਰ ਦਾ ਸੀ ਜਿੱਥੇ ਉਸ ਨੇ ਬਚਪਨ ਦੇ ਕੁਝ ਸਾਲ ਬਿਤਾਏ ਸਨ।

ਇਸ਼ਕ ਦਲਜੀਤ ਦੇ ਹੱਡਾਂ ਵਿਚ ਰਚਿਆ ਹੋਇਆ ਸੀ। ਜਦੋਂ ਅਸੀਂ ਹੁਸ਼ਿਆਰਪੁਰ ਰਹਿੰਦੇ ਸੀ ਤਾਂ ਡੋਗਰਾ ਹੋਸਟਲ ਦੇ ਬਿਲਕੁਲ ਸਾਹਮਣੇ ਸੜਕ ਦੇ ਦੂਜੇ ਪਾਸੇ ਇੱਕ ਪਰਿਵਾਰ ਰਹਿੰਦਾ ਸੀ ਜਿਨ੍ਹਾਂ ਦੀ ਲੜਕੀ 20 ਸਾਲ ਦੇ ਆਲ਼ੇ ਦੁਆਲੇ ਸੀ। ਦਲਜੀਤ ਨੂੰ ਉਸ ਨਾਲ ਇਸ਼ਕ ਹੋ ਗਿਆ। ਦਲਜੀਤ ਸਵੇਰ ਤੋਂ ਹੀ ਤਿਆਰ ਹੋ ਕੇ ਆਪਣੇ ਕਮਰੇ ਦੀ ਖਿੜਕੀ ਕੋਲ ਬੈਠ ਜਾਂਦਾ ਅਤੇ ਸਾਹਮਣਲੇ ਘਰ ਦੇ ਗੇਟ ਵਲ ਤੱਕਦਾ ਰਹਿੰਦਾ। ਇਹ ਖਿੜਕੀ ਉਸ ਲੜਕੀ ਦੇ ਘਰ ਵਲ ਹੀ ਖੁੱਲ੍ਹਦੀ ਸੀ। ਜਦੋਂ ਹੀ ਲੜਕੀ ਆਪਣੇ ਘਰੋਂ ਨਿਕਲਦੀ, ਦਲਜੀਤ ਝੱਟ ਹੀ ਉਸ ਦੇ ਮਗਰ ਚਲੇ ਜਾਂਦਾ। ਇਹ ਤਾਂ ਮੈਨੂੰ ਨਹੀਂ ਪਤਾ ਕਿ ਉਨ੍ਹਾਂ ਦਾ ਇਸ਼ਕ ਕਿੱਥੇ ਕੁ ਤੱਕ ਪਹੁੰਚਿਆ ਸੀ ਪਰ ਮੈਨੂੰ ਇਹ ਪਤਾ ਕਿ ਇਹ ਤੋੜ ਨਹੀਂ ਸੀ ਚੜ੍ਹਿਆ। ਜਦੋਂ ਦਲਜੀਤ ਦੀ ਕਵਿਤਾ ਦੀ ਪਹਿਲੀ ਕਿਤਾਬ 'ਸਮੁੰਦਰੀ ਹਵਾ' ਛਪੀ ਤਾਂ ਦਲਜੀਤ ਨੇ ਇਹ ਕਿਤਾਬ ਇਸੇ ਚੰਦਰ ਲੇਖਾ ਨਾਮੀ ਲੜਕੀ ਨੂੰ ਸਮਰਪਿਤ ਕੀਤੀ ਸੀ। 1969-70 ਤੋਂ ਬਾਦ ਦਲਜੀਤ ਨੇ ਪੜ੍ਹਾਈ ਵਲ ਬਹੁਤ ਧਿਆਨ ਦਿੱਤਾ। ਦਲਜੀਤ ਨੇ ਸਿਰਫ਼ ਅੰਗਰੇਜ਼ੀ ਦੀ ਐਮ.ਏ. ਹੀ ਨਹੀਂ ਕੀਤੀ ਸਗੋਂ ਅੰਗਰੇਜ਼ੀ ਦੇ ਸਾਹਿਤ ਨੂੰ ਰੱਜ ਕੇ ਪੜ੍ਹਿਆ ਵੀ।

ਦਲਜੀਤ ਅਤੇ ਮੇਰਾ ਦੋਹਾਂ ਦਾ ਵਿਚਾਰ ਸੀ ਕਿ ਲੇਖਕਾਂ ਨੂੰ ਪੜ੍ਹਨਾ ਜ਼ਿਆਦਾ ਚਾਹੀਦਾ ਅਤੇ ਲਿਖਣਾ ਘੱਟ ਚਾਹੀਦਾ। ਐਵੇਂ ਕਿਤਾਬਾਂ ਦੀ ਗਿਣਤੀ ਵਧਾਉਣ ਦਾ ਕੋਈ ਫ਼ਾਇਦਾ ਨਹੀਂ ਜੇ ਉਨ੍ਹਾਂ ਦੇ ਵਿਚ ਕੁਝ ਨਾ ਹੋਵੇ। ਜ਼ਿੰਦਗੀ ਵਿਚ ਲੇਖਕ ਲਿਖੇ ਭਾਵੇਂ ਇੱਕ ਦੋ ਕਿਤਾਬਾਂ ਹੀ ਪਰ ਉਨ੍ਹਾਂ ਵਿਚ ਕੋਈ ਵੱਖਰੀ ਅਤੇ ਅਰਥ-ਭਰਪੂਰ ਗੱਲ



ਹੋਵੇ। ਦਲਜੀਤ ਨੇ ਬਹੁਤ ਘੱਟ ਲਿਖਿਆ ਹੈ ਪਰ ਉਸ ਦੀਆਂ ਕਵਿਤਾਵਾਂ ਵਿਚ ਵਿਲੱਖਣਤਾ ਹੈ ਅਤੇ ਡੂੰਘਾਈ ਹੈ। ਦਲਜੀਤ ਨੇ ਕਵਿਤਾ ਦੀ ਇੱਕੋ-ਇੱਕ ਕਿਤਾਬ 'ਸਮੁੰਦਰੀ ਹਵਾ' 1986 ਵਿਚ ਛਪਵਾਈ ਸੀ ਜਿਸ ਦੀ ਪੰਜਾਬੀ ਸਾਹਿਤ ਵਿਚ ਕਾਫ਼ੀ ਚਰਚਾ ਹੋਈ ਸੀ। ਹੁਣ ਉਹ ਦੋ ਸਾਲਾਂ ਤੋਂ 'ਸਮੁੰਦਰੀ ਹਵਾ' ਦਾ ਦੂਜਾ ਐਡੀਸ਼ਨ ਅਤੇ ਇੱਕ ਨਵੀਂ ਕਿਤਾਬ ਛਪਵਾਉਣ ਦੀ ਗੱਲ ਕਰ ਰਿਹਾ ਸੀ ਪਰ ਜਿਉਂਦੇ ਜੀਅ ਉਹ ਇਹ ਕੰਮ ਨੇਪਰੇ ਨਾ ਚਾੜ੍ਹ ਸਕਿਆ। ਦਲਜੀਤ ਨੇ ਹੋਰ ਭਾਸ਼ਾਵਾਂ ਦਾ ਸਾਹਿਤ ਵੀ ਕਾਫ਼ੀ ਪੜ੍ਹਿਆ ਜੋ ਅੰਗਰੇਜ਼ੀ ਵਿਚ ਉਲਥਾ ਕੀਤਾ ਮਿਲਦਾ ਸੀ। ਹੁਣ ਵੀ ਉਹ ਲਗਾਤਾਰ ਪੜ੍ਹਦਾ ਰਹਿੰਦਾ ਸੀ। ਆਪਣੀ ਮੌਤ ਤੋਂ ਛੇ ਕੁ ਮਹੀਨੇ ਪਹਿਲਾਂ ਉਸ ਨੇ ਮੈਨੂੰ ਦੱਸਿਆ ਸੀ ਕਿ ਉਹ ਫਰਾਂਸ ਦੇ ਲੇਖਕ ਐਲਬਰਟ ਕਾਮੂਸ (Albert Camus) ਦੇ ਨਾਵਲ ਪੜ੍ਹ ਰਿਹਾ ਸੀ। ਉਸ ਨੇ ਕਾਮੂਸ ਦੇ ਨਾਵਲ The Stranger, The Fall and Exile, ਅਤੇ The Kingdom ਇਨ੍ਹਾਂ ਦਿਨਾਂ ਵਿਚ ਪੜ੍ਹੇ ਸਨ। ਉਸ ਤੋਂ ਬਾਦ ਉਹ ਆਪਣੀ ਸਪੇਨ ਵਸਦੀ ਬੇਟੀ ਕਵਿਤਾ (ਹਾਂ, ਉਸ ਨੇ ਆਪਣੀ ਵੱਡੀ ਬੇਟੀ ਦਾ ਨਾਂ 'ਕਵਿਤਾ' ਰੱਖਿਆ ਸੀ) ਨੂੰ ਸਪੇਨ ਮਿਲਣ ਗਿਆ ਤਾਂ ਸਪੇਨ ਦੇ ਮਸ਼ਹੂਰ ਲੇਖਕ ਫੈਡਰੀਕੋ ਗਰਸੀਆ ਲੋਰਕਾ (Federico Garcia Lorca) ਦਾ ਘਰ ਦੇਖ ਕੇ ਆਇਆ ਜਿਸ ਨੂੰ ਮਿਊਜ਼ੀਅਮ ਬਣਾ ਦਿੱਤਾ ਗਿਆ ਸੀ। ਉੱਥੇ ਹੀ ਉਸ ਨੇ ਆਪਣੀ ਬੇਟੀ ਕਵਿਤਾ ਤੋਂ ਲੋਰਕਾ ਦੀ ਜੀਵਨੀ ਬਾਰੇ ਲਿਖੀ ਕਿਤਾਬ ਲੈ ਕੇ ਪੜ੍ਹੀ। ਸਪੇਨ ਤੋਂ ਵਾਪਸ ਆ ਕੇ ਉਸ ਨੇ ਲੋਰਕਾ ਦੀਆਂ ਕਵਿਤਾਵਾਂ ਅਤੇ ਨਾਟਕਾਂ ਦੀਆਂ ਕਿਤਾਬਾਂ ਖ਼ਰੀਦੀਆਂ ਅਤੇ ਪੜ੍ਹੀਆਂ। ਉਹ ਲੋਰਕਾ ਦੀਆਂ ਲਿਖਤਾਂ ਦੀ ਤਾਰੀਫ਼ ਕਰਦਾ ਨਹੀਂ ਸੀ ਥੱਕਦਾ ਅਤੇ ਲੋਰਕਾ ਬਾਰੇ ਲੇਖ ਲਿਖਣ ਦੀ ਵੀ ਸੋਚ ਰਿਹਾ ਸੀ। ਉਹ ਦੱਸਦਾ ਸੀ ਕਿ ਉਸ ਨੂੰ ਲੋਰਕਾ ਦਾ ਜਨਮ ਅਸਥਾਨ ਬਿਲਕੁਲ ਪੰਜਾਬ ਵਰਗਾ ਹੀ ਲੱਗਿਆ ਸੀ।

ਦਲਜੀਤ ਵਿਚ ਮੇਰੇ ਵਾਂਗ ਹੀ ਈਰਖਾ ਅਤੇ ਹੰਕਾਰ ਬਿਲਕੁਲ ਨਹੀਂ ਸੀ। ਉਹ ਕਿਸੇ ਦੀ ਵੀ ਚੰਗੀ ਲਿਖਤ ਦੀ ਹਮੇਸ਼ਾ ਪ੍ਰਸੰਸਾ ਕਰਦਾ ਸੀ ਅਤੇ ਉਤਸ਼ਾਹ ਦਿੰਦਾ ਸੀ। ਉਹ ਆਪਣੀ ਆਲੋਚਨਾ ਵੀ ਸੁਣਨ ਲਈ ਹਮੇਸ਼ਾ ਤਿਆਰ ਰਹਿੰਦਾ ਸੀ। ਉਸ ਦੀ ਮੌਤ ਤੋਂ ਕੁਝ ਮਹੀਨੇ ਪਹਿਲਾਂ ਮੈਨੂੰ ਉਸ ਦਾ ਫ਼ੋਨ ਆਇਆ ਅਤੇ ਆਖਣ ਲੱਗਾ ਕਿ ਉਸ ਨੇ (ਪੰਜਾਬੀ ਦੇ ਮਸ਼ਹੂਰ ਕਵੀਆਂ) ਨਵਤੇਜ ਭਾਰਤੀ ਹੁਰਾਂ ਅਤੇ ਸੁਖਪਾਲ ਨਾਲ ਕਈ ਘੰਟੇ ਗੱਲ ਕੀਤੀ ਸੀ ਆਪਣੀ ਇੱਕ ਨਵੀਂ ਕਵਿਤਾ ਬਾਰੇ। ਫਿਰ ਕਹਿਣ ਲੱਗਾ, "ਯਾਰ ਉਨ੍ਹਾਂ ਨੇ ਤਾਂ ਮੇਰੀ ਕਵਿਤਾ ਬਾਰੇ ਬਹੁਤ ਵਧੀਆ ਸੁਝਾਅ ਦਿੱਤੇ ਅਤੇ ਆਲੋਚਨਾ ਵੀ ਕੀਤੀ। ਮੈਂ ਤਾਂ ਅੱਜ ਉਨ੍ਹਾਂ ਤੋਂ ਕਵਿਤਾ ਬਾਰੇ ਬਹੁਤ ਕੁਝ ਸਿੱਖਿਆ।" ਇਹ ਸੀ ਦਲਜੀਤ ਦੇ ਸੁਭਾਅ ਵਿਚ ਨਿਮਰਤਾ ਦਾ ਗੁਣ। ਉਸ ਨੇ ਮੇਰੀ ਕਹਾਣੀ 'ਸਕੂਨ' (ਜੋ ਜਨਵਰੀ-ਮਾਰਚ 2015 ਦੇ 'ਸਿਰਜਨਾ' ਮੈਗਜ਼ੀਨ ਵਿਚ ਛਪੀ ਸੀ) ਦੀ ਬੇਹੱਦ ਤਾਰੀਫ਼ ਕੀਤੀ

ਅਤੇ ਇਸ ਨੂੰ ਇੱਕ ਸ਼ਾਹਕਾਰ ਕਹਾਣੀ ਆਖਿਆ। ਕਿਸੇ ਦੂਸਰੇ ਲੇਖਕ ਦੀ ਲਿਖਤ ਦੀ ਇਹੋ ਜਿਹੀ ਤਾਰੀਫ਼ ਸਿਰਫ਼ ਦਲਜੀਤ ਹੀ ਕਰ ਸਕਦਾ ਸੀ। ਬਹੁਤੇ ਪੰਜਾਬੀ ਲੇਖਕ ਤਾਂ ਈਰਖਾ ਕਾਰਨ ਦੂਜਿਆਂ ਦੀਆਂ ਲਿਖਤਾਂ ਨੂੰ ਭੰਡਦੇ ਹੀ ਹਨ, ਉਨ੍ਹਾਂ ਦੀ ਤਾਰੀਫ਼ ਨਹੀਂ ਕਰਦੇ।

ਦਲਜੀਤ ਮੇਰਾ ਇੱਕੋ-ਇੱਕ ਅਜਿਹਾ ਦੋਸਤ ਸੀ ਜਿਸ ਨਾਲ ਮੈਂ ਲਗਭਗ ਹਰ ਵਿਸ਼ੇ ਤੇ ਗੱਲ ਕਰ ਸਕਦਾ ਸੀ। ਉਸ ਦੀ ਜਾਣਕਾਰੀ ਅਥਾਹ ਸੀ। ਅਸੀਂ ਦੋਵੇਂ ਹਰ ਹਫ਼ਤੇ ਹੀ ਦੁਨੀਆਂ ਦੀਆਂ ਆਰਥਿਕ ਸਥਿਤੀਆਂ ਅਤੇ ਰਾਜਨੀਤਕ ਅਤੇ ਸਮਾਜਿਕ ਹਾਲਤਾਂ ਬਾਰੇ ਗੱਲਾਂ ਕਰਦੇ ਰਹਿੰਦੇ ਸੀ। ਕਈ ਵਾਰੀ ਅਸੀਂ ਮਨੋਵਿਗਿਆਨ ਬਾਰੇ, ਸਟਾਕ ਮਾਰਕੀਟ ਬਾਰੇ, ਸਾਹਿਤ ਬਾਰੇ, ਮਰਦਾਂ ਬਾਰੇ, ਔਰਤਾਂ ਬਾਰੇ, ਸੰਗੀਤ ਬਾਰੇ, ਅਤੇ ਹੋਰ ਕਈ ਵਿਸ਼ਿਆਂ ਤੇ ਵੀ ਗੱਲ-ਬਾਤ ਕਰਦੇ ਰਹਿੰਦੇ ਸੀ। ਇਨ੍ਹਾਂ ਸਾਰੇ ਵਿਸ਼ਿਆਂ ਬਾਰੇ ਉਹ ਮੇਰੇ ਵਾਂਗ ਹੀ ਹਮੇਸ਼ਾ ਪੜ੍ਹਦਾ ਰਹਿੰਦਾ ਸੀ। ਭਾਵੇਂ ਅਸੀਂ ਦੋਵੇਂ ਇਨ੍ਹਾਂ ਸਾਰੇ ਵਿਸ਼ਿਆਂ ਦੇ ਮਾਹਿਰ ਨਹੀਂ ਸੀ ਪਰ ਫਿਰ ਵੀ ਸਾਨੂੰ ਕਾਫ਼ੀ ਜਾਣਕਾਰੀ ਸੀ। ਦਲਜੀਤ ਦੇ ਤੁਰ ਜਾਣ ਨਾਲ ਮੇਰੇ ਕੋਲ ਅਜਿਹਾ ਕੋਈ ਦੋਸਤ ਨਹੀਂ ਰਿਹਾ ਜਿਸ ਨਾਲ ਮੈਂ ਇਨ੍ਹਾਂ ਸਾਰੇ ਵਿਸ਼ਿਆਂ ਤੇ ਗੱਲ ਕਰ ਸਕਾਂ।

ਦਲਜੀਤ ਅਤੇ ਮੇਰੇ ਵਿਚ ਵਿਚਾਰਾਂ ਦੀ ਬਹੁਤ ਸਾਂਝ ਸੀ। ਬਹੁਤ ਸਾਰੀਆਂ ਗੱਲਾਂ ਤੇ ਅਸੀਂ ਦੋਵੇਂ ਇੱਕ ਦੂਜੇ ਨਾਲ ਪੂਰੀ ਤਰ੍ਹਾਂ ਸਹਿਮਤ ਸੀ। ਔਰਤਾਂ ਦੇ ਅਧਿਕਾਰਾਂ ਬਾਰੇ, ਵਾਤਾਵਰਨ (environment) ਨੂੰ ਸੁਧਾਰਨ ਵੱਲ ਧਿਆਨ ਦੇਣ ਬਾਰੇ, ਬੱਚਿਆਂ ਵੱਲ ਧਿਆਨ ਦੇਣ ਬਾਰੇ, ਗਲੋਬਲਾਈਜੇਸ਼ਨ ਬਾਰੇ, ਕਮਿਊਨਿਜ਼ਮ ਦੇ ਖ਼ਤਮ ਹੋਣ ਬਾਰੇ, ਪੂੰਜੀਵਾਦ ਨੂੰ ਸੁਧਾਰਨ ਦੀ ਲੋੜ ਬਾਰੇ, ਅਮੀਰਾਂ ਅਤੇ ਗ਼ਰੀਬਾਂ ਵਿਚਲੇ ਵਧ ਰਹੇ ਪਾੜੇ ਨੂੰ ਘਟਾਉਣ ਬਾਰੇ, ਸਮਲਿੰਗੀ ਲੋਕਾਂ ਦੇ ਅਧਿਕਾਰਾਂ ਬਾਰੇ, ਅਤੇ ਕੁਝ ਹੋਰ ਵਿਸ਼ਿਆਂ ਬਾਰੇ ਸਾਡੇ ਵਿਚਾਰ ਲਗਭਗ ਇੱਕੋ ਜਿਹੇ ਹੀ ਸਨ। ਜਿਨ੍ਹਾਂ ਥੋੜ੍ਹੀਆਂ ਜਿਹੀਆਂ ਗੱਲਾਂ ਵਿਚ ਅਸੀਂ ਇੱਕ ਦੂਜੇ ਤੋਂ ਵੱਖਰੇ ਸੀ ਉਨ੍ਹਾਂ ਵਿਚੋਂ ਇੱਕ ਸੀ ਦੋਸਤੀਆਂ ਪਾਉਣ ਦਾ ਸੁਭਾਅ। ਦਲਜੀਤ ਸੜਕ ਤੇ ਤੁਰਿਆ ਜਾਂਦਾ ਕਿਸੇ ਨਾਲ ਵੀ ਗੱਲੀਂ ਪੈ ਕੇ ਕੁਝ ਮਿੰਟਾਂ ਵਿਚ ਹੀ ਉਸ ਨੂੰ ਦੋਸਤ ਬਣਾ ਸਕਦਾ ਸੀ ਜਦੋਂ ਕਿ ਮੇਰੇ ਲਈ ਕਿਸੇ ਨੂੰ ਦੋਸਤ ਬਣਾਉਣ ਲਈ ਬਹੁਤ ਦੇਰ ਲਗਦੀ ਹੈ। ਜੇ ਮੈਂ ਕਿਸੇ ਦੋਸਤ ਵਿਚ ਇਖ਼ਲਾਕ ਦੀ ਗਿਰਾਵਟ ਦੇਖਾਂ, ਜਾਂ ਈਰਖਾ ਅਤੇ ਹੰਕਾਰ ਦੀ ਬਹੁਤਾਤ ਦੇਖਾਂ ਤਾਂ ਮੈਂ ਇਹੋ ਜਿਹੇ ਦੋਸਤ ਤੋਂ ਛੇਤੀਂ ਹੀ ਪਿੱਛੇ ਹਟ ਜਾਂਦਾ ਹਾਂ। ਪਰ ਦਲਜੀਤ ਲਈ ਇੰਜ ਕਰਨਾ ਬਹੁਤ ਔਖਾ ਸੀ।

ਦਲਜੀਤ ਅਤੇ ਮੇਰੇ ਵਿਚ ਇੱਕ ਹੋਰ ਜੋ ਸਾਂਝ ਸੀ ਉਹ ਸੀ ਰਸਮਾਂ ਰਿਵਾਜ਼ਾਂ ਮਗਰ ਨਾ ਲੱਗਣਾ ਅਤੇ ਇਨ੍ਹਾਂ ਤੋਂ ਬਿਲਕੁਲ ਅਣਭਿੱਜ ਰਹਿਣਾ। ਜੇ ਅਸੀਂ ਕਿਸੇ ਥਾਂ ਵਿਆਹ ਜਾਂ ਹੋਰ ਮੌਕੇ ਤੇ ਜਾਣਾ ਹੁੰਦਾ ਤਾਂ ਮੈਂ ਦਲਜੀਤ ਨੂੰ ਫ਼ੋਨ ਕਰ ਕੇ ਪੁੱਛਣਾ ਕਿ



ਸਾਨੂੰ ਕੀ ਲੈਣ-ਦੇਣ ਕਰਨਾ ਚਾਹੀਦਾ। ਉਸ ਦਾ ਜਵਾਬ ਹੁੰਦਾ ਸੀ, "ਯਾਰ ਮੈਨੂੰ ਨਹੀਂ ਇਨ੍ਹਾਂ ਗੱਲਾਂ ਦਾ ਪਤਾ। ਆਹ ਲੈ ਰਾਜ ਨੂੰ ਪੁੱਛ ਲੈ।" ਅਤੇ ਉਸ ਨੇ ਫ਼ੋਨ ਆਪਣੀ ਪਤਨੀ ਰਾਜਵੰਤ ਮੋਖਾ ਨੂੰ ਫੜਾ ਦੇਣਾ। ਰਾਜ ਭੈਣ ਜੀ ਨੂੰ ਪੰਜਾਬੀਆਂ ਦੀ ਹਰ ਰਸਮ-ਰਿਵਾਜ ਦੀ ਜਾਣਕਾਰੀ ਹੈ।

ਦਲਜੀਤ ਅਤੇ ਮੈਂ ਦੋਹਾਂ ਨੇ ਹੀ ਜ਼ਿੰਦਗੀ ਵਿਚ ਪੈਸੇ ਦੀ ਕਦੇ ਪ੍ਰਵਾਹ ਨਹੀਂ ਕੀਤੀ। ਅਸੀਂ ਦੋਹਾਂ ਨੇ ਹੀ ਬਹੁਤ ਪੈਸੇ ਆਪਣੀਆਂ ਨੌਕਰੀਆਂ ਤੋਂ ਕਮਾਏ ਵੀ, ਗੁਆਏ ਵੀ, ਅਤੇ ਚੈਰੀਟੇਬਲ (ਦਾਨ ਵਾਲੇ) ਕੰਮਾਂ ਲਈ ਵੀ ਦਿੱਤੇ। ਹਿੰਦੁਸਤਾਨ ਛੱਡਣ ਤੋਂ ਬਾਦ ਅਸੀਂ ਇੱਕ ਦੂਜੇ ਨੂੰ ਕਈ ਸਾਲ ਨਹੀਂ ਸੀ ਮਿਲੇ। ਦਲਜੀਤ 1988 ਵਿਚ ਅਮਰੀਕਾ ਆਇਆ ਸੀ ਅਤੇ ਕਈ ਥਾਈਂ ਛੋਟੀਆਂ ਛੋਟੀਆਂ ਨੌਕਰੀਆਂ ਕਰਦਾ ਰਿਹਾ। 1992 ਵਿਚ ਉਹ ਨਿਊ ਯਾਰਕ ਆ ਗਿਆ ਅਤੇ ਉਸ ਨੂੰ ਬੈਂਕ ਆਫ਼ ਨਿਊ ਯਾਰਕ ਵਿਚ ਇੱਕ ਵਧੀਆ ਨੌਕਰੀ ਮਿਲ ਗਈ। (ਦਲਜੀਤ ਹਿੰਦੁਸਤਾਨ ਵਿਚ ਪੰਜਾਬ ਐਂਡ ਸਿੰਧ ਬੈਂਕ ਵਿਚ ਮੈਨੇਜਰ ਰਿਹਾ ਸੀ।) ਮੈਂ ਉਸ ਵੇਲੇ ਅਮਰੀਕਾ ਦੀ ਕਨੈਟੀਕਟ ਸਟੇਟ ਯੂਨੀਵਰਸਿਟੀ ਵਿਚ ਪੜ੍ਹਾ ਰਿਹਾ ਸੀ। ਸਾਲ 1995 ਵਿਚ ਮੈਂ ਨਿਊ ਯਾਰਕ ਪੜ੍ਹ ਰਹੀ ਆਪਣੀ ਬੇਟੀ ਹਰਪ੍ਰੀਤ ਨੂੰ ਮਿਲਣ ਆਇਆ ਤਾਂ ਦਲਜੀਤ ਨੂੰ ਮਿਲਿਆ। ਉਹ ਨਿਊ ਯਾਰਕ ਵਿਚ ਵਲਡ ਟਰੇਡ ਸੈਂਟਰ (World Trade Center) ਦੇ ਨੇੜੇ ਹੀ ਬੈਂਕ ਦੇ ਦਫ਼ਤਰ ਵਿਚ ਕੰਮ ਕਰਦਾ ਸੀ। ਅਸੀਂ ਉਸ ਦੇ ਕੰਮ ਦੇ ਨੇੜੇ ਹੀ ਸਲਾਮ ਬੰਬੇ (Salaam Bombay) ਰੈਸਟੋਰੈਂਟ ਵਿਚ ਦੁਪਹਿਰ ਦੇ ਖਾਣੇ ਲਈ ਮਿਲੇ। ਮੇਰੇ ਨਾਲ ਮੇਰੀ ਬੇਟੀ ਅਤੇ ਉਸ ਦੀ ਇੱਕ ਸਹੇਲੀ ਸਨ। ਖਾਣੇ ਤੋਂ ਬਾਦ ਪੈਸੇ ਦੇਣ ਪਿੱਛੇ ਸਾਡੀ ਖ਼ੂਬ ਲੜਾਈ ਹੋਈ। ਪਰ ਜਿੱਤ ਦਲਜੀਤ ਦੀ ਹੀ ਹੋਈ। ਉਸ ਤੋਂ ਬਾਦ ਅਸੀਂ ਜਦੋਂ ਵੀ ਮਿਲਣਾ, ਪੈਸੇ ਦੇਣ ਬਦਲੇ ਹਰ ਵਾਰੀ ਸਾਡੀ ਲੜਾਈ ਹੋਣੀ। ਅਖੀਰ ਮੈਂ ਕਿਤੇ ਵੀ ਉਸ ਨਾਲ ਖਾਣ-ਪੀਣ ਲਈ ਜਾਣ ਤੋਂ ਪਹਿਲਾਂ ਹੀ ਫ਼ੈਸਲਾ ਕਰ ਲੈਣਾ ਕਿ ਉਸ ਵਾਰੀ ਪੈਸੇ ਕੌਣ ਦੇਵੇਗਾ।

ਦਲਜੀਤ ਇੱਕ ਬੇਪ੍ਰਵਾਹ ਅਤੇ ਅਲਬੇਲਾ ਇਨਸਾਨ ਸੀ ਜੋ ਕਈ ਵਾਰੀ ਆਪਣੇ ਹੀ ਖ਼ਿਆਲਾਂ ਵਿਚ ਆਪਣੀ ਹੀ ਦੁਨੀਆਂ ਵਿਚ ਵਿਚਰ ਰਿਹਾ ਹੁੰਦਾ ਸੀ। ਜਿਵੇਂ ਮੈਂ ਪਹਿਲਾਂ ਕਿਹਾ, ਉਹ ਰਾਹੇ ਜਾਂਦੇ ਰਾਹੀਆਂ ਨਾਲ ਆਮ ਹੀ ਗੱਲੀਂ ਪੈ ਜਾਂਦਾ ਸੀ।

ਦਲਜੀਤ ਨੂੰ ਬੱਚਿਆਂ ਨਾਲ ਪਿਆਰ ਸੀ, ਆਪਣੀਆਂ ਧੀਆਂ ਨਾਲ ਹੀ ਨਹੀਂ ਸਗੋਂ ਹੋਰ ਲੋਕਾਂ ਦੇ ਬੱਚਿਆਂ ਨਾਲ ਵੀ ਬਹੁਤ ਪਿਆਰ ਸੀ। ਉਸ ਨੂੰ ਧੀਆਂ ਨਾਲ ਖ਼ਾਸ ਕਰ ਕੇ ਪਿਆਰ ਸੀ। ਉਹ ਹਮੇਸ਼ਾ ਆਪਣੀਆਂ ਧੀਆਂ, ਕਵਿਤਾ ਅਤੇ ਹਰਲੀਨ, ਦੀਆਂ ਗੱਲਾਂ ਮੇਰੇ ਨਾਲ ਕਰਦਾ ਰਹਿੰਦਾ ਸੀ ਅਤੇ ਮੇਰੀ ਬੇਟੀ ਬਾਰੇ ਮੈਥੋਂ ਪੁੱਛਦਾ ਰਹਿੰਦਾ ਸੀ। ਉਸ ਨੂੰ ਪਤਾ ਸੀ ਕਿ ਫਰਵਰੀ 2017 ਵਿਚ ਉਸ ਨੇ ਇੱਕ ਦੋਹਤੀ ਦਾ ਨਾਨਾ ਬਣ ਜਾਣਾ ਸੀ। ਉਹ ਇਸ ਖ਼ੁਸ਼ੀ ਵਿਚ ਫੁੱਲਿਆ ਨਹੀਂ ਸੀ ਸਮਾਉਂਦਾ। ਉਸ ਨੂੰ ਇਸ ਦੋਹਤੀ

(ਜਿਸ ਦਾ ਨਾਂ ਅਰਜ਼ੋਈ ਰੱਖਿਆ ਹੈ) ਦੀ ਆਮਦ ਦੀ ਬੇਹੱਦ ਉਡੀਕ ਅਤੇ ਖ਼ੁਸ਼ੀ ਸੀ। ਪਰ ਇਸ ਦੋਹਤੀ ਨੂੰ ਦੇਖਣਾ ਅਤੇ ਉਸ ਦੀ ਖ਼ੁਸ਼ੀ ਨੂੰ ਮਾਨਣਾ ਉਸ ਦੇ ਨਸੀਬਾਂ ਵਿਚ ਨਹੀਂ ਸੀ। ਦਲਜੀਤ ਆਪਣੀ ਦੋਹਤੀ ਅਰਜ਼ੋਈ ਦੇ ਜਨਮ ਤੋਂ ਦੋ ਮਹੀਨੇ ਪਹਿਲਾਂ ਸਭ ਨੂੰ ਅਲਵਿਦਾ ਕਹਿ ਗਿਆ ਸੀ।

ਦਲਜੀਤ ਇਨਸਾਫ਼ ਪਸੰਦ ਇਨਸਾਨ ਸੀ। ਉਹ ਹੱਦ ਦਰਜੇ ਦਾ ਇਮਾਨਦਾਰ ਅਤੇ ਸੱਚਾ ਇਨਸਾਨ ਸੀ। ਉਸ ਵਿਚ ਕਿਸੇ ਵਿਰੁੱਧ ਕੋਈ ਈਰਖਾ ਨਹੀਂ ਸੀ। ਉਹ ਕਦੇ ਵੀ ਕਿਸੇ ਦੇ ਸੂਲ਼ਾਂ ਨਹੀਂ ਸੀ ਚੋਭਦਾ ਅਤੇ ਕਦੇ ਵੀ ਕਿਸੇ ਦੋਸਤ ਦੀ ਪਿੱਠ ਵਿਚ ਛੁਰਾ ਨਹੀਂ ਸੀ ਮਾਰਦਾ।

ਦਲਜੀਤ ਨੂੰ ਮਜ਼ਾਕ ਕਰਨ ਅਤੇ ਸਮਝਣ (sense of humor) ਦੀ ਬਹੁਤ ਸਮਝ ਸੀ। ਅਸੀਂ ਜਦੋਂ ਵੀ ਇਕੱਠੇ ਹੁੰਦੇ ਤਾਂ ਮਜ਼ਾਕ ਦੀਆਂ ਗੱਲਾਂ ਵੀ ਜ਼ਰੂਰ ਕਰਦੇ। ਜਦੋਂ ਅਸੀਂ ਮਜ਼ਾਕ ਸ਼ੁਰੂ ਕਰਦੇ ਤਾਂ ਰਾਜਵੰਤ ਭੈਣ ਜੀ ਝੱਟ ਪੱਟ ਹੱਸ ਕੇ ਕਹਿ ਦਿੰਦੇ, "ਲਓ ਹੁਣ ਹੋ ਗਏ ਸ਼ੁਰੂ ਦੋਵੇਂ ਭਰਾ। ਹੁਣ ਇਨ੍ਹਾਂ ਦੀਆਂ ਗੱਲਾਂ ਸੁਣੀ ਜਾਇਓ।" ਦਲਜੀਤ ਨੇ ਮਜ਼ਾਕ ਕਰਦਿਆਂ ਕਈ ਵਾਰੀ ਹੱਥ ਤੇ ਹੱਥ ਮਾਰ ਕੇ ਖਿੜ-ਖਿੜਾ ਕੇ ਹੱਸਣਾ। ਇਹ ਉਸ ਦੀ ਬਹੁਤ ਵੱਡੀ ਖ਼ੂਬੀ ਸੀ। ਉਸ ਨੂੰ ਮਜ਼ਾਕ ਕਰਨਾ ਅਤੇ ਮਜ਼ਾਕ ਤੇ ਹੱਸਣਾ ਆਉਂਦਾ ਸੀ। ਇੱਕ ਵਾਰੀ ਅਸੀਂ ਦਲਜੀਤ ਹੁਰਾਂ ਦੇ ਘਰ ਹੀ ਬੈਠੇ ਸੀ ਤਾਂ ਗੱਲਾਂ ਕਰਦੇ ਕਰਦੇ ਉਸ ਨੇ ਮੇਰੀ (ਕੱਟੀ ਹੋਈ) ਦਾੜ੍ਹੀ ਵਲ ਦੇਖ ਕੇ ਕਿਹਾ:

"ਪ੍ਰੇਮ, ਤੈਨੂੰ ਪਤਾ ਗੋਰੀਆਂ ਨੂੰ ਦਾੜ੍ਹੀ ਬਹੁਤ ਪਸੰਦ ਐ?"

"ਮੈਨੂੰ ਨਹੀਂ ਪਤਾ। ਪਰ ਤੈਨੂੰ ਕਿਵੇਂ ਪਤਾ?" ਉਹ ਮੇਰੇ ਇਹ ਪੁੱਛਣ ਤੇ ਮੇਰੇ ਹੱਥ ਤੇ ਹੱਥ ਮਾਰ ਕੇ ਹੱਸ ਪਿਆ।

"ਯਾਰ ਮੈਨੂੰ ਕਈ ਗੋਰੀਆਂ ਨੇ ਇਹ ਤਾਂ ਕਿਹਾ ਕਿ ਉਹ ਮੈਨੂੰ ਬਹੁਤ ਪਸੰਦ ਕਰਦੀਆਂ ਪਰ ਇਹ ਕਿਸੇ ਨੇ ਨਹੀਂ ਦੱਸਿਆ ਕਿ ਉਹ ਦਾੜ੍ਹੀ ਕਰ ਕੇ ਪਸੰਦ ਕਰਦੀਆਂ ਜਾਂ ਕਿ ਵੈਸੇ ਹੀ।" ਮੈ ਫਿਰ ਕਿਹਾ ਅਤੇ ਅਸੀਂ ਦੋਵੇਂ ਜ਼ੋਰ ਜ਼ੋਰ ਦੀ ਹੱਸ ਪਏ।

"ਹੋ ਸਕਦਾ ਦਾੜ੍ਹੀ ਕਰ ਕੇ ਹੀ ਹੋਵੇ।" ਉਸ ਨੇ ਮੁਸਕਰਾਉਂਦਿਆਂ ਕਿਹਾ। ਅਸੀਂ ਕਾਫ਼ੀ ਦੇਰ ਇਸ ਬਾਰੇ ਗੱਲਾਂ ਕਰਦੇ ਹੱਸਦੇ ਰਹੇ।

ਤਿੰਨ ਦਸੰਬਰ 2016 ਨੂੰ ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਮੀਟਿੰਗ ਸੀ। ਪੰਜਾਬ ਤੋਂ 'ਵਾਹਗਾ' ਮੈਗਜ਼ੀਨ ਦਾ ਸੰਪਾਦਕ ਚਰਨਜੀਤ ਸਿੰਘ ਸੋਹਲ ਵੀ ਨਿਊ ਯਾਰਕ ਆਇਆ ਹੋਇਆ ਸੀ। ਦਲਜੀਤ ਮੀਟਿੰਗ ਵਿਚ ਚਰਨਜੀਤ ਸੋਹਲ ਨੂੰ ਲੈ ਕੇ ਆਇਆ। ਉਸ ਨੇ ਦੱਸਿਆ ਕਿ ਜਦੋਂ ਉਹ ਹਾਈਵੇਅ ਤੇ ਕਾਰ ਵਿਚ ਆ ਰਹੇ ਸਨ ਤਾਂ ਇੱਕ ਔਰਤ ਨੇ ਅਚਾਨਕ ਹੀ ਇੱਕ ਦਮ ਆਪਣੀ ਕਾਰ ਉਨ੍ਹਾਂ ਦੀ ਕਾਰ ਦੇ ਅੱਗੇ ਲੈ ਆਂਦੀ ਅਤੇ ਦਲਜੀਤ ਨੂੰ ਜ਼ੋਰ ਨਾਲ ਬਰੇਕ ਲਾ ਕੇ ਐਕਸੀਡੈਂਟ ਤੋਂ ਬਚਣਾ ਪਿਆ।



ਜਦੋਂ ਉਹ ਮੀਟਿੰਗ ਵਿਚ ਪਹੁੰਚਿਆ ਤਾਂ ਹਾਲੇ ਵੀ ਡਰ ਨਾਲ ਕੰਬ ਰਿਹਾ ਸੀ ਅਤੇ ਆਖ ਰਿਹਾ ਸੀ, "ਯਾਰ ਅੱਜ ਤਾਂ ਮਰ ਚਲੇ ਸੀ। ਮਸਾਂ ਬਚਾਅ ਹੋਇਆ।" ਇਸ ਘਟਨਾ ਨੇ ਉਸ ਨੂੰ ਇਤਨਾ ਡਰਾ ਦਿੱਤਾ ਸੀ ਕਿ ਜਦੋਂ ਉਹ ਮੀਟਿੰਗ ਵਾਲੀ ਜਗ੍ਹਾ ਤੇ ਪਹੁੰਚ ਕੇ ਆਪਣੀ ਕਾਰ ਸੜਕ ਤੇ ਪਾਰਕ ਕਰਨ ਲੱਗਾ ਤਾਂ ਉਸ ਤੋਂ ਆਪਣੀ ਕਾਰ ਇੱਕ ਦੋਸਤ ਦੀ ਸੜਕ ਤੇ ਖੜ੍ਹੀ ਕਾਰ ਵਿਚ ਵੱਜੀ। ਉਹ ਇਸ ਦਾ ਅਫ਼ਸੋਸ ਉਸ ਦੋਸਤ ਕੋਲ ਕਈ ਦਿਨ ਫ਼ੋਨ ਕਰ ਕਰ ਕੇ ਕਰਦਾ ਰਿਹਾ। ਇਹ ਨਹੀਂ ਸੀ ਪਤਾ ਕਿ ਉਸ ਦਿਨ ਉਸ ਦਾ ਬਚਾਅ ਇਸ ਕਰ ਕੇ ਹੋ ਗਿਆ ਸੀ ਕਿ ਉਸ ਕੋਲ ਹਾਲੇ 23 ਕੁ ਦਿਨ ਹੋਰ ਸਨ ਜਿਉਂਦੇ ਰਹਿਣ ਲਈ।

ਦਲਜੀਤ ਕੰਮ ਕਰਨ ਵਿਚ ਬਹੁਤ ਫੁਰਤੀਲਾ ਸੀ। ਆਲਸ ਉਸ ਦੇ ਨੇੜੇ ਵੀ ਨਹੀਂ ਸੀ ਆਈ। ਉਸ ਦੀ ਸਿਹਤ ਹਾਲੇ ਬਹੁਤ ਹੀ ਵਧੀਆ ਸੀ। ਉਹ ਹਰ ਰੋਜ਼ ਸੈਰ ਕਰਦਾ ਸੀ। ਖਾਣੇ ਵਲ ਖ਼ਾਸ ਧਿਆਨ ਦਿੰਦਾ ਸੀ। ਉਹ 69 ਸਾਲ ਦਾ ਹੋ ਕੇ ਵੀ ਹਾਲੇ ਜਵਾਨ ਲਗਦਾ ਸੀ। ਇੰਜ ਲਗਦਾ ਸੀ ਜਿਵੇਂ ਹਾਲੇ ਮਸਾਂ 55 ਕੁ ਸਾਲ ਦੇ ਆਲ਼ੇ ਦੁਆਲੇ ਹੋਵੇ। ਉਹ ਹਮੇਸ਼ਾ 90 ਸਾਲ ਦੀ ਉਮਰ ਤੱਕ ਜੀਣ ਦੀ ਗੱਲ ਕਰਦਾ ਸੀ ਪਰ ਮੌਤ ਦਾ ਭੇਦ ਕਿਸੇ ਨੇ ਨਹੀਂ ਪਾਇਆ ਕਿ ਇਹ ਕਦੋਂ ਆ ਜਾਵੇ। ਬਹੁਤ ਲੋਕ ਹਨ ਜੋ ਕਈ ਕਈ ਸਾਲ ਬਿਮਾਰੀਆਂ ਨਾਲ ਜੂਝਦੇ ਮੰਜੇ ਤੇ ਪਏ ਰਹਿੰਦੇ ਹਨ ਅਤੇ ਮੌਤ ਨੂੰ ਹਰ ਪਲ ਹਾਕਾਂ ਮਾਰਦੇ ਹਨ ਪਰ ਮੌਤ ਨਹੀਂ ਆਉਂਦੀ। ਪਰ ਕੁਝ ਲੋਕ ਦਲਜੀਤ ਵਾਂਗ ਬਹੁਤ ਸਿਹਤਮੰਦ ਹੁੰਦੇ ਹੋਏ ਵੀ ਜਾਣ ਲੱਗੇ ਨਹੀਂ ਦੱਸਦੇ। ਉਹ ਹੁਣੇ ਨੱਠੇ ਭੱਜੇ ਫਿਰਦੇ ਹਨ ਅਤੇ ਅਗਲੇ ਪਲ ਹੀ ਇਸ ਦੁਨੀਆਂ ਤੋਂ ਚਲੇ ਜਾਂਦੇ ਹਨ। ਮੌਤ ਕਿਸੇ ਦਾ ਲਿਹਾਜ਼ ਨਹੀਂ ਕਰਦੀ। ਮੌਤ ਉਮਰ ਨਹੀਂ ਦੇਖਦੀ। ਮੌਤ ਚੰਗੀ ਜਾਂ ਮਾੜੀ ਸਿਹਤ ਨਹੀਂ ਦੇਖਦੀ। ਇਹ ਸਭ ਦੇਖ ਕੇ ਹੀ ਬਜ਼ੁਰਗਾਂ ਦੀਆਂ ਕਹੀਆਂ ਗੱਲਾਂ ਯਾਦ ਆਉਂਦੀਆਂ ਹਨ ਅਤੇ ਸੱਚੀਆਂ ਲਗਦੀਆਂ ਹਨ ਕਿ ਸਾਡੇ ਸਭ ਰਿਸ਼ਤੇ ਲੇਖੇ-ਹਿਸਾਬ ਦੇ ਰਿਸ਼ਤੇ ਹੀ ਹਨ ਅਤੇ ਜਿੰਨੇ ਸਾਹ ਲਿਖੇ ਹਨ ਉਤਨੇ ਸਾਹ ਲੈ ਕੇ ਅਸੀਂ ਤੁਰਦੇ ਹੋਣਾ ਹੈ। ਇਹ ਸੋਚਦਿਆਂ ਬਾਬਾ ਫ਼ਰੀਦ ਦਾ ਲਿਖਿਆ ਹੇਠਲਾ ਸਲੋਕ ਯਾਦ ਆਉਂਦਾ ਹੈ:

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥

ਕਵੀਸ਼ਰ ਕਰਨੈਲ ਸਿੰਘ ਪਾਰਸ ਦੇ ਮਸ਼ਹੂਰ ਗੀਤ "ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ ਇੱਕ ਜਾਵੇ" ਦੇ ਕਹਿਣ ਵਾਂਗ ਇਹ ਜੱਗ ਆਵਾ-ਜਾਈ ਵਾਲਾ ਸਥਾਨ ਹੈ। ਜੋ ਵੀ ਇੱਥੇ ਆਇਆ ਹੈ ਉਸ ਨੇ ਇੱਕ ਦਿਨ ਚਲੇ ਜਾਣਾ ਹੈ। ਪਰ ਜੇ ਜਾਣ

ਵਾਲਾ ਪੂਰੀ ਅਤੇ ਲੰਬੀ ਉਮਰ ਭੋਗ ਕੇ ਜਾਵੇ ਤਾਂ ਦੁੱਖ ਘੱਟ ਲਗਦਾ ਹੈ। ਪਰ ਜੇ ਜਾਣ ਵਾਲਾ ਇੱਕ ਵਧੀਆ ਇਨਸਾਨ ਹੋਵੇ ਅਤੇ ਛੇਤੀਂ ਅਲਵਿਦਾ ਕਹਿ ਜਾਵੇ ਤਾਂ ਦੁੱਖ ਬਹੁਤ ਜ਼ਿਆਦਾ ਲਗਦਾ ਹੈ। ਦਲਜੀਤ ਦੇ ਜਾਣ ਨਾਲ ਇਵੇਂ ਹੀ ਮਹਿਸੂਸ ਹੋਇਆ ਹੈ। ਇੰਜ ਲਗਦਾ ਜਿਵੇਂ ਦਲਜੀਤ ਆਪਣੇ ਸਾਰੇ ਦੋਸਤਾਂ ਨੂੰ ਅਤੇ ਪਰਿਵਾਰ ਨੂੰ ਵਿਧਵਾ ਕਰ ਗਿਆ ਹੋਵੇ। ਉਸ ਦੀ ਘਾਟ ਅਤੇ ਉਸ ਦਾ ਵਿਗੋਚਾ ਹਮੇਸ਼ਾ ਹੀ ਮਹਿਸੂਸ ਹੁੰਦਾ ਰਹੇਗਾ। ਅਖੀਰ ਵਿਚ, ਬੁੱਲ੍ਹੇ ਸ਼ਾਹ ਦਾ ਇੱਕ ਸ਼ੇਅਰ ਹੈ:

ਬੁੱਲ੍ਹੇ ਸ਼ਾਹ ਇੱਥੇ ਸਭ ਮੁਸਾਫ਼ਿਰ, ਕਿਸੇ ਸਦਾ ਨਹੀਂ ਰਹਿਣਾ।
ਆਪੋ ਆਪਣੀ ਵਾਟ ਮੁਕਾ ਕੇ, ਸਭ ਨੂੰ ਤੁਰਨਾ ਪੈਣਾ।

•



## ਦਲਜੀਤ ਮੋਖਾ ਦਾ ਕਾਵਿ-ਪ੍ਰਤੀਰੂਪ (Poetic Model)

**ਮੋਹਨਜੀਤ**

ਦਲਜੀਤ ਮੋਖਾ ਉਹਨਾਂ ਪੁਰਖਾਂ 'ਚੋਂ ਹੈ ਜੋ ਪ੍ਰਕਿਰਤੀ ਰਾਹੀਂ ਜੀਵਨ ਦਾ ਰਹੱਸ ਲੱਭਦੇ ਹਨ। ਉਹ ਪ੍ਰਕਿਰਤੀ ਨਿਹਾਰਦਾ ਹੈ। ਪ੍ਰਕਿਰਤੀ ਵਾਂਗ ਵਿਹਾਰ ਕਰਦਾ ਹੈ। ਪ੍ਰਕਿਰਤੀ ਉਹਦਾ ਪਹਿਨਣ-ਪੋਸ਼ਣ, ਵੇਖਣ-ਪਰਖਣ, ਆਹਾਰ-ਵਿਹਾਰ ਹੈ। ਨਿਰਭਉ, ਨਿਰਵੈਰ। ਇਹ ਸਹਿਜ ਅਵਸਥਾ ਹੈ। ਸਹਿਜ ਭਾਅ ਆਉਣਾ, ਵਿਚਰਨਾ-ਵਿਚਾਰਨਾ, ਚਿਤਵਣਾ। ਸਹਿਜ ਭਾਅ ਤੁਰ ਜਾਣਾ। ਮਨ ਹਸੇ ਮਨ ਰੋਇ, ਚੁੱਪ ਵੀ ਕਰ ਜਾਏ। ਇਹ ਮੋਖੇ ਦੀ ਜੀਵਨ-ਜਾਚ ਹੈ। ਉਹਦੇ ਕਾਵਿ 'ਚ ਇਸੇ ਰਹੱਸ ਦੀ ਚਰਚਾ ਹੈ।

ਦਰਸ਼ਨ ਇਸ ਕਾਵਿ ਦਾ ਬੀਜ ਹੈ। ਜ਼ਿੰਦਗੀ ਵਿਖਾਵੇ ਅਤੇ ਭਰਮ-ਭੁਲੇਖੇ ਤੋਂ ਪਰੇ ਹੈ। ਇਹ ਖ਼ੁਦ-ਰੌਅ ਹੈ। ਛਲ-ਭੇਖ ਤੋਂ ਦੂਰ। ਜਨਮ, ਬਾਲਪਨ, ਜੁਆਨੀ, ਬੁਢਾਪਾ ਤੇ ਅੰਤ। ਪੜ੍ਹਨਾ-ਲਿਖਣਾ, ਕਿਰਤ ਕਰਨਾ, ਗ੍ਰਹਿਸਥ, ਬੱਚੇ, ਉਹਨਾਂ ਦੀ ਦੇਖ-ਰੇਖ, ਉਹਨਾਂ ਨਾਲ ਜੁੜਿਆ ਸਵੈ। ਕੰਮ 'ਤੇ ਜਾਣਾ, ਸੈਰ ਕਰਨਾ, ਸੁੰਦਰਤਾ ਨੂੰ ਮਾਣਨਾ, ਖ਼ੁਸ਼ੀ-ਗ਼ਮੀ, ਸਿਰਜਣਾ, ਯਾਨਿ ਜੀਵਨ ਦੀ ਧੁੱਪ-ਛਾਂ। ਮੋਖਾ ਇਸ ਪਾਸਾਰੇ ਨੂੰ ਵੇਖਦਾ ਅਤੇ ਕਾਵਿ-ਭਾਸ਼ਾ 'ਚ ਪਰਵਰਤਿਤ ਕਰਦਾ ਹੈ। ਇਹ ਉਹਦਾ ਰਚਨਾ-ਵਿਹਾਰ ਹੈ। ਇਥੇ ਅਸੀਂ ਉਸਦੀ ਕਵਿਤਾ 'ਜਿਊਣਾ' ਦੀ ਰਚਨਾ-ਪ੍ਰਕਿਰਿਆ ਨੂੰ ਵਿੰਹਦੇ ਹਾਂ। ਥੋੜ੍ਹਾ ਬਹੁਤਾ ਕਰਕੇ ਇਹ ਉਹਦੇ ਕਾਵਿ ਦਾ ਪ੍ਰਤੀਰੂਪ ਹੈ।

### ਜਿਊਣਾ

(1)
ਸੱਠਾਂ ਨੂੰ ਢੁੱਕਾ ਹਾਂ
ਅਜੇ ਨਹੀਂ ਮੁੱਕਾ ਹਾਂ
ਕੰਮ 'ਤੇ ਜਾਂਦਾ ਹਾਂ
ਸੈਰ ਵੀ ਕਰਦਾ ਹਾਂ
ਨਜ਼ਮ ਵੀ ਲਿਖ ਲੈਂਦਾ ਹਾਂ
ਕਿਊ ਗਾਰਡਨਜ਼ ਹਿਲਜ਼ ਦੇ
ਘਣੇ ਬਿਰਖਾਂ ਹੇਠ ਖੜ੍ਹਦਾ
ਪਰਿੰਦਿਆਂ ਦੀ ਸਿੰਫ਼ਨੀ ਸੁਣਦਾ
ਪੁਰਖਿਆਂ ਨਾਲ ਜੁੜਦਾ ਹਾਂ

ਨਿਹਾਲ ਹੋ ਪੁੱਛਦਾ ਹਾਂ
ਹੇ ਬਾਲੇ! ਹੇ ਮਰਦਾਨੇ!
ਹੈ ਏਥੇ ਕਿਤੇ
ਤੁਹਾਡੇ ਅੰਗ-ਸੰਗ
ਚਿੰਤਕ-ਸ਼ਾਇਰ: ਜਨ-ਨਾਨਕ
ਮੇਰੇ ਰੋਮ ਰੋਮ 'ਚ ਵਗਦੀ
ਪੌਣ-ਪੈਰੀ ਸਿੰਫ਼ਨੀ, ਮਲਕੜੇ ਜਿਹੇ,
ਕਵਿਤਾ ਅੰਦਰ ਕਰਦੀ ਹੈ ਪਰਵੇਸ਼

(2)
ਪੜ੍ਹਦਾ ਹਾਂ, ਸੋਚਦਾ ਹਾਂ
ਰਚਦਾ ਹਾਂ, ਗੁਣਗੁਣਾਉਂਦਾ ਹਾਂ
ਮੀਂਹ 'ਚ ਨੱਚਦਾ ਹਾਂ
ਧੁੱਪ 'ਚ ਹੱਸਦਾ ਹਾਂ
ਤਮਸ ਵੇਲੇ ਹਨ੍ਹੇਰੇ ਖ਼ਿਲਾਫ਼
ਆਪਣੀ ਮਿੱਟੀ ਦੇ ਅਨੁਕੂਲ
ਸਿਰਜਦਾ ਹਾਂ, ਸੁਫਨੇ ਵਿਦਰੋਹੀ
ਇੰਝ ਕਰਦਿਆਂ ਮੈਂ, ਜਿਊਂਦਾ ਹਾਂ
ਮੈਂ ਹਾਂ, ਤਾਂ ਜਿਊਂਦਾ ਹਾਂ
ਉਹ ਪੁੱਛਦੇ ਨੇ ਬੱਚਿਆਂ ਦੀ ਸ਼ਾਦੀ ਨਹੀਂ ਹੋਈ
ਮੈਂ ਮੁਸਕਰਾ ਛੱਡਦਾ ਹਾਂ
ਇਹ ਮਸਲਾ ਮੇਰਾ ਨਹੀਂ
ਜਿਸਦਾ ਹੈ ਉਸਦਾ ਹੀ ਹੈ
ਉਸ ਪਾਸ ਹੀ ਰਹਿਣ ਦਿਉ
ਮੈਂ ਹਾਂ, ਜਿਊਣ ਜੋਗਿਓ,
ਮੈਂ ਜਿਊਣ 'ਚ ਹਾਂ
ਉਹਨਾਂ ਨੂੰ ਵੀ ਜਿਊਣ ਦਿਓ!

(3)
ਮੇਰਾ ਨੌਜਵਾਨ ਗਵਾਂਢੀ



ਸਕੱਲ-ਕੈਪ ਪਾਈ, ਵੀਕ-ਐਂਡ 'ਤੇ
ਸਿਨੇਗਾਗ ਜਾਂਦਾ ਅਕਸਰ ਟੱਕਰਦਾ ਹੈ
'ਹੈਲੋ' ਕਰ ਹੀ ਲੈਂਦੇ ਹਾਂ ਅਸੀਂ
ਵੀਕ-ਡੇਅਜ਼, ਸੁਬਾਹ ਕੰਮ 'ਤੇ ਜਾਂਦਾ
ਦੇਰ ਰਾਤ ਘਰ ਵਾਪਿਸ ਆਉਂਦਾ
ਬੀਵੀ ਤੇ ਬੱਚੀ ਉਡੀਕ 'ਚ ਰਹਿੰਦੀਆਂ
ਥੱਕਿਆ ਰਹਿੰਦਾ ਹੈ ਹਰ ਵਕਤ
ਪੁੱਛ ਹੀ ਲੈਂਦਾ ਹੈ ਇਕ ਦਿਨ
'ਤੁਸੀਂ ਸੱਠਾਂ ਨੂੰ ਪੁੱਜੇ
ਹਰ ਰੋਜ਼ ਕੰਮ 'ਤੇ ਜਾਂਦੇ
ਸੈਰ ਕਰਦੇ, ਪੜ੍ਹਦੇ, ਲਿਖਦੇ
ਕਿਵੇਂ ਰਹਿੰਦੇ ਹੋ ਸੰਤੁਲਿਤ
ਕਿਵੇਂ ਰਹਿੰਦੇ ਹੋ ਟੈਨਸ਼ਨ-ਫਰੀ
ਮੌਤ ਤੋਂ ਭਓ ਨਹੀਂ ਆਉਂਦਾ ਕੀ?'
ਮੈਂ ਹੱਸ ਕੇ ਆਖਦਾ ਹਾਂ-
'ਨੋ ਵਰੀਜ਼' ਮੇਰੇ ਬੱਚੇ ਉਡਾਰੂ ਨੇ
ਜਾਂ ਮੇਰੀ ਬੀਵੀ-ਮੈਨੂੰ ਪਤਾ ਨਹੀਂ
ਨਾ ਹੀ ਲੋੜ ਹੈ ਪੜਤਾਲਣ ਦੀ
ਪਰ ਜਾਣਦਾ ਹਾਂ, ਜਿਊਂਦਾ ਹਾਂ ਮੈਂ
ਜਿਊਣ 'ਚ ਰਹਿੰਦਾ ਹਾਂ, ਅਕਸਰ,
ਭਰਪੂਰ ਜਿਊਣ ਵਿਚ
ਮੌਤ ਦਾ ਕੀ ਹੈ: ਅਟੱਲਤਾ
ਇਸਦਾ ਵੀ ਹੋਣਾ ਚਾਹੀਦੈ
ਯਥਾਯੋਗ ਸਵਾਗਤ
ਕੀ ਅਸੀਂ ਕਰਦੇ ਨਹੀਂ ਸਵਾਗਤ
ਨਵ-ਜੰਮੇ ਬੇਬੀ ਦਾ
ਨਦੀ ਦੇ ਵਗਣ ਦਾ
ਸਮੁੰਦਰ ਦੇ ਸ਼ੂਕਣ ਦਾ
ਫੁੱਲਾਂ ਦੇ ਖਿੜਨ ਦਾ
ਕਰੂੰਬਲਾਂ ਦੇ ਫੁੱਟਣ ਦਾ

ਪੱਤਝੜ ਦੇ ਜਲੌਅ ਦਾ...'
ਆਖ਼ਿਰ, ਸੈਨਤ ਕਰਦਾ ਹਾਂ ਓਸਨੂੰ:
ਔਹ ਜੋ ਪਰਿੰਦੇ
ਘਣੇ ਬਿਰਖਾਂ 'ਤੇ ਬੈਠੇ
ਸਿੰਫਨੀ ਛੇੜ ਰਹੇ ਨੇ
ਸੁਣਿਆ ਹੈ ਕਦੇ ਉਹਨਾਂ ਨੂੰ
ਉਹ ਤਾਂ ਕਬੀਰ ਨੂੰ ਗਾਉਂਦੇ ਨੇ
ਜਿਸੁ ਮਰਨੇ ਤੇ ਜਗੁ ਡਰੈ
ਮੇਰੇ ਮਨਿ ਆਨੰਦੁ...

ਇਸ ਕਵਿਤਾ ਦੇ ਤਿੰਨ ਹਿੱਸੇ ਹਨ ਅਤੇ ਦੋ ਕਾਵਿ-ਪਾਤਰ (ਸਿਰਜਤ ਪਾਤਰ)

1.

ਇਸ ਹਿੱਸੇ ਦਾ ਆਰੰਭ ਆਖ਼ਰੀ ਉਮਰ 'ਚ ਬੰਦੇ ਦੇ ਕਾਰ-ਵਿਹਾਰ ਦੇ ਲੇਖੇ-ਜੋਖੇ ਨਾਲ ਹੈ। ਇਹ ਹਿੱਸਾ ਸਿਰਜਤ-ਪਾਤਰ (ਕਵੀ) ਨਾਲ ਸੰਬੰਧਿਤ ਹੈ। ਬੰਦਾ ਸਹਿਜ ਜੀਵਨ ਜੀਅ ਰਿਹਾ ਹੈ। ਸੱਠਾਂ ਵਰ੍ਹਿਆਂ ਦਾ ਹੋ ਗਿਆ ਹੈ। ਕੰਮ 'ਤੇ ਜਾਂਦਾ ਹੈ। ਸੈਰ ਕਰਦਾ ਹੈ। ਕਵਿਤਾ ਵੀ ਲਿਖਦਾ ਹੈ। ਸਿਰਜਣਾਤਮਕ ਰੁਚੀਆਂ ਵਾਲਾ ਹੈ। ਪੰਖੀਆਂ ਦੀ ਚਹਿਚਹਾਟ ਮਾਣਦਾ ਹੈ। ਉਹਨਾਂ ਦੀਆਂ ਆਵਾਜ਼ਾਂ ਦੀਆਂ ਧੁਨੀਆਂ ਦਾ ਆਨੰਦ। ਇਹ ਰਾਗ ਦੀਆਂ ਸੰਗੀਤਕ ਧੁਨਾਂ ਵਾਂਗ ਹਨ। ਚਿੰਤਕ ਸ਼ਾਇਰ ਨਾਨਕ ਨੂੰ ਯਾਦ ਕਰਦਾ ਹੈ, ਸਿਹਤਮੰਦ ਪਰੰਪਰਾ ਨੂੰ ਚੇਤੇ 'ਚ ਲਿਆਉਂਦਾ ਹੈ। ਇਹਦੇ ਨਾਲ ਇਕ-ਸੁਰ ਹੁੰਦਾ ਹੈ।

2.

ਕਵਿਤਾ ਦਾ ਦੂਜਾ ਹਿੱਸਾ ਵੀ ਇਸ ਸਹਿਜ ਜੀਵਨ ਕਰਮ ਦਾ ਅਗਲਾ ਪੜਾਅ ਹੈ। ਪਹਿਲੇ ਹਿੱਸੇ ਵਾਲਾ ਕਾਵਿ-ਪਾਤਰ ਪੜ੍ਹਦਾ ਹੈ। ਸੋਚਦਾ ਵੀ ਹੈ। ਸੋਚਣਾ ਜੀਵਨ ਦਾ, ਮਨ ਦਾ, ਬੁੱਧੀ ਦਾ, ਸਮੱਸਿਆਵਾਂ/ਮਸਲਿਆਂ ਦਾ ਵਿਸ਼ਲੇਸ਼ਣ/ਸੰਸਲੇਸ਼ਣ/ਮੰਥਣ ਦਾ ਪੜਾਅ ਹੈ। ਆਪਣੀ ਵਿਤ ਅਨੁਸਾਰ ਅਨ੍ਹੇਰੇ ਨਾਲ, ਗ਼ੈਰ-ਸਿਹਤਮੰਦ ਰੁਚੀਆਂ ਵਿਰੁੱਧ ਜੂਝਣ ਦੇ ਤਰੀਕੇ ਲੱਭਦਾ ਹੈ। ਕੋਈ ਬੱਚਿਆਂ ਬਾਰੇ ਪੁੱਛਦਾ ਹੈ ਤਾਂ ਦਸਦਾ ਹੈ, ਇਹ ਮਸਲਾ ਉਹਨਾਂ ਦੀ ਜ਼ਿੰਦਗੀ ਨਾਲ ਸੰਬੰਧਿਤ ਹੈ। ਉਹਨਾਂ ਆਪਣਾ, ਆਪਣੀ ਮਰਜ਼ੀ ਦਾ ਜੀਵਨ ਜਿਊਣਾ ਹੈ। ਇਸ ਵਿਚ ਮੇਰੇ ਦਖ਼ਲ ਦਾ ਕੋਈ ਮਾਇਨਾ ਨਹੀਂ। ਹਰ ਵਿਅਕਤੀ ਆਪਣੇ ਹਿੱਸੇ ਦਾ ਜੀਵਨ ਜਿਊਣ ਲਈ ਆਪਣੀ ਇੱਛਾ ਦਾ ਮਾਲਕ ਹੈ। ਹਰ ਇਕ ਨੂੰ ਆਪਣੇ ਵਰਗਾ (ਸਵੈ-ਇੱਛਾ ਵਾਲਾ) ਜੀਵਨ ਜੀਣ ਦਿਉ। ਇਸ ਤਰ੍ਹਾਂ ਮੈਂ



ਵੀ ਚੰਗੇਰਾ ਜੀਅ ਸਕਾਂਗਾ।

3.

ਕਵਿਤਾ ਦੇ ਤੀਜੇ ਹਿੱਸੇ 'ਚ ਗੱਲ ਦੇ ਤੋੜ ਵਜੋਂ ਮੁੱਦਾ ਸਪੱਸ਼ਟ ਕਰਦਾ ਹੈ। ਹੁਣ ਪਾਠ ਵਿਚ ਦੂਜਾ ਕਾਵਿ-ਪਾਤਰ ਪਰਵੇਸ਼ ਕਰਦਾ ਹੈ। ਇਹ ਕਾਵਿ-ਪਾਤਰ ਉਹਦਾ ਨੌਜਵਾਨ ਗੁਆਂਢੀ ਹੈ। ਧਾਰਮਿਕ ਰੁਚੀਆਂ ਵਾਲਾ। ਵੀਕ-ਐਂਡ 'ਤੇ ਗਿਰਜੇ ਜਾਂਦਾ ਹੈ। ਸਕੱਲ-ਕੈਪ ਪਾਉਂਦਾ ਹੈ। ਇਹ ਮਨ ਨੂੰ ਸ਼ਾਂਤ ਰੱਖਣ ਦੇ ਵਸੀਲੇ ਹਨ। ਸਕੱਲ-ਕੈਪ ਨਾਲ ਵਿਅਕਤੀ ਤਣਾਅ-ਮੁਕਤ ਹੋਣ ਦਾ ਸਬਬ ਬਣਾਉਂਦਾ ਹੈ। ਸਪਤਾਹ-ਅੰਤ 'ਤੇ ਵੀ ਕੰਮ 'ਤੇ ਜਾਂਦਾ ਹੈ। ਗਈ ਰਾਤ ਘਰ ਪਰਤਦਾ ਹੈ। ਥੱਕਿਆ-ਟੁੱਟਿਆ ਹੈ। ਉਹਦੀ ਬੀਵੀ ਅਤੇ ਬੱਚੀ ਉਹਨੂੰ ਉਡੀਕਦੀਆਂ ਹਨ। ਸਪੱਸ਼ਟ ਹੈ ਸਾਰੇ ਤਣਾਅ 'ਚ ਹਨ।

ਵੇਖਦਾ ਹੈ, ਉਹਦਾ ਗੁਆਂਢੀ ਸੱਠਾਂ ਵਰ੍ਹਿਆਂ ਦਾ ਹੋ ਕੇ ਵੀ ਸਹਿਜ ਜੀਵਨ ਜਿਊਂਦਾ ਹੈ। ਕੰਮ 'ਤੇ ਜਾਂਦਾ ਹੈ। ਸੈਰ ਕਰਦਾ ਹੈ। ਪੜ੍ਹਦਾ ਹੈ। ਪੁੱਛਦਾ ਹੈ-'ਸੰਤੁਲਿਤ ਕਿਵੇਂ ਰਹਿੰਦੇ ਹੋ ? ਮੌਤ ਤੋਂ ਡਰ ਨਹੀਂ ਲੱਗਦਾ ?' ਪਹਿਲਾ ਕਾਵਿ-ਪਾਤਰ ਜਵਾਬ ਦਿੰਦਾ ਹੈ-'ਕਾਹਦਾ ਡਰ ? ਸਭ ਕੁਝ ਆਪਣੀ ਥਾਂ ਟਿਕਾਓ 'ਚ ਹੈ। ਮੌਤ ਦੀ ਚਿੰਤਾ ਤਾਂ ਹੋਏ ਜੇ ਇਹਦੀ ਅਟੱਲਤਾ ਦਾ ਪਤਾ ਨਾ ਹੋਏ ! ਇਸ ਨੇ ਤਾਂ ਆਉਣਾ ਹੈ। ਅੱਜ ਨਹੀਂ ਤਾਂ ਕੱਲ। ਫਿਰ ਗ਼ਮ ਕਿਸ ਗੱਲ ਦਾ ? ਇਸ ਦਾ ਵੀ ਉਸੇ ਤਰ੍ਹਾਂ ਸਵਾਗਤ ਕਰਨਾ ਚਾਹੀਦਾ ਹੈ ਜਿੱਦਾਂ ਨਵੇਂ ਜੰਮੇ ਬੱਚੇ ਦਾ। ਨਦੀ ਦੇ ਵਹਿਣ ਦਾ, ਸਮੁੰਦਰ ਦੀਆਂ ਲਹਿਰਾਂ ਦੇ ਸ਼ੂਕਣ ਦਾ, ਫੁੱਲਾਂ ਦੇ ਖਿੜਨ ਦਾ, ਪੱਤਝੜ ਦੀ ਸੁੰਦਰਤਾ ਦਾ।'

ਆਖ਼ਿਰ ਪਹਿਲਾ ਕਾਵਿ-ਪਾਤਰ ਗੱਲ ਇੱਥੇ ਨਿਬੇੜਦਾ ਹੈ ਕਿ ਬਿਰਖਾਂ 'ਤੇ ਬੈਠੇ ਪੰਖੀਆਂ ਦੀਆਂ ਆਵਾਜ਼ਾਂ 'ਚੋਂ ਜੋ ਧੁਨੀਆਂ ਨਿਕਲਦੀਆਂ ਹਨ, ਉਹ ਕਬੀਰ ਜੀ ਦੇ ਸ਼ਬਦ ਹਨ। ਕਹਿੰਦੇ ਹਨ ਜਿਸ ਮੌਤ ਤੋਂ ਦੁਨੀਆ ਡਰਦੀ ਹੈ, ਮੈਂ ਉਸਦਾ ਆਨੰਦ ਮਾਣਦਾ ਹਾਂ ਕਿਉਂਕਿ ਮਰਨ ਉਪਰੰਤ ਹੀ ਪ੍ਰੀਤਮ ਨਾਲ ਮਿਲਾਪ ਹੋਏਗਾ। ਮੌਤ ਵਿਚ ਸੰਜੋਗ ਦੀ ਮਹਿਕ ਹੈ। ਚਿੰਤਾ ਦੇ ਸਾਹਵੇਂ ਇਹ ਅਚਿੰਤਾ ਦਾ ਜਾਪ ਹੈ। ਇਹ ਮ੍ਰਿਤੂ ਦੀ ਸੁਭਾਵਿਕਤਾ ਦਾ ਗਾਇਨ ਹੈ। ਤਮਸ (ਹਨ੍ਹੇਰੇ) ਸਾਹਵੇਂ ਆਲੋਕ (ਚਾਨਣ) ਦੀ ਜਗਮਗਾਹਟ ਹੈ। ਇਹ ਆਲੋਕ-ਪਰਵ ਹੈ।

ਇਸ ਕਵਿਤਾ ਵਿਚ ਮੋਖਾ ਜ਼ੈੱਨ-ਵਿਹਾਰ (Zen Living) ਦੇ ਰੂਬਰੂ ਹੈ।

ਜੇ ਇਸ ਕਵਿਤਾ ਦਾ ਹੋਰ ਪ੍ਰਤੀਰੂਪ (Model) ਵੇਖਣਾ ਹੋਏ ਤਾਂ ਦਲਜੀਤ ਮੋਖਾ ਦੀ ਕਵਿਤਾ 'ਬੀਵੀ' ਵੇਖੀ ਜਾ ਸਕਦੀ ਹੈ। ਇਹ 'ਪਹੁੰਚ-ਅਵਸਥਾ' ਦਾ ਕਾਵਿ ਹੈ। ਆਨੰਦ ਦੀ ਅਵਸਥਾ।

•

# ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ

**ਅੰਬਰੀਸ਼**

ਦਲਜੀਤ ਮੋਖਾ ਦੀ ਇਕ ਕਵਿਤਾ 'ਜਿਊਣਾ' ਵਿਚ ਅੰਕਿਤ ਕਬੀਰ ਦੇ ਇਸ ਦੋਹੇ 'ਤੇ ਜ਼ਰਾ ਅਟਕਦਾ ਤੇ ਆਸ ਕਰਦਾ ਹਾਂ ਕਿ ਅਕਸਮਾਤ ਆਈ ਮੌਤ ਦੇ ਪਲੀਂ ਉਹਦੇ ਮਨ 'ਚ ਕੁਝ ਇੰਝ ਦੇ ਇਹਸਾਸ ਹੋਣਗੇ। ਕਿਉਂਕਿ ਉਹਦੀ ਇਸੇ ਕਵਿਤਾ 'ਚ ਜਦੋਂ ਉਹਦਾ ਇਕ ਨੌਜਵਾਨ ਗਵਾਂਢੀ ਉਸ ਤੋਂ ਪੁੱਛਦਾ ਹੈ:

ਤੁਸੀਂ ਸੱਠਾਂ ਨੂੰ ਪੁੱਜੇ
ਹਰ ਰੋਜ਼ ਕੰਮਾਂ 'ਤੇ ਜਾਂਦੇ
ਸੈਰ ਕਰਦੇ, ਪੜ੍ਹਦੇ, ਲਿਖਦੇ
ਕਿਵੇਂ ਰਹਿੰਦੇ ਹੋ ਸੰਤੁਲਿਤ
ਕਿਵੇਂ ਰਹਿੰਦੇ ਹੋ ਟੈਨਸ਼ਨ-ਫ਼ਰੀ
ਮੌਤ ਤੋਂ ਭਓ ਨਹੀਂ ਆਉਂਦਾ ?

ਤਾਂ ਉਹ ਕਹਿੰਦਾ ਹੈ:

ਨੋ ਵਰੀਜ਼, ਮੇਰੇ ਬੱਚੇ ਉਡਾਰੂ ਨੇ
....
ਪਰ ਜਾਣਦਾ ਹਾਂ, ਜਿਊਂਦਾ ਹਾਂ ਮੈਂ
ਜਿਊਣ 'ਚ ਰਹਿੰਦਾ ਹਾਂ, ਅਕਸਰ
ਭਰਪੂਰ ਜਿਊਣ 'ਚ
ਮੌਤ ਦਾ ਕੀ ਹੈ: ਅਟੱਲਤਾ
ਇਸ ਦਾ ਵੀ ਹੋਣਾ ਚਾਹੀਦੈ
ਯਥਾਯੋਗ ਸਵਾਗਤ

ਉਹਦੀਆਂ ਬਹੁਤੀਆਂ ਕਵਿਤਾਵਾਂ 'ਚ ਇੰਝ ਜਿਉਣ ਦਾ ਜਸ਼ਨ ਮਨਾਉਣ ਤੇ ਮੌਤ ਤੋਂ ਬੇਖ਼ੌਫ਼ੀ ਦਾ ਜ਼ਿਕਰ ਹੈ। ਪਰ ਅਜੇ ਤਾਂ ਉਹਦਾ ਜਿਊਣ ਦਾ ਸਮਾਂ ਸੀ- ਭਰਪੂਰ ਜਿਊਣ ਦਾ। ਹਰ ਪਲ ਨੂੰ ਭਰਪੂਰ ਜਿਊਣਾ ਹੀ ਉਹਦਾ ਅੰਦਾਜ਼ ਸੀ। ਮੇਰੀਆਂ ਉਹਦੇ ਨਾਲ ਮਿਲਣੀਆਂ ਗਿਣਵੀਆਂ ਕੁ ਸਨ, ਪਰ ਉਹਦੇ ਇਸੇ ਅੰਦਾਜ਼ ਕਾਰਨ ਅਭੁੱਲ ਨੇ।

ਸੰਨ 2012 'ਚ ਮੈਂ ਬਾਲਟੀਮੋਰ ਆਪਣੇ ਚਾਚੇ ਕੋਲ ਗਿਆ। ਉਸਨੂੰ ਮਿਲਣ



ਨਿਊਯੌਰਕ ਗਿਆ, ਕੁਈਨਜ਼ 'ਚ ਉਹਦੇ ਘਰ 'ਚ ਇਕ ਰਾਤ ਰਿਹਾ। ਅਸਾਂ ਡੇਢ ਕੁ ਦਿਨ 'ਕੱਠਿਆਂ ਗੁਜ਼ਾਰਿਆ। ਨਿਊਯੌਰਕ ਦੇ ਮਸ਼ਹੂਰ ਸੈਂਟਰਲ ਪਾਰਕ 'ਚ ਘੁੰਮਦਿਆਂ, ਮਿਊਜ਼ੀਅਮ ਔਫ਼ ਮਾਡਰਨ ਆਰਟ 'ਚ ਵਿਸ਼ਵ-ਪ੍ਰਸਿੱਧ ਚਿਤਰਕਾਰਾਂ ਦੀਆਂ ਤਸਵੀਰਾਂ ਤੱਕਦਿਆਂ, ਸਟੈਚੂ ਔਫ਼ ਲਿਬਰਟੀ 'ਤੇ ਚੜ੍ਹਦਿਆਂ, ਨਿਊਯੌਰਕ ਦੀਆਂ ਟਰੇਨਾਂ 'ਤੇ ਸਫ਼ਰ ਕਰਦਿਆਂ ਉਹਦੇ ਮਨਪਸੰਦ ਕੌਫ਼ੀ ਹਾਊਸ ਚੇਨ 'ਸਟਾਰ ਬਕਸ' ਦੇ ਰੈਸਤੋਰਾਂ 'ਚ ਕੌਫ਼ੀ ਪੀਂਦਿਆਂ। ਉਹ ਗੱਲਾਂ ਕਰਨ ਦਾ ਸ਼ੌਕੀਨ ਸੀ। ਬੇਬਾਕ ਤੇ ਬਿੰਦਾਸ ਸੀ। ਉਹ ਆਪਣੀ ਜੌਬ, ਪਤਨੀ, ਕਵਿਤਾ, ਅਮਰੀਕਾ ਦੇ ਜੀਵਨ ਆਦਿ ਬਾਰੇ ਗੱਲਾਂ ਸੁਣਾਉਂਦਾ ਰਿਹਾ। ਖ਼ਾਸ ਕਰਕੇ ਆਪਣੀਆਂ ਬੇਟੀਆਂ ਬਾਰੇ ਗੱਲਾਂ ਕਰਦਿਆਂ ਉਹਦੇ ਬੋਲਾਂ 'ਚੋਂ ਉਨ੍ਹਾਂ ਪ੍ਰਤੀ ਉਹਦਾ ਪ੍ਰੇਮ ਤੇ ਉਹਨਾਂ 'ਤੇ ਮਾਣ ਉਮੜ-ਉਮੜ ਪੈਂਦਾ ਸੀ। ਉਹ ਉਨ੍ਹਾਂ ਦਾ ਪਿਤਾ ਘੱਟ ਤੇ ਦੋਸਤ ਜ਼ਿਆਦਾ ਜਾਪਦਾ ਸੀ। ਉਹਦੀ ਇਕ ਨਜ਼ਮ 'ਬੀਵੀ' 'ਚ ਇਹਦੀ ਕੰਨਸੋਅ ਮਿਲਦੀ ਹੈ:

ਅਣਛੋਹੇ ਰਾਹਾਂ 'ਤੇ ਚਲਦੀ ਹੈ
ਜਦ ਧੀ ਮੇਰੀ
ਅਣਡਿੱਠੇ ਮੁਲਕਾਂ 'ਚ ਕਰਦੀ ਹੈ
ਲੰਮੇ ਸਫ਼ਰ
....
ਬੀਵੀ ਮੇਰੀ
ਝਿੜਕਦੀ ਹੈ ਮੈਨੂੰ
ਤੂੰ ਹੀ ਵਿਗਾੜਿਐ
ਤੇਰੇ 'ਤੇ ਹੀ ਗਈਆਂ
....
ਬਾਪ ਬਣ ਕੇ ਰਿਹਾ ਕਰ
ਦਬਦਬਾ ਰੱਖਿਆ ਕਰ
ਧੀਆਂ 'ਤੇ

ਪਰ ਮੋਖਾ ਦਬਦਬਾ ਰੱਖਣ ਵਾਲਾ ਨਹੀਂ, ਪ੍ਰੇਮ ਕਰਨ ਵਾਲ਼ਾ ਸੀ। ਧੀਆਂ ਨੂੰ ਤਾਂ ਕੀ, ਉਹ ਦੋਸਤਾਂ, ਗਵਾਂਢੀਆਂ, ਸਭਨਾਂ ਨੂੰ ਪ੍ਰੇਮ ਕਰਦਾ ਸੀ। ਅਮਰੀਕਾ 'ਚ ਰਹਿੰਦਿਆਂ ਯਹੂਦੀ, ਗੋਰੇ, ਮੈਕਸੀਕਨ, ਕਾਲੇ, ਪੰਜਾਬੀ... ਉਹਦੇ ਸਭ 'ਆਪਣੇ' ਸਨ। ਨਿਰੋਲ, ਸ਼ੁੱਧ, ਨਿਰਪੱਖ, ਮਾਨਵਵਾਦ ਉਹਦੀ ਕਵਿਤਾ ਦੀ ਰੂਹ ਹੈ।

ਧਿਆਨ ਨਾਲ ਅਤੇ ਪੂਰਨ ਰੂਪ 'ਚ ਉਹਦੀਆਂ ਸਾਰੀਆਂ ਕਵਿਤਾਵਾਂ ਪੜ੍ਹਨ ਉਪਰੰਤ, ਉਹਦੀ ਹੋਂਦ ਦੇ ਕਈ ਹੋਰ ਆਯਾਮ ਉਜਾਗਰ ਹੁੰਦੇ ਨੇ, ਉਹਦੇ ਹੋਰ ਕਈ

ਸਰੋਕਾਰ ਸਾਹਮਣੇ ਆਉਂਦੇ ਨੇ।

ਪਰ ਹਰ ਪਲ ਨੂੰ ਭਰਪੂਰ ਜਿਊਣਾ, ਬੇਸ਼ੱਕ, ਉਹਦੀ ਮੌਤ ਤੋਂ ਵੱਡਾ ਸਰੋਕਾਰ ਸੀ। ਕਵਿਤਾ 'ਗਜਾਧਾਰੀ' ਵਿਚ ਉਹ ਲਿਖਦਾ ਹੈ:

ਉਡਾਣ 'ਚ ਰਹਿੰਦਾ ਹਾਂ ਅਕਸਰ
ਬੋਹੜ ਦੀ ਬੋਦੀ 'ਚੋਂ
ਉਡਦਾ ਹਾਂ, ਉਡਦਾ

ਸੰਨ 2015 ਦੀਆਂ ਗਰਮੀਆਂ 'ਚ ਅੰਮ੍ਰਿਤਸਰ ਆਇਆ, ਦੋ ਕੁ ਘੰਟਿਆਂ ਵਾਸਤੇ, ਬੀਵੀ ਸਮੇਤ, ਉਹ ਸਾਡੇ ਘਰ ਆਇਆ। ਉਹ ਪਤਲਾ ਤੇ ਸਿਹਤਯਾਬ ਦਿਸਦਾ ਸੀ। ਉਸ ਖ਼ਾਸ ਅਮਰੀਕੀ ਲਿਬਾਸ, ਟੀ-ਸ਼ਰਟ ਤੇ ਨਿੱਕਰ ਪਹਿਨੀਂ ਤਾਂ ਹੋਰ ਵੀ ਕਸਰਤੀ ਤੇ ਐਥਲੀਟ ਦਿਸਦਾ ਸੀ। ਅਸਾਂ ਖਾਣਾ ਖਾਧਾ ਤਾਂ ਉਹ ਖ਼ਾਸਾ ਪਰਹੇਜ਼ੀ ਸੀ-ਪੀਂਦਾ ਉਹ ਸੀ ਨਹੀਂ। ਉਹਦਾ ਸ਼ੌਕ ਤਾਂ ਕਵਿਤਾ ਤੇ ਦੋਸਤ ਸਨ। ਆਪਣੀ ਇਕ ਕਵਿਤਾ 'ਪਰਵਾਜ਼' ਵਿਚ ਉਹ ਜ਼ਿਕਰ ਕਰਦਾ ਹੈ:

ਮਹੀਨ ਪੁਸਤਕਾਂ, ਸ਼ਬਦ ਨਿਆਰੇ
ਅਸੀਮ ਉਡਾਣਾਂ ਭਰਦੇ
ਵਿਚ ਮਿੱਤਰ ਪਿਆਰੇ ਵਸਦੇ
ਸੀਮਾ ਦੇ ਇਸ ਪਾਰ
ਉਸ ਪਾਰ

ਉਹਦਾ ਸੁਭਾਅ ਅਤੇ ਕਵਿਤਾ ਕੁਝ ਐਸੇ ਸਨ ਕਿ ਜੇਕਰ ਅਸੀਂ ਨੇੜੇ-ਤੇੜੇ ਰਹਿੰਦੇ ਹੁੰਦੇ ਤਾਂ ਅਕਸਰ ਮਿਲਿਆ ਕਰਦੇ ਤੇ ਗੂੜ੍ਹੇ ਮਿੱਤਰ ਹੁੰਦੇ। 'ਸੱਤ ਸਮੁੰਦਰਾਂ' ਦੇ ਫ਼ਾਸਲਿਆਂ ਕਰਕੇ, ਉਹਦੇ ਨਾਲ ਬੜੀਆਂ ਘੱਟ ਤੇ ਸੰਖੇਪ ਮਿਲਣੀਆਂ ਹੀ ਸੰਭਵ ਹੋ ਸਕੀਆਂ। ਫਿਰ ਵੀ, ਦਹਾਕਿਆਂ ਪਹਿਲਾਂ ਵਾਲੀ ਉਹਦੇ ਹਰਦਿਆਲ ਨਗਰ ਜਲੰਧਰ ਰਹਿੰਦਿਆਂ ਦੀਆਂ ਅਤੇ ਉਹਦੀ ਪੁਸਤਕ 'ਸਮੁੰਦਰੀ ਹਵਾ' ਦੀਆਂ ਧੁੰਦਲੀਆਂ ਸਿਮਰਤੀਆਂ ਮੇਰੇ ਚੇਤਿਆਂ 'ਚ ਬਚੀਆਂ ਨੇ। 'ਸਮੁੰਦਰੀ ਹਵਾ' ਮੈਨੂੰ ਕੁਝ ਵੱਖਰੀ, ਆਧੁਨਿਕ ਤੇ ਉਸ ਵੇਲੇ ਦੀ ਪ੍ਰਚਲਿਤ ਪੰਜਾਬੀ ਕਵਿਤਾ ਤੋਂ ਕੁਝ ਵੱਖਰੀ ਜਾਪੀ ਸੀ।

ਇਸ ਕੁਝ ਵੱਖਰੀ ਜਾਪਦੀ ਕਵਿਤਾ ਨੂੰ- ਖ਼ਾਸ ਕਰਕੇ ਉਹਦੀ ਅਣਛਪੀ ਕਵਿਤਾ ਨੂੰ- ਪੁਸਤਕ ਰੂਪ 'ਚ ਦੇਖਣ ਦਾ ਉਹਦੇ ਦੋਸਤਾਂ ਤੇ ਪੰਜਾਬੀ ਪਾਠਕਾਂ ਨੂੰ ਇੰਤਜ਼ਾਰ ਰਹੇਗਾ। ਆਮੀਨ!

•



# ਦਲਜੀਤ ਮੋਖਾ
## ਪਿੰਡ, ਸ਼ਹਿਰ, ਨਿਊਯਾਰਕ ਤੇ ਪੰਜਾਬੀ ਲੇਖਕ

**ਨਵਤੇਜ ਭਾਰਤੀ**

1.

ਨਿਊਯਾਰਕ ਪਹਿਲੀ ਵਾਰ ਮੈਨੂੰ ਦਲਜੀਤ ਮੋਖਾ ਨੇ ਵਿਖਾਇਆ। ਤੇ ਨਿਊਯਾਰਕ ਨੇ ਪਹਿਲੀ ਵਾਰ ਦਲਜੀਤ ਮੋਖਾ। ਜਿੰਨੇ ਕੁ ਵੇਖੇ ਉਹ ਦੋਵੇਂ ਓਦੂੰ ਵੱਧ ਸਨ। ਨਿਊਯਾਰਕ ਵਿਚ ਕਈ ਨਿਊਯਾਰਕ ਸਨ ਤੇ ਮੋਖਾ ਵਿਚ ਕਈ ਮੋਖੇ। ਜਦੋਂ ਵੀ ਦੋਨਾਂ ਨੂੰ ਮਿਲਦਾ ਕੁਝ ਅਣਵੇਖਿਆ ਰਹਿ ਜਾਂਦਾ। ਹਰ ਵਾਰ ਲਗਦਾ ਜਿਵੇਂ ਪਹਿਲੀ ਵਾਰ ਮਿਲਿਆ ਹਾਂ।

ਦਲਜੀਤ ਮੋਖਾ ਪਹਿਲੀ ਵਾਰ ਮੈਨੂੰ ਨਿਊਯਾਰਕ 1994 ਵਿਚ ਮਿਲਿਆ। ਕੋਈ ਸਾਹਿਤਕ ਸੰਮੇਲਨ ਸੀ। ਓਥੇ ਉਹਨੇ ਸ਼ਾਮ ਨੂੰ ਆਪਣੇ ਘਰ ਜਾਣ ਲਈ ਮੈਨੂੰ ਆਖਿਆ; ਏਨੀ ਹੰਮ੍ਹਾ ਨਾਲ ਕਿ ਮੇਰੇ ਵਿਚ ਨਾਂਹ ਕਰਨ ਦੀ ਹਿੰਮਤ ਨਾ ਰਹੀ। ਉਹ, ਕਵੀ ਅਜਾਇਬ ਕਮਲ ਦੇ ਬੇਟੇ ਕਮਲਜੀਤ ਨਾਲ ਰਹਿੰਦਾ ਸੀ। ਕਿਰਾਏ ਦਾ ਮਕਾਨ; ਦੋ ਕਮਰੇ, ਰਸੋਈ ਤੇ ਗ਼ੁਸਲਖ਼ਾਨਾ। ਕਮਲਜੀਤ ਰਾਤ ਨੂੰ ਟੈਕਸੀ ਚਲਾਉਂਦਾ ਸੀ, ਦਿਨੇਂ ਸੌਂਦਾ ਸੀ। ਦਲਜੀਤ ਕਿਹੜਾ ਕੰਮ ਕਰਦਾ ਸੀ, ਮੈਨੂੰ ਪਤਾ ਨਹੀਂ।

ਮੈਂ ਦਲਜੀਤ ਨੂੰ ਜਾਣਦਾ ਨਹੀਂ ਸੀ। ਨਹੀਂ ਪਤਾ ਸੀ ਉਹ ਕਵੀ ਹੈ, *ਸਮੁੰਦਰੀ ਹਵਾ* ਦਾ ਕਰਤਾ ਹੈ ਤੇ ਜਲੰਧਰ ਦੇ ਸਾਹਿਤਕ ਵਾਤਾਵਰਣ ਵਿਚ ਮਕਬੂਲ ਰਿਹਾ ਹੈ। ਪ੍ਰੇਮ ਪ੍ਰਕਾਸ਼, ਜਸਵੰਤ ਦੀਦ ਤੇ ਆਰਟਿਸਟ ਸੁਰਜੀਤ ਕੌਰ ਉਹਦੇ ਮਿੱਤਰ ਸਨ। ਮੈਂ 1968 ਵਿਚ ਕੈਨੇਡਾ ਆ ਗਿਆ ਤੇ ਸਾਹਿਤਕਾਰੀ ਨੂੰ ਵਿਦਾ ਕਹਿ ਆਇਆ ਸੀ। ਮੋਖੇ ਨੇ ਓਦੋਂ ਹੀ ਲਿਖਣਾ ਆਰੰਭ ਕੀਤਾ ਹੋਣਾ ਹੈ। ਇਸ ਕਰਕੇ ਮੋਖੇ ਦੇ ਪੂਰ ਦੇ ਕਵੀਆਂ ਨੂੰ ਮੈਂ ਜਾਣਦਾ ਨਹੀਂ ਸੀ ਤੇ ਨਾ ਹੀ ਉਹ ਮੈਨੂੰ। ਮੇਰੀ ਕੋਈ ਕਾਵਿ-ਪੁਸਤਕ ਵੀ ਨਹੀਂ ਛਪੀ ਸੀ।

ਫੇਰ ਵੀ ਦਲਜੀਤ ਮੈਨੂੰ ਓਪਰਾ ਨਾ ਲੱਗਾ, ਨਾ ਹੀ ਨਿਊਯਾਰਕ। ਘਰ ਪਹੁੰਚਣ ਤਕ ਸਾਡੇ ਵਿਚ ਕਵਿਤਾ ਦੀ ਸਕੀਰੀ ਨਿਕਲ ਆਈ ਸੀ। ਮੈਂ ਦੋ-ਤਿੰਨ ਵਰ੍ਹਿਆਂ ਤੋਂ ਫੇਰ ਕਲਮ ਚੁੱਕ ਲਈ ਸੀ। ਮੋਖਾ ਮੈਨੂੰ ਉਹ ਪਾਠਕ ਲੱਗਾ ਜੀਹਨੂੰ ਕਵੀ ਲਭਦਾ ਹੈ ਤੇ ਜੋ ਕਵੀ ਨੂੰ ਲਭਦਾ ਹੈ। ਸ਼ਾਇਦ ਮੋਖਾ ਵੀ ਏਸੇ ਭਾਲ ਵਿਚ ਰਹਿੰਦਾ ਸੀ। ਪਰ ਇਸ ਮਿਲਣੀ ਵਿਚ ਅਸੀਂ ਇਕ ਦੂਜੇ ਨੂੰ ਕਵਿਤਾ ਨਹੀਂ ਸੁਣਾਈ। ਕਵਿਤਾ ਦੀਆਂ ਗੱਲਾਂ ਕੀਤੀਆਂ। ਕਵਿਤਾ ਵਰਗੇ ਵੇਲੇ ਵਿਚ ਦੀ ਲੰਘੇ। ਪੂਰੇ ਦੋ ਦਿਨ ਉਹਨੇ ਮੇਰੇ ਲੇਖੇ ਲਾ ਦਿੱਤੇ ਤੇ

ਆਪਣੀ ਮਲੰਗੀ ਵਿਚ ਸ਼ਾਮਿਲ ਕਰ ਲਿਆ।

ਇਨ੍ਹਾਂ ਦੋ ਦਿਨਾਂ ਵਿਚ ਅਸੀਂ ਨਿਊਯਾਰਕ ਥੋਹੜਾ ਵੇਖਿਆ ਇਹਦੀਆਂ ਗੱਲਾਂ ਵੱਧ ਕੀਤੀਆਂ; ਘਰ ਬੈਠਿਆਂ, ਸੜਕਾਂ 'ਤੇ ਤੁਰਦਿਆਂ, ਕਾਫ਼ੀ ਘਰ ਵਿਚ ਕਾਫ਼ੀ ਪੀਂਦਿਆਂ। ਦਲਜੀਤ ਗੱਲ ਵਿਚੋਂ ਗੱਲ ਫੜ ਲੈਂਦਾ, ਆਰੰਭ ਕਰਕੇ ਉਹਦੇ ਵਿਚੋਂ ਨਿਕਲ ਜਾਂਦਾ ਤੇ ਤੰਦ ਮੈਨੂੰ ਫੜਾ ਦਿੰਦਾ। ਉਹ ਉਹਨਾਂ ਵਿਰਲੇ ਲੋਕਾਂ ਵਿਚੋਂ ਸੀ ਜੋ ਸੁਣਨਾ ਜਾਣਦੇ ਹਨ। ਉਹ ਅੰਗਰੇਜ਼ੀ ਦੀ ਮਾਸਟਰਜ਼ ਸੀ ਤੇ ਇਸ ਭਾਸ਼ਾ ਦੇ ਸੰਸਾਰ ਤਕ ਉਹਦੀ ਪਹੁੰਚ ਸੀ। ਉਹ ਆਮ ਗੱਲ ਨੂੰ ਵੀ ਕਿਸੇ ਵੱਡੇ ਪਰਸੰਗ ਨਾਲ ਜੋੜ ਸਕਦਾ ਸੀ। ਸਾਹਿਤ, ਰਾਜਨੀਤੀ ਤੇ ਸੰਸਕ੍ਰਿਤੀ ਵਿਚ ਜੋ ਕੁਝ ਵਾਪਰ ਰਿਹਾ ਸੀ, ਉਹ ਉਹਦੀ ਟੋਹ ਰੱਖਦਾ ਸੀ ਤੇ ਇਹਨੂੰ ਆਪਣੇ ਮਿੱਤਰਾਂ ਤਕ ਭੋਰਾ ਭੋਰਾ ਵੰਡਦਾ ਰਹਿੰਦਾ ਸੀ।

ਮੈਨੂੰ ਨਿਊਯਾਰਕ ਵਿਖਾਉਣ ਦੀ ਪੇਸ਼ਕਸ਼ ਉਹਨੇ ਆਪ ਹੀ ਕੀਤੀ ਸੀ। ਏਥੋਂ ਗੱਲਾਂ ਉਧੜ ਪਈਆਂ; ਵੇਖਣਾ ਕੀ ਹੈ, ਪਿੰਡ ਵਾਲਾ ਸ਼ਹਿਰ ਨੂੰ ਕਿਵੇਂ ਵੇਖਦਾ ਹੈ, ਸ਼ਹਿਰ ਨੂੰ ਵੇਖਣਾ ਕਿਉਂ ਜ਼ਰੂਰੀ ਹੈ, ਪੰਜਾਬੀ ਲੇਖਕ ਨਿਊਯਾਰਕ ਨੂੰ ਕਿਵੇਂ ਵੇਖਦੇ ਹਨ। ਕਹਿੰਦੇ ਹਨ ਕਿ ਜੇ ਭੂਤਾਂ, ਸੱਪਾਂ ਤੇ ਦੇਵਿੰਦਰ ਸਤਿਆਰਥੀ ਦੀਆਂ ਗੱਲਾਂ ਤੁਰ ਪੈਣ ਉਹ ਮੁਕਦੀਆਂ ਨਹੀਂ। ਨਿਊਯਾਰਕ ਵੀ ਉਨ੍ਹਾਂ ਵਰਗਾ ਹੀ ਹੈ।

"ਭਾਰਤ ਤੋਂ ਆਏ ਹਰ ਪੰਜਾਬੀ ਲੇਖਕ-ਮਿੱਤਰ ਨੂੰ ਮੈਂ ਨਿਊਯਾਰਕ ਦਿਖਾਉਂਦਾ ਹਾਂ। ਪਰ ਕਿਸੇ ਨੂੰ ਇਹ ਵੱਡਾ ਲੁਧਿਆਣਾ ਦਿਸਦਾ ਹੈ, ਕਿਸੇ ਨੂੰ ਪਟਿਆਲਾ, ਕਿਸੇ ਨੂੰ ਜਲੰਧਰ। ਕਿਸੇ ਵਿਰਲੇ ਨੂੰ ਹੀ ਭਾਵੇਂ ਇਹ ਨਿਊਯਾਰਕ ਦਿਸਦਾ ਹੋਵੇ," ਦਲਜੀਤ ਨੇ ਚਾਹ ਦੀ ਘੁੱਟ ਭਰਦਿਆਂ ਗੱਲ ਸ਼ੁਰੂ ਕੀਤੀ।

ਉਹ ਸਵੇਰੇ ਸਵੇਰੇ ਚਾਹ ਬਣਾ ਲਿਆਇਆ ਸੀ। ਚਾਹ ਦੀ ਸਿਫ਼ਤ ਹੈ ਇਹਨੂੰ ਪੀਂਦਿਆਂ ਗੱਲਾਂ ਕਰਨ ਨੂੰ ਵੱਧ ਜੀਅ ਕਰਦਾ ਹੈ। ਗੱਲਾਂ ਭਾਵੇਂ ਫਲਸਫੇ ਦੀਆਂ ਹੋਣ, ਭਾਵੇਂ ਉਘ ਪਤਾਲ ਦੀਆਂ; ਨਾ ਵਿਆਕਰਣ ਦੀ ਚਿੰਤਾ, ਨਾ ਸਹੀ ਗ਼ਲਤ ਹੋਣ ਦੀ।

ਪਿਆਲਾ ਫੜੀ ਦਲਜੀਤ ਮੇਰੇ ਨਾਲ ਮੰਜੇ ਉੱਤੇ ਬਹਿ ਗਿਆ। ਰਾਤੀਂ ਉਹਨੇ ਆਸਣ ਧਰਤੀ 'ਤੇ ਲਾਇਆ ਸੀ, ਮੰਜਾ ਮੈਨੂੰ ਦਿੱਤਾ ਸੀ। ਅਸੀਂ ਦੋਵੇਂ ਮੰਜੇ 'ਤੇ ਪੈ ਸਕਦੇ ਸੀ ਪਰ ਮੇਰੇ ਲੱਖ ਕਹਿਣ 'ਤੇ ਵੀ ਉਹ ਮੰਨਿਆ ਨਹੀਂ ਸੀ।

"ਇਹ ਕਿਵੇਂ ਹੁੰਦਾ ਹੈ, ਬੰਦਾ ਫਿਰੇ ਨਿਊਯਾਰਕ, ਵੇਖੇ ਦਿੱਲੀ ?" ਮੈਂ ਕਿਹਾ।

"ਮੈਨੂੰ ਪਤਾ ਨਹੀਂ। ਮੈਂ ਸਮਝਦਾ ਸੀ ਵੇਖਣਾ ਸੁਤੇ ਸਿਧ ਹੁੰਦਾ ਹੈ; ਅੱਖ ਖੁੱਲ੍ਹੀ ਤੇ ਦੁਨੀਆ ਦਿਸੀ। ਹੁਣ ਲੱਗਦਾ ਹੈ ਅੱਖ ਖੁੱਲ੍ਹੀ ਹੀ ਨਹੀਂ, ਖ਼ਾਲੀ ਵੀ ਹੋਣੀ ਚਾਹੀਦੀ ਹੈ। ਜਿੰਨਾਂ ਚਿਰ ਅੰਦਰ ਦਿੱਲੀ ਹੈ, ਨਿਊਯਾਰਕ ਨਹੀਂ ਦਿਸਦਾ"।

"ਸੰਭਵ ਹੈ ਤੁਹਾਡੇ ਦੋਸਤ ਪਹਿਲੀ ਵਾਰ ਨਿਊਯਾਰਕ ਨੂੰ ਵੇਖਣ ਤੋਂ ਡਰਦੇ ਹੋਣ। ਨਵੀਂ ਚੀਜ਼ ਵੇਖਣ ਤੋਂ ਸ਼ਾਇਦ ਹਰ ਬੰਦਾ ਡਰਦਾ ਹੈ, ਭਾਵੇਂ ਉਹ ਸੂਰਬੀਰ ਅਰਜੁਨ ਹੀ



ਹੋਵੇ। ਤੁਹਾਡੇ ਮਿੱਤਰ ਓਹੀ ਨਿਊਯਾਰਕ ਵੇਖਦੇ ਹੋਣ ਜਿਸ ਤੋਂ ਡਰ ਨਹੀਂ ਲਗਦਾ। ਡਰ, ਸਰਵਾਈਵਲ ਦੀ ਲੋੜ ਵੀ ਹੋ ਸਕਦਾ ਹੈ"।

"ਤੇ ਇਹ ਵੀ ਹੋ ਸਕਦਾ ਹੈ", ਮੈਂ ਚਾਹ ਦੀ ਘੁੱਟ ਭਰਦਿਆਂ ਗੱਲ ਅੱਗੇ ਤੋਰੀ,"ਉਨ੍ਹਾਂ ਨੂੰ ਦਿੱਲੀ ਤੇ ਨਿਊਯਾਰਕ ਇਕੋ ਜਿਹੇ ਲਗਦੇ ਹੋਣ। ਫ਼ਰਕ ਇਹੀ ਲਗਦਾ ਹੋਵੇ ਕਿ ਨਿਊਯਾਰਕ ਦਿੱਲੀ ਤੋਂ ਵੱਡਾ ਹੈ, ਬਿਲਡਿੰਗਾਂ ਉੱਚੀਆਂ ਹਨ, ਸਟੋਰਾਂ ਵਿਚ ਚੀਜ਼ਾਂ ਬਹੁਤੀਆਂ ਹਨ ਤੇ ਸੜਕਾਂ ਦਫ਼ਤਰਾਂ ਵਿਚ ਲੋਕ ਵੱਖਰੇ ਹਨ। ਤੇ ਬੋਲੀ ਵੱਖਰੀ ਹੈ। ਉਨ੍ਹਾਂ ਨੂੰ ਦਿੱਲੀ, ਬੰਬਈ ਭਵਿੱਖ ਵਿਚ ਬਣ ਰਹੇ ਨਿਊਯਾਰਕ ਦਿਸਦੇ ਹੋਣ"।

ਦਲਜੀਤ ਨੇ ਗਰਮ ਚਾਹ ਨਾਲ ਪਿਆਲੇ ਫੇਰ ਭਰ ਦਿੱਤੇ। ਪਿਆਲੇ ਨੂੰ ਪਲੋਸਦਾ ਭਾਫ਼ ਦੇ ਛੱਲੇ ਵੇਖਣ ਲੱਗ ਗਿਆ। ਦੋ ਮਿੰਟ ਚੁੱਪ ਰਿਹਾ, ਫੇਰ ਕਹਿੰਦਾ,"ਚਾਹ ਦਾ ਸੁਆਦ ਕਾਹਦੇ ਵਿਚ ਹੈ; ਘੁੱਟਾਂ ਵਿਚ ਜਾਂ ਭਾਫ਼ ਦੇ ਕੁੰਡਲਾਂ ਵਿਚ" ?

"ਦੋਹਾਂ ਵਿਚ ਤੇ ਹੋਰ ਚੀਜ਼ਾਂ ਵਿਚ ਵੀ ਜਿਵੇਂ ਪਿਆਲੇ ਵਿਚ ਚਮਚਾ ਖੜਕਣ ਵਿਚ, ਤੱਤੀ ਘੁੱਟ ਨਾਲ ਸੁੜਾਕਾ ਮਾਰਨ ਵਿਚ। ਖ਼ਾਲੀ ਪਿਆਲੇ ਨੂੰ ਭਰਦਾ ਵੇਖਣ ਵਿਚ", ਮੈਂ ਕਿਹਾ।

ਅਛੋਪਲੇ ਹੀ ਚਾਹ ਨੇ ਸਾਨੂੰ ਬੋਝਲ ਹੋ ਰਹੀ ਗੱਲਬਾਤ ਵਿਚੋਂ ਬਾਹਰ ਕੱਢ ਲਿਆ ਸੀ। ਅਸੀਂ ਤੱਤੇ-ਠੰਢੇ, ਖਿੰਡੇ-ਪੁੰਡੇ 'ਹੁਣ' ਦੇ ਵੇਲੇ ਵਿਚ ਪਰਤ ਆਏ ਸੀ। ਭੁੱਲ ਗਏ ਸੀ ਭਾਰੀਆਂ ਗੱਲਾਂ; ਵੇਖਣਾ ਕੀ ਹੈ ਤੇ ਕੋਈ ਕਿਵੇਂ ਵੇਖਦਾ ਹੈ।

ਮੈਂ ਉਹਨੂੰ ਦੱਸਿਆ,"ਕੈਨੇਡਾ ਦੀ ਵਿਕਟੋਰੀਆ ਯੂਨੀਵਰਸਿਟੀ ਵਿਚ ਸਾਡਾ ਫਿਲਾਸਫੀ ਦਾ ਇਕ ਪ੍ਰੋਫ਼ੈਸਰ ਕਲਾਸ ਵਿਚ ਸਾਡੇ ਪੰਜਾਂ ਵਾਸਤੇ ਤੇ ਆਪਣੇ ਵਾਸਤੇ ਵਾਈਨ ਦੀ ਬੋਤਲ ਲੈ ਕੇ ਆਉਂਦਾ ਹੁੰਦਾ ਸੀ ਤੇ ਨਾਲ ਸੱਤ ਗਲਾਸ। ਹਫ਼ਤੇ ਵਿਚ ਇਕ ਦਿਨ ਪੜ੍ਹਾਉਂਦਾ ਸੀ। ਛੇ ਗਲਾਸਾਂ ਵਿਚ ਵਾਈਨ ਪਾ ਕੇ ਪੰਜ ਉਹ ਸਾਨੂੰ ਵਰਤਾ ਦਿੰਦਾ ਸੀ, ਛੇਵਾਂ ਆਪਣੇ ਲਈ ਰੱਖ ਲੈਂਦਾ। 'ਜੋ ਕੁਝ ਪਹਿਲਾਂ ਪੜ੍ਹਿਆ ਹੈ, ਇਕ ਘੰਟੇ ਤਕ ਭੁੱਲ ਜਾਓ, ਖ਼ਾਲੀ ਹੋ ਜਾਓ', ਉਹ ਸਾਨੂੰ ਕਹਿੰਦਾ ਤੇ ਵਾਈਨ ਸਿੱਪ ਕਰਕੇ ਆਪਣਾ ਲੈਕਚਰ ਆਰੰਭ ਕਰ ਦਿੰਦਾ। 'ਜਿੱਥੇ ਕਿਤੇ ਮੇਰੀ ਗੱਲ ਬੋਝਲ ਹੁੰਦੀ ਲੱਗੇ, ਇਕ ਸਿੱਪ ਲੈ ਲਵੋ। ਵਾਈਨ ਨਾਲ ਫਿਲਾਸਫੀ ਵਧੇਰੇ ਸਮਝ ਆਉਂਦੀ ਹੈ ਤੇ ਫਿਲਾਸਫੀ ਪੜ੍ਹਨ ਨਾਲ ਵਾਈਨ ਵਧੇਰੇ ਸੁਆਦ ਲੱਗਦੀ ਹੈ।' ਸੱਤਵਾਂ ਗਲਾਸ ਸਾਡੇ ਸਾਹਮਣੇ ਖ਼ਾਲੀ ਪਿਆ ਰਹਿੰਦਾ ਸੀ। ਇਹ ਕੀਹਦੇ ਵਾਸਤੇ ਸੀ, ਅਸੀਂ ਕਦੇ ਪੁੱਛਿਆ ਨਹੀਂ ਸੀ। ਕਦੇ ਕਦੇ ਮਹਿਸੂਸ ਕਰਦੇ ਸੀ ਜਿਵੇਂ ਸਾਡੇ ਵਿਚ ਕੋਈ ਸੱਤਵਾਂ ਜਣਾ ਵੀ ਬੈਠਾ ਹੈ ਜਾਂ ਆਉਣ ਵਾਲਾ ਹੈ"।

"ਸ਼ਾਇਦ ਉਹ ਸੱਤਵਾਂ ਮੈਂ ਹੀ ਸੀ, ਬਸ ਥੋਹੜਾ ਜਿਹਾ ਪਛੜ ਗਿਆ ਸੀ", ਮੋਖੇ ਨੇ ਕਿਹਾ।

2.

"ਏਥੇ ਧਿਆਨ ਨਾਲ ਤੁਰਨਾ, ਕਈ ਵਾਰ ਨਵੇਂ ਆਇਆਂ ਦੀ ਜੇਬ ਹਲਕੀ ਹੋ ਜਾਂਦੀ ਹੈ", ਦਲਜੀਤ ਨੇ ਆਖਿਆ। ਅਸੀਂ ਮੈਨਹਾਟਨ ਦੀਆਂ ਸੜਕਾਂ 'ਤੇ ਫਿਰ ਰਹੇ ਸੀ।

"ਨਵੇਂ ਆਏ ਦਾ ਕਿਵੇਂ ਪਤਾ ਲਗਦਾ ਹੈ"?

"ਉਹਦੀ ਤੋਰ ਤੋਂ", ਮੋਖੇ ਨੇ ਉੱਤਰ ਦਿੱਤਾ,"ਨਿਊਯਾਰਕੀਏ ਜਾਣਦੇ ਹਨ ਮਨੁੱਖ ਜਿਹੜੀ ਧਰਤੀ 'ਤੇ ਤੁਰਦਾ ਰਿਹਾ ਹੈ, ਉਹ ਛੇਤੀ ਕੀਤਿਆਂ ਪੈਰਾਂ ਤੋਂ ਲਹਿੰਦੀ ਨਹੀਂ। ਸਿੱਖਣ, ਭੁੱਲਣ ਦਾ ਬਹੁਤਾ ਕੰਮ ਸਿਰ ਵਿਚ ਹੁੰਦਾ ਹੈ, ਪੈਰ ਸਿਰ ਤੋਂ ਦੂਰ ਹਨ। ਪੰਜਾਬੀ ਦੇ ਜਿਨ੍ਹਾਂ ਲੇਖਕਾਂ ਦੇ ਪੈਰਾਂ ਨੂੰ ਕੱਚੇ ਰਾਹ ਲੱਗੇ ਹੋਏ ਹਨ ਤੇ ਉਹ ਉਨ੍ਹਾਂ ਦੇ ਲੋਪ ਹੋਣ ਦੀ ਕਥਾ ਕਹਿਣੀ ਚਾਹੁੰਦੇ ਹਨ, ਉਨ੍ਹਾਂ ਨੂੰ ਨਿਊਯਾਰਕ ਵਿਚ ਤੁਰਨ ਦੀ ਲੋੜ ਹੈ। ਤੇ ਉਨ੍ਹਾਂ ਲੇਖਕਾਂ ਨੂੰ ਵੀ ਜਿਹੜੇ ਪੱਕੇ ਰਾਹ 'ਤੇ ਦੌੜ ਰਹੇ ਮਨੁੱਖ ਦੀ ਕਥਾ ਕਹਿਣੀ ਚਾਹੁੰਦੇ ਹਨ"।

"ਮੈਨੂੰ ਲਗਦਾ ਹੈ", ਮੈਂ ਕਿਹਾ,"ਕਈ ਲੇਖਕ ਸ਼ਹਿਰ ਨੂੰ ਸਵੀਕਾਰ ਨਹੀਂ ਕਰਦੇ, ਇਸ ਕਰਕੇ ਵੇਖਦੇ ਨਹੀਂ। ਰਹਿੰਦੇ ਸ਼ਹਿਰ ਵਿਚ ਹਨ ਪਰ 'ਸ਼ਹਿਰੀਏ' ਅਖਵਾਉਣਾ ਨਹੀਂ ਚਾਹੁੰਦੇ। ਪਿੰਡ ਉਨ੍ਹਾਂ ਦਾ ਯੂਟੋਪੀਆ ਹੈ, ਸ਼ਹਿਰ ਇਹਦਾ ਉਲਟ। ਪਿੰਡ ਰੋਮਾਂਟਿਕ ਹੈ, ਕਾਵਿਕ ਹੈ, ਸ਼ਹਿਰ ਕਾਰ-ਵਿਹਾਰੀ ਤੇ ਖ਼ੁਸ਼ਕ ਵਾਰਤਕੀ।'

"ਹੁਣ ਤਾਂ ਉਹ ਰੋਮਾਂਟਿਕ ਪਿੰਡ ਵੀ ਨਹੀਂ ਰਹੇ", ਦਲਜੀਤ ਨੇ ਕਿਹਾ,"ਸ਼ਾਇਦ ਰੋਮਾਂਸ ਦਾ ਪਿੰਡ 'ਹੁੰਦਾ' ਹੀ ਨਹੀਂ। ਸੌ ਵਰ੍ਹੇ ਪਹਿਲਾਂ ਵੀ ਪੂਰਨ ਸਿੰਘ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਤੁਰ ਗਿਆ"।

"ਪਿੰਡ ਦਾ ਲੋਪ ਹੋਣਾ ਸਾਡੇ ਇਤਿਹਾਸ ਦੀ ਵੱਡੀ ਘਟਨਾ ਹੈ", ਮੈਂ ਕਿਹਾ,"ਇਹਨੇ ਪੰਜਾਬੀ ਮਨੁੱਖ ਨੂੰ ਅੱਧਾ ਸ਼ਹਿਰੀ-ਅੱਧਾ ਪੇਂਡੂ ਕਰ ਦਿੱਤਾ ਹੈ। ਉਹਦਾ ਇਕ ਪੈਰ ਪਿੰਡ ਵਿਚ ਦੂਜਾ ਸ਼ਹਿਰ ਵਿਚ ਹੈ। ਇਹ ਨਿਵੇਕਲਾ ਪਰਵਾਸ ਹੈ। ਇਹਦੀ ਟੁੱਟ-ਭੱਜ ਵਧੇਰੇ ਦੁੱਖ ਵਾਲੀ ਹੈ। ਇਸ ਦੁੱਖ ਨੂੰ ਦੱਸਣ ਵਾਲਾ ਮੁਹਾਵਰਾ ਵੀ ਨਹੀਂ ਬਣ ਸਕਿਆ। ਸ਼ਹਿਰ ਦੇ ਮਨੁੱਖ ਨੂੰ 'ਸ਼ਹਿਰੀਏ' ਕਹਿਣ ਦਾ ਇਹ ਵੀ ਕਾਰਣ ਹੈ। ਸ਼ਹਿਰ ਦਾ ਵਿਰੋਧ ਵੀ ਏਥੋਂ ਹੀ ਆਇਆ ਲੱਗਦਾ ਹੈ"।

"ਏਸੇ ਕਰਕੇ ਸ਼ਹਿਰ ਨੂੰ ਸਮਝਣਾ ਜ਼ਰੂਰੀ ਹੈ", ਦਲਜੀਤ ਨੇ ਕਿਹਾ,"ਹੁਣ ਪਿੰਡ ਨੂੰ ਪਰਤਣ ਦਾ ਕੋਈ ਰਾਹ ਨਹੀਂ ਜਾਂਦਾ। ਜੇ ਕੋਈ ਜਾਂਦਾ ਹੈ ਤਾਂ ਓਸ ਪਿੰਡ ਨਹੀਂ ਜਾਂਦਾ ਜੀਹਦੇ ਵਿਚ ਬੋਹੜ, ਪਿੱਪਲ, ਕਿੱਕਰਾਂ ਤੇ ਛੱਪੜ-ਟੋਭੇ ਹੁੰਦੇ ਸਨ ਤੇ ਲੋਕ ਸੱਥਾਂ ਵਿਚ ਬਹਿ ਕੇ ਆਲੇ-ਦੁਆਲੇ ਦੀਆਂ ਵਾਰਦਾਤਾਂ ਸੁਣਦੇ-ਸੁਣਾਉਂਦੇ ਸਨ। ਹੁਣ ਘਰਾਂ ਵਿਚ ਟੈਲੀਵਿਯਨ ਤੇ ਹੱਥਾਂ ਵਿਚ ਮੋਬਾਈਲ ਪਹੁੰਚ ਗਏ ਹਨ। ਗੱਭਰੂ ਧੂੰਹਵੇਂ ਚਾਦਰਿਆਂ ਦੀ ਥਾਂ ਪੈਂਟਾਂ ਤੇ ਸਿਆਣੇ ਪਜਾਮੇ ਪਾਉਂਦੇ ਹਨ। ਬੱਚੇ ਅੰਗਰੇਜ਼ੀ ਸਕੂਲਾਂ 'ਚ ਪੜ੍ਹਦੇ ਹਨ। ਪੜ੍ਹ ਕੇ ਉਨ੍ਹਾਂ ਨੇ ਸ਼ਹਿਰ ਵਸਣਾ ਹੈ। ਪੰਜਾਬ ਦੇ ਸ਼ਹਿਰ ਤੋਂ ਵੀ ਪਰ੍ਹਾਂ ਅਮਰੀਕਾ-ਕੈਨੇਡਾ ਜਾਂ ਬਾਹਰਲੇ ਕਿਸੇ ਹੋਰ ਦੇਸ ਵਿਚ ਜਾਣ ਦੀ ਵਾਹ ਲਾਉਣੀ ਹੈ"।

"ਸ਼ਹਿਰ ਨੂੰ ਸਮਝਣਾ ਅੱਜ ਦੇ ਬੰਦੇ ਨੂੰ ਸਮਝਣਾ ਹੈ। ਨਿਊਯਾਰਕ ਇਕ ਵੱਡੀ ਪੁਸਤਕ ਹੈ। ਦਿਨ ਰਾਤ ਖੁੱਲ੍ਹੀ ਰਹਿੰਦੀ ਹੈ। ਪੰਜਾਬ ਤੋਂ ਆਏ ਹਰ ਮਿੱਤਰ ਨੂੰ ਮੈਂ ਇਸ ਪੁਸਤਕ ਦੇ ਦਰਸ਼ਨ ਕਰਵਾਉਂਦਾ ਹਾਂ। ਵਿਰਲੇ ਹੀ ਇਹਨੂੰ ਪੜ੍ਹਨ ਦਾ ਜਤਨ ਕਰਦੇ ਹਨ। ਬਹੁਤੇ ਇਹਦਾ ਕਵਰ ਵੇਖ ਕੇ ਹੀ ਚੁੰਧਿਆਏ ਜਾਂਦੇ ਹਨ, ਸੰਮੋਹਿਤ ਹੋ ਜਾਂਦੇ ਹਨ। ਸੈਰ-ਸਪਾਟਾ ਕਰਕੇ ਪਰਤ ਜਾਂਦੇ ਹਨ"।

3.

"ਮੈਨੂੰ ਨਿਊਯਾਰਕ ਆਕਾਸ਼ ਨਾਲ ਬਿਦ ਰਿਹਾ ਦਿਸਦਾ ਹੈ", ਮੈਂ ਵਰਲਡ ਟਰੇਡ ਸੈਂਟਰ ਵੱਲ ਵੇਖਦਿਆਂ ਕਿਹਾ।

"ਤੁਸੀਂ ਸਹੀ ਹੋ। ਟਰੇਡ ਸੈਂਟਰ ਬਾਈਬਲ ਵਿਚਲਾ ਅੱਜ-ਕੱਲ੍ਹ ਦਾ 'ਬਾਬਲ ਦਾ ਬੁਰਜ' (The Tower of Babel) ਹੈ; ਦੁਨੀਆ ਉੱਤੇ ਸਰਦਾਰੀ ਦੀ ਝੰਡੀ। ਜਿੰਨਾ ਇਹ ਉੱਚਾ ਹੈ ਇਹਦਾ ਪਰਛਾਵਾਂ ਓਦੂੰ ਲੰਬਾ ਹੈ। ਇਸ ਗਲੋਬ ਵਿਚ ਕੋਈ ਵਿਰਲੀ ਥਾਂ ਹੀ ਇਹਤੋਂ ਬਚੀ ਹੋਵੇਗੀ। ਤੁਹਾਨੂੰ ਪਤਾ ਹੀ ਹੈ ਇਹ ਪਰਛਾਵਾਂ ਕੀ ਕਰਦਾ ਹੈ? ਇਹਦੀ ਇਕ ਤਸਵੀਰ ਕੱਲ੍ਹ ਨੂੰ ਆਪਾਂ ਹਾਰਲਮ ਜਾ ਕੇ ਵੇਖਾਂਗੇ"।

"ਇਹ ਬਰੌਡਵੇਅ ਹੈ", ਦਲਜੀਤ ਨੇ ਗੱਲ ਚਾਲੂ ਰੱਖੀ। ਅਸੀਂ ਥੀਏਟਰ ਡਿਸਟ੍ਰਿਕਟ ਵਿਚ ਘੁੰਮਦੇ ਏਥੇ ਆ ਗਏ ਸੀ। ਦਲਜੀਤ ਦੇ ਮਨ-ਪਸੰਦ ਲੇਖਕ ਟੀ. ਐਸ. ਈਲੀਅਟ ਦਾ 'ਬਿੱਲੀਆਂ' (Cats) ਦਾ ਸ਼ੋਅ ਚੱਲ ਰਿਹਾ ਸੀ। ਇਹ 1982 ਤੋਂ ਲਗਾਤਾਰ ਹੋ ਰਿਹਾ ਸੀ। ਦਲਜੀਤ ਨੇ ਸ਼ੋਅ ਦੇ ਵੱਡੇ ਪੋਸਟਰ ਦੇ ਸਾਹਮਣੇ ਮੇਰੀ ਤਸਵੀਰ ਖਿੱਚੀ। ਸ਼ੋਅ ਸ਼ਾਮ ਨੂੰ ਹੋਣਾ ਸੀ। ਸਾਡੇ ਕੋਲ ਟਿਕਟ ਜੋਗੇ ਪੈਸੇ ਵੀ ਨਹੀਂ ਸਨ। ਥੀਏਟਰ ਡਿਸਟ੍ਰਿਕਟ ਦੇ ਸਾਰੇ ਨਾਟ-ਘਰ ਕਮਰਸ਼ਲ ਹਨ ਤੇ ਮਹਿੰਗੇ ਹਨ। ਪੰਜਾਬ ਦੇ ਕਿਸੇ ਸ਼ਹਿਰ ਵਿਚ ਪ੍ਰੋਫ਼ੈਸ਼ਨਲ ਨਾਟ-ਘਰ ਨਹੀਂ ਬਣ ਸਕਿਆ। ਹਰਪਾਲ ਟਿਵਾਣੇ ਦਾ ਲੁਧਿਆਣੇ ਕੀਤਾ ਜਤਨ ਵੀ ਸਿਰੇ ਨਹੀਂ ਚੜ੍ਹਿਆ।

"ਨਿਊਯਾਰਕ ਨੂੰ ਸਾਹ ਕਿੱਥੋਂ ਆਉਂਦਾ ਹੈ"? ਮੈਂ ਪੁੱਛਿਆ,"ਉੱਚੀਆਂ ਇਮਾਰਤਾਂ ਵਿਚਦੀ ਆਸਮਾਨ ਟੁਕੜਿਆਂ ਵਿਚ ਦਿਸਦਾ ਹੈ। ਫੁੱਟਪਾਥਾਂ ਉੱਤੇ ਲੱਗੇ ਬਿਰਖਾਂ ਨੂੰ ਵਧਣ ਜੋਗੀ ਥਾਂ ਨਹੀਂ ਮਿਲਦੀ। ਤੁਰਦਿਆਂ ਮੋਢੇ ਨਾਲ ਮੋਢਾ ਵਜਦਾ ਹੈ। ਸੜਕਾਂ 'ਤੇ ਕਾਰਾਂ ਧੂੰਆਂ ਤੇ ਦੁਰਗੰਧ ਥੁੱਕਦੀਆਂ ਜਾਂਦੀਆਂ ਹਨ, ਹਵਾ ਨੂੰ ਰਾਹ ਭਾਲਣਾ ਪੈਂਦਾ ਹੈ"।

"ਏਸ ਪ੍ਰਸ਼ਨ ਦੇ ਉੱਤਰ ਵੱਲ ਆਪਾਂ ਜਾ ਰਹੇ ਹਾਂ", ਦਲਜੀਤ ਨੇ ਕਿਹਾ। ਥੋੜ੍ਹੇ ਚਿਰ ਪਿੱਛੋਂ ਅਸੀਂ ਸੰਘਣੇ ਲੰਮੇ ਬਿਰਖਾਂ ਵਿਚ ਪਹੁੰਚ ਗਏ।

"ਇਹ ਸੈਂਟਰਲ ਪਾਰਕ ਹੈ, ਨਿਊਯਾਰਕ ਦੇ ਫੇਫੜੇ। ਏਸ ਬੈਂਚ ਉੱਤੇ", ਉਹ ਤੁਰਦਿਆਂ ਰੁਕਿਆ,"ਕਦੇ ਇਕ ਕਵੀ ਬੈਠਦਾ ਹੁੰਦਾ ਸੀ। ਜੇ ਕੋਈ ਕੋਲ ਦੀ ਲੰਘਦਾ ਕਹਿੰਦਾ, 'ਮੇਰੀ ਕਵਿਤਾ ਬਣਾ'। ਕਵੀ ਦੀਆਂ ਟਾਈਪ-ਰਾਈਟਰ 'ਤੇ ਉਂਗਲਾਂ ਚੱਲਣ ਲੱਗ ਪੈਂਦੀਆਂ। ਕਵਿਤਾ ਬਣਦੀ, ਉਹ ਉੱਚੀ ਪੜ੍ਹਕੇ ਸੁਣਾਉਂਦਾ ਤੇ ਉਹਨੂੰ ਦੇ ਦਿੰਦਾ। ਘਾਹ ਦੇ ਪੱਤਿਆਂ ਵਾਲਾ ਕਵੀ ਵਾਲਟ ਵਿਟਮੈਨ ਵੀ ਏਨ੍ਹਾਂ ਦਰਖ਼ਤਾਂ ਨਾਲ ਗੱਲਾਂ ਕਰਨ ਆਉਂਦਾ ਸੀ"।

"ਮੈਨੂੰ ਵਿਹਲਾ ਹੋ ਲੈਣ ਦਿਓ, ਫੇਰ ਆਪਾਂ ਏਥੇ ਬਹਿ ਕੇ ਕਵਿਤਾ ਲਿਖਾਂਗੇ। ਕਵਿਤਾ ਕਰਕੇ ਹੀ ਨਿਊਯਾਰਕ ਬਚਿਆ ਹੋਇਆ ਹੈ"।

ਦਲਜੀਤ ਨੇ ਆਉਣ ਵਾਲੇ ਵਰ੍ਹੇ ਵਿਹਲਾ ਹੋ ਜਾਣਾ ਸੀ। ਉਹਨੂੰ ਉਹ ਵਿਹਲ ਨਹੀਂ ਮਿਲੀ। ਵਿਹਲਾ ਹੋਣ ਤੋਂ ਪਹਿਲਾਂ ਹੀ ਵਿਦਾ ਹੋ ਗਿਆ। ਹੁਣ ਜਦ ਕਦੇ ਮੈਂ ਸੈਂਟਰਲ ਪਾਰਕ ਜਾਂਦਾ ਹਾਂ, ਉਸ ਬੈਂਚ 'ਤੇ ਬਹਿ ਕੇ ਅੱਗੇ-ਪਿੱਛੇ ਉਹਨੂੰ ਵੇਖਦਾ ਹਾਂ। ਹੱਥ ਵਿਚ ਕਾਗਦ ਤੇ ਕਲਮ ਹੁੰਦੀ ਹੈ...।

•